ਸਚਿੱਤਰ ਜੀਵਨ

ਬਾਬਾ ਦੀਪ ਸਿੰਘ ਜੀ ਸ਼ਹੀਦ
ਬਾਬਾ ਬੰਦਾ ਸਿੰਘ ਜੀ ਬਹਾਦਰ
ਭਾਈ ਮਨੀ ਸਿੰਘ ਜੀ ਸ਼ਹੀਦ



ਡਾ. ਅਜੀਤ ਸਿੰਘ 'ਔਲਖ'

ਸਚਿੱਤਰ ਜੀਵਨ ਸਾਖੀਆਂ

ਬਾਬਾ ਦੀਪ ਸਿੰਘ ਜੀ ਸ਼ਹੀਦ
ਬਾਬਾ ਬੰਦਾ ਸਿੰਘ ਜੀ ਬਹਾਦਰ
ਭਾਈ ਮਨੀ ਸਿੰਘ ਜੀ ਸ਼ਹੀਦ

ਡਾ. ਅਜੀਤ ਸਿੰਘ ਔਲਖ

ਪ੍ਰਕਾਸ਼ਕ-
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ।

ISBN 978-93-81041-11-6
ਸੋਧੀ ਹੋਈ ਐਡੀਸ਼ਨ ਜਨਵਰੀ 2011
ਭੇਟਾ : 120-00

ਪ੍ਰਕਾਸ਼ਕ:
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫ਼ੋਨ: 91-183-2542346, 2547974, 5011003
ਫੈਕਸ : 91-183-5017488
E-Mail : csjssales@hotmail.com csjspurchase@yahoo.com
csjsexports@vsnl.com
Visit our Website : www.csjs.com

Printed in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 98765-56000, 98766-66000

ਬਾਬਾ ਦੀਪ ਸਿੰਘ ਜੀ ਸ਼ਹੀਦ

ਜਨਮ


ਬਾਬਾ ਜੀ ਦਾ ਜਨਮ, ਪਿਤਾ ਭਾਈ ਭਗਤੂ ਅਤੇ ਮਾਤਾ ਜੀਊਣੀ ਦੇ ਘਰ 26 ਜਨਵਰੀ 1682 ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਆਪ ਮਾਂ ਪਿਉ ਦੇ ਇਕਲੌਤੇ ਪੁੱਤਰ ਸਨ। ਆਪ ਜੀ ਦੇ ਜਨਮ ਬਾਰੇ ਕਈ ਸਾਖੀਆਂ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਭਾਈ ਭਗਤੂ ਅਤੇ ਮਾਤਾ ਜੀਊਣੀ ਦੇ ਵਿਆਹ ਨੂੰ ਪੰਦਰਾਂ ਸਾਲ ਬੀਤ ਜਾਣ ਦੇ ਬਾਅਦ ਵੀ ਕੋਈ ਔਲਾਦ ਨਹੀਂ ਸੀ ਹੋਈ। ਆਪ ਦੋਵੇਂ ਜੀਅ ਗੁਰਮੁਖ ਸਿੱਖ ਸਨ। ਇਸ ਲਈ ਉਹ ਕੇਵਲ ਗੁਰੂ ਤੇਗ਼ ਬਹਾਦਰ ਜੀ ਅਤੇ ਉਨ੍ਹਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨੂੰ ਹੀ ਮੰਨਦੇ ਸਨ। ਗੁਰਸਿੱਖ ਹੋਣ ਕਰਕੇ ਉਹ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ ਹੀ ਖ਼ੁਸ਼ ਸਨ। ਇਸ ਲਈ ਉਹ ਮੜ੍ਹੀਆਂ, ਮਸਾਣਾਂ, ਕਬਰਾਂ ਅਤੇ ਧਾਗੇ ਤਵੀਜ਼ਾਂ ਵਾਲੇ ਸਾਧਾਂ ਫ਼ਕੀਰਾਂ ਨੂੰ ਨਹੀਂ ਸਨ ਮੰਨਦੇ। ਪਰ ਵਧੇਰੀ ਉਮਰ ਹੋਣ ਕਰਕੇ ਇਹ ਚਿੰਤਾ ਜ਼ਰੂਰ ਕਰਦੇ ਸਨ ਕਿ ਉਨ੍ਹਾਂ ਦੀ ਕੁਲ ਅੱਗੇ ਕਿਵੇਂ ਚਲੇਗੀ।

ਉਨ੍ਹਾਂ ਪਾਸ ਕਾਫ਼ੀ ਜ਼ਮੀਨ ਸੀ, ਜਿਸ ਕਰਕੇ ਕਿਸੇ ਗੱਲ ਦੀ ਤੋਟ ਨਹੀਂ ਸੀ। ਗਾਈਆਂ, ਮੱਝਾਂ ਵਾਧੂ ਰੱਖਣ ਕਰਕੇ ਦੁੱਧ ਘਿਉ ਦੀ ਕੋਈ ਘਾਟ ਨਹੀਂ ਸੀ। ਉਨ੍ਹਾਂ ਦਾ ਆਪਣਾ ਇਕੱਲਿਆਂ ਦਾ ਖੂਹ ਸੀ ਅਤੇ ਖੂਹ ਦੇ ਲਾਗੇ ਆਰਾਮ ਕਰਨ ਵਾਸਤੇ ਉਨ੍ਹਾਂ ਨੇ ਕਾਨਿਆਂ ਦੀ ਇਕ ਵਧੀਆ ਛੰਨ ਵੀ ਬਣਾਈ ਹੋਈ ਸੀ। ਛੰਨ ਦੇ ਸੱਜੇ ਪਾਸੇ ਲੱਕੜ ਦਾ ਖੂਹ ਸੀ ਅਤੇ ਉਸ ਦੇ ਖੱਬੇ ਪਾਸੇ ਇਕ ਲੱਕੜ ਦਾ ਵੇਲਣਾ ਗੱਡਿਆ ਹੋਇਆ ਸੀ। ਸਿਆਲ ਦੇ ਦਿਨਾਂ ਵਿਚ ਉਹ ਵੇਲਣਾ ਵਾਹ ਕੇ ਗੁੜ ਬਣਾਇਆ ਕਰਦੇ ਸਨ। ਕਈ ਵਾਰ ਰਾਤ ਗੁੜ ਬਣਾਉਂਦਿਆਂ ਦੇਰ ਹੋ ਜਾਂਦੀ ਤਾਂ ਭਾਈ ਭਗਤੂ ਤੇ ਉਨ੍ਹਾਂ ਦਾ ਕਾਮਾਂ ਉਸ ਛੰਨ ਵਿਚ ਹੀ ਰਾਤ ਕੱਟ ਲੈਂਦੇ। ਸਵੇਰੇ ਉੱਠ ਕੇ ਕਾਮਾਂ ਪੱਠੇ ਵੱਢ ਕੇ ਗੱਡੇ ਉਤੇ ਰੱਖ ਕੇ ਪਿੰਡ ਨੂੰ ਲੈ ਜਾਂਦਾ। ਮੱਝਾਂ ਨੂੰ ਪੱਠੇ ਪਾ ਕੇ ਰੋਟੀ ਪਾਣੀ ਛੱਕ ਕੇ ਗੱਡਾ ਜੋੜ ਕੇ ਉਹ ਫਿਰ ਵਾਪਿਸ ਆ ਜਾਂਦਾ।

ਇਕ ਦਿਨ ਭਾਈ ਭਗਤੂ ਛੰਨ ਦੇ ਬਾਹਰ ਧੁੱਪੇ ਬੈਠਾ ਸੀ। ਵੇਲਣੇ ਦੇ ਲਾਗੇ ਛਿੱਲੇ ਹੋਏ ਗੰਨਿਆਂ ਦੀ ਪੰਡ ਪਈ ਸੀ ਤੇ ਨੌਕਰ ਦੇ ਨਾ ਆਉਣ ਕਰਕੇ ਉਹ ਉਸਦੀ ਇੰਤਜ਼ਾਰ ਕਰ ਰਿਹਾ ਸੀ। ਪਰ ਦਿਲ ਵਿਚ ਉਹ ਬੜੀਆਂ ਡੂੰਗੀਆਂ ਸੋਚਾਂ ਵਿਚ ਡੁੱਬਾ ਸੀ ਕਿ ਜੇ ਉਸ ਦੇ ਘਰ ਵੀ ਪੁੱਤ ਹੁੰਦੇ ਤਾਂ ਉਸਨੂੰ ਇਨ੍ਹਾਂ ਕਾਮਿਆਂ 'ਤੇ ਕਿਉਂ ਨਿਰਭਰ ਰਹਿਣਾ ਪੈਣਾ ਸੀ। ਉਹ ਸੋਚਾਂ ਵਿਚ ਗਲਤਾਨ ਹੀ ਸੀ ਕਿ ਇਕ ਸਫ਼ੇਦ ਦਾੜ੍ਹੇ ਵਾਲੇ ਗੁਰਸਿੱਖ ਨੇ ਉਨ੍ਹਾਂ ਨੂੰ ਆ ਕੇ ਬੜੇ ਸਤਿਕਾਰ ਨਾਲ ਪਰਿਣਾਮ ਕੀਤਾ ਅਤੇ ਕਹਿਣ ਲੱਗਾ, "ਮਹਾਂ ਪੁਰਸ਼ੋ! ਲੱਗਦੇ ਤਾਂ ਸਤਿਗੁਰਾਂ ਦੇ ਸਿੱਖ ਹੋ, ਪਰ ਚਿਹਰੇ 'ਤੇ ਤਾਂ ਬੜੀ ਉਦਾਸੀ ਛਾਈ ਹੋਈ ਹੈ।" ਭਾਈ ਭਗਤੂ ਸੰਤ ਜੀ ਨੂੰ ਵੇਖ ਕੇ ਹੈਰਾਨ ਰਹਿ ਗਿਆ। ਉਹ ਇਕ ਦਮ ਉਠਿਆ ਅਤੇ ਸੰਤਾਂ ਨੂੰ ਪਰਿਣਾਮ ਕਰਕੇ ਕਹਿਣ ਲਗਾ, "ਧੰਨ ਭਾਗ ਸਾਡੇ, ਅੱਜ ਸਵੇਰੇ ਸਵੇਰ ਹੀ ਸੰਤਾਂ ਨੇ ਦਰਸ਼ਨ ਦਿੱਤੇ ਹਨ।" ਉਸ ਛੰਨ ਵਿਚੋਂ ਇਕ ਖੇਸ ਲਿਆਂਦਾ ਅਤੇ ਥੜੇ ਉਤੇ ਵਿਛਾ ਕੇ ਸੰਤਾਂ ਨੂੰ ਬੈਠਣ ਦੀ ਬੇਨਤੀ ਕੀਤੀ। ਸੰਤ ਜੀ ਵੀ ਬੜੇ ਪਿਆਰ ਨਾਲ ਖੇਸ ਉਤੇ ਬੈਠ ਗਏ।

ਓਨੇ ਚਿਰ ਨੂੰ ਮਾਤਾ ਜੀਊਣੀ ਰੋਟੀਆਂ, ਦਹੀਂ ਅਤੇ ਲੱਸੀ ਲੈ ਕੇ ਪੁੱਜ ਗਈ। ਸੰਤ ਜੀ ਨੂੰ ਬੈਠੇ ਵੇਖ ਕੇ ਉਹ ਬਹੁਤ ਪ੍ਰਸੰਨ ਹੋਈ ਅਤੇ ਲੱਸੀ ਦਾ ਗੜਵਾ ਅਤੇ ਰੋਟੀਆਂ ਟਿਕਾਣੇ ਰੱਖ ਕੇ, ਉਸ ਸੰਤ ਜੀ ਨੂੰ ਮੱਥਾ ਟੇਕਿਆ। ਸੰਤ ਜੀ ਨੂੰ ਉਨ੍ਹਾਂ ਪ੍ਰਸ਼ਾਦੇ ਛਕਣ ਦੀ ਬੇਨਤੀ ਕੀਤੀ। ਸੰਤ ਜੀ ਨੇ ਕੋਈ ਟਾਲ ਮਟੋਲ ਨਾ ਕੀਤਾ ਅਤੇ ਸਪੱਸ਼ਟ ਹੀ ਕਹਿ ਦਿੱਤਾ, "ਪ੍ਰਸ਼ਾਦੇ ਛਕਣ ਹੀ ਤਾਂ ਏਥੇ ਆਇਆ ਹਾਂ, ਬੜੀ ਭੁੱਖ ਲੱਗੀ ਸੀ।" ਮਾਤਾ ਜੀਊਣੀ ਬਹੁਤ ਪ੍ਰਸੰਨ ਹੋਈ। ਉਸ ਨੂੰ ਇੰਝ ਲੱਗਾ ਜਿਵੇਂ ਰੱਬ ਹੀ ਮਨੁੱਖੀ ਭੇਸ ਵਿਚ ਉਨ੍ਹਾਂ ਦੇ ਖੂਹ 'ਤੇ ਆ

ਗਿਆ ਹੋਵੇ। ਉਹ ਥਾਲੀ ਤਾਂ ਕੋਈ ਲਿਆਈ ਨਹੀਂ ਸੀ, ਇਸ ਲਈ ਮੱਕੀ ਦੀ ਰੋਟੀਆਂ 'ਤੇ ਸਾਗ ਪਾ ਕੇ ਅਤੇ ਉਤੇ ਮਖਣ ਰੱਖ ਕੇ ਉਸ ਸੰਤ ਜੀ ਦੇ ਹੱਥਾਂ ਉਤੇ ਰਖ ਦਿੱਤੀਆਂ। ਫਿਰ ਦਹੀਂ ਦਾ ਕੌਲ ਤੇ ਲੱਸੀ ਦਾ ਛੰਨਾ ਭਰ ਕੇ ਅੱਗੇ ਟਿਕਾ ਦਿੱਤਾ। ਸੰਤ ਬੜੇ ਪਿਆਰ ਨਾਲ ਰੋਟੀ ਖਾਈ ਗਏ ਅਤੇ ਵਿਚ ਵਿਚ ਕੁਝ ਗੱਲਾਂ ਵੀ ਕਰੀ ਗਏ। ਉਹ ਕਹਿਣ ਲੱਗੇ "ਕੀ ਗੱਲ ਹਾਲੇ ਤਕ ਵੇਲਣਾ ਨਹੀਂ ਜੁੱਤਾ।" ਭਾਈ ਭਗਤੂ ਨੇ ਦੱਸਿਆ ਕਿ ਨੌਕਰ ਹਾਲੇ ਪਿੰਡੋਂ ਆਇਆ ਨਹੀਂ, ਜਦ ਆਵੇਗਾ ਤਾਂ ਫਿਰ ਕੰਮ ਚਲਾਵਾਂਗੇ। ਸੰਤ ਜੀ ਫਿਰ ਖੂਹ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ, "ਬੱਚੇ ਕਿਥੇ ਗਏ ਹਨ, ਖੂਹ 'ਤੇ ਕੋਈ ਰੌਣਕ ਨਹੀਂ ਦਿੱਸਦੀ।" ਮਾਤਾ ਜੀਊਣੀ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ, ਬੜੇ ਉਦਾਸ ਲਹਿਜੇ ਵਿਚ ਉਹ ਬੋਲੀ, "ਪੰਦਰਾਂ ਸਾਲ ਵਿਆਹ ਨੂੰ ਹੋ ਗਏ, ਪ੍ਰਭੂ ਨੇ ਹਾਲੇ ਪੁੱਤਰ ਦੀ ਦਾਤ ਨਹੀਂ ਬਖ਼ਸ਼ੀ।" ਇਹ ਗੱਲ ਸੁਣ ਸੰਤ ਜੀ ਹੱਸ ਕੇ ਬੋਲੇ, "ਇਸ ਵਿਚ ਉਦਾਸ ਹੋਣ ਦੀ ਕੀ ਲੋੜ ਹੈ। ਗੁਰਸਿੱਖ ਸਦਾ ਪ੍ਰਭੂ ਦੇ ਭਾਣੇ ਵਿਚ ਰਹਿੰਦੇ ਹਨ। ਪ੍ਰਭੂ ਦੇ ਘਰ ਕੋਈ ਘਾਟ ਨਹੀਂ, ਤੁਹਾਡੇ ਘਰ ਵੀ ਇਕ ਅਜਿਹਾ ਪੁੱਤਰ ਪੈਦਾ ਹੋਵੇਗਾ ਜਿਹੜਾ ਇਕ ਬੜਾ ਵੱਡਾ ਸੂਰਬੀਰ ਜੋਧਾ ਅਤੇ ਵਿਦਵਾਨ ਹੋਵੇਗਾ। ਉਹ ਤੁਹਾਡੀ ਕੁਲ ਦਾ ਨਾਂ ਰਹਿੰਦੀ ਦੁਨੀਆਂ ਤਕ ਸੁਰਜੀਤ ਰਖੇਗਾ।" ਕਾਮੇ ਦੇ ਪੁਜ ਜਾਣ ਉਤੇ ਉਹ ਵੇਲਣਾ ਜੋਣ ਹੀ ਲੱਗੇ ਸਨ ਕਿ ਸੰਤ ਜੀ ਅਲੋਪ ਹੋ ਗਏ। ਅਗਲੇ ਸਾਲ ਉਨ੍ਹਾਂ ਦੇ ਘਰ ਪ੍ਰਭੂ ਨੇ ਇਕ ਪੁੱਤਰ ਦੀ ਦਾਤ ਬਖ਼ਸ਼ੀ, ਜਿਸ ਦਾ ਨਾਂ ਉਨ੍ਹਾਂ 'ਦੀਪ' ਰਖਿਆ।



ਯਾਤਰਾ ਅਨੰਦਪੁਰ ਸਾਹਿਬ

ਪੁੱਤਰ ਦੀ ਦਾਤ ਮਿਲਣ ਉਤੇ ਭਾਈ ਭਗਤੂ ਅਤੇ ਮਾਤਾ ਜੀਊਣੀ ਪ੍ਰਸੰਨ ਹੋ ਗਏ। ਉਨ੍ਹਾਂ ਆਪਣੇ ਸੱਚੇ ਪਾਤਸ਼ਾਹ ਦਾ ਲੱਖ-ਲੱਖ ਧੰਨਵਾਦ ਕੀਤਾ। ਘਰ ਵਿਚ ਮੱਝਾਂ ਲਵੇਰੀਆਂ ਸਨ, ਅੰਨ ਪਾਣੀ ਦੀ ਕੋਈ ਤੋਟ ਨਹੀਂ ਸੀ, ਇਸ ਲਈ ਦੀਪ ਛੇਤੀ ਜਵਾਨ ਹੋ ਗਿਆ। ਉਹ ਪੰਜ ਸਾਲ ਦੀ ਉਮਰ ਤੋਂ ਹੀ ਆਪਣੇ ਪਿਤਾ ਜੀ ਨਾਲ ਕੰਮ ਕਾਜ ਵਿਚ ਹੱਥ ਵਟਾਉਣ ਲੱਗ ਗਿਆ। ਜਦ ਉਹ ਦਸ ਬਾਰਾਂ ਸਾਲ ਦਾ ਹੋਇਆ ਤਾਂ ਸਰੀਰ ਦਾ ਬੜਾ ਨਰੋਆ ਅਤੇ ਤੰਦਰੁਸਤ ਹੋਣ ਕਰਕੇ ਕਬੱਡੀ ਖੇਡਦਾ ਅਤੇ ਕੁਸ਼ਤੀਆਂ ਲੜਦਾ। ਉਸ ਦੇ ਹਾਣ ਦੇ ਬੱਚੇ, ਉਸ ਨੂੰ ਆਪਣਾ ਲੀਡਰ ਮੰਨਦੇ ਸਨ। ਪਰ ਘਰ ਦੇ ਕੰਮ ਕਾਜ ਵਿਚ ਵੀ ਢਿੱਲ ਨਹੀਂ ਸੀ ਆਉਣ ਦਿੰਦਾ। ਹੁਣ ਆਪ ਹਲ ਵਾਹੁੰਦਾ ਅਤੇ ਖੂਹ ਤੋਂ ਖੇਤਾਂ ਨੂੰ ਪਾਣੀ ਲਾਉਂਦਾ ਅਤੇ ਵੇਲਣੇ 'ਤੇ ਕਮਾਦ ਪੀੜਦਾ। ਭਾਈ ਭਗਤੂ ਨੂੰ ਕਾਮਾਂ ਰਖਣ ਦੀ ਵੀ ਲੋੜ ਨਹੀਂ ਸੀ, ਪਰ ਆਪਣੇ ਇਕਲੌਤੇ ਪੁੱਤਰ ਪਾਸੋਂ ਉਹ ਬਹੁਤਾ ਕੰਮ ਲੈਣਾ ਨਹੀਂ ਸਨ ਚਾਹੁੰਦੇ। ਉਹ ਉਸ ਨੂੰ ਗੁਰੂ ਘਰ ਨਾਲ ਜੋੜਨਾ ਚਾਹੁੰਦੇ ਸਨ, ਇਸ ਲਈ ਜਿੰਨੀ ਵੀ ਬਾਣੀ ਉਸ ਨੂੰ ਜ਼ਬਾਨੀ ਯਾਦ ਸੀ ਉਹ ਦੀਪ ਨੂੰ ਸੁਣਾਉਂਦੇ ਅਤੇ ਕੰਠ ਕਰਵਾਉਂਦੇ ਰਹਿੰਦੇ। ਇਸ ਤਰ੍ਹਾਂ ਦੀਪ ਵਿਚ ਗੁਰੂ ਪਿਆਰ ਦੀ ਤਾਂਘ ਵਧਦੀ ਗਈ। ਉਸ ਸਮੇਂ ਹੀ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕੀਤੀ। ਉਨ੍ਹਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਬਾਅਦ ਆਪ ਉਨ੍ਹਾਂ ਪਾਸੋਂ ਛਕਿਆ ਅਤੇ ਬਾਅਦ ਹਜ਼ਾਰਾਂ ਸਿੱਖਾਂ ਨੂੰ ਅੰਮ੍ਰਿਤ ਛਕਾਇਆ। ਖਾਲਸੇ ਦੇ ਸਾਜਨਾ ਦੀ ਖ਼ਬਰ ਸਾਰੇ ਭਾਰਤ ਵਿਚ ਫੈਲ ਗਈ। ਹਾਕਮ ਅਤੇ ਰਜਵਾੜੇ ਉਦਾਸ ਹੋ ਗਏ। ਉਨ੍ਹਾਂ ਨੂੰ ਪਤਾ ਲੱਗਾ ਕਿ ਹੁਣ ਛੋਟੀਆਂ ਜਾਤੀਆਂ ਦੇ ਲੋਕ, ਜਿਹੜੇ ਸਦੀਆਂ ਤੋਂ ਉਨ੍ਹਾਂ ਦੀ ਸੇਵਾ ਕਰਦੇ ਆਏ ਸਨ, ਹੁਣ ਉਨ੍ਹਾਂ ਦੇ ਸਨਮੁਖ ਹੋ ਕੇ ਤਲਵਾਰ ਚਲਾਉਣਗੇ। ਇਹ ਖ਼ਬਰ ਪਹੂਵਿੰਡ ਵੀ ਪਹੁੰਚ ਗਈ। ਦੀਪ ਨੇ ਵੀ ਖ਼ਬਰ ਨੂੰ ਸੁਣਿਆ ਤਾਂ ਖ਼ੁਸ਼ੀ ਵਿਚ ਨੱਚ ਉੱਠਿਆ। ਉਸ ਸਾਰੀ ਗੱਲ ਆਪਣੇ ਮਾਤਾ ਪਿਤਾ ਨੂੰ ਦੱਸੀ। ਉਹ ਕਹਿਣ ਲੱਗਾ, "ਗੁਰੂ ਜੀ ਨੇ ਇਕ ਅਲੌਕਿਕ ਖਾਲਸਾ ਪੈਦਾ ਕੀਤਾ ਹੈ। ਉਹ ਜਿਸ ਨੂੰ ਵੀ ਅੰਮ੍ਰਿਤ ਛਕਾਉਂਦੇ ਹਨ ਉਹ ਬਕਰੀ ਤੋਂ ਸ਼ੇਰ ਬਣ ਜਾਂਦਾ ਹੈ। ਸਾਡੇ ਪਿੰਡ ਦੇ ਕੁਝ ਲੋਕ ਇਸ ਵਿਸਾਖੀ 'ਤੇ ਅਨੰਦਪੁਰ ਸਾਹਿਬ ਅੰਮ੍ਰਿਤ ਛਕਣ ਜਾ ਰਹੇ ਹਨ, ਸਾਨੂੰ ਵੀ ਜ਼ਰੂਰ ਜਾਣਾ ਚਾਹੀਦਾ ਹੈ।" ਦੀਪ ਦੇ ਮਾਤਾ ਪਿਤਾ ਉਸ ਦੀ ਗੱਲ ਸੁਣ ਕੇ ਬਹੁਤ ਖ਼ੁਸ਼ ਹੋਏ। ਭਾਈ ਭਗਤੂ ਕਹਿਣ ਲੱਗਾ, "ਸਾਨੂੰ ਕਾਫ਼ੀ ਚਿਰ ਹੋ ਗਿਆ ਗੁਰੂ ਦੇ ਦਰਸ਼ਨ ਕੀਤਿਆਂ ਨੂੰ, ਅਸੀਂ ਤਾਂ ਕਈ ਸਾਲਾਂ ਦਾ ਦਸਵੰਧ ਵੀ ਨਹੀਂ ਭੇਜਿਆ। ਇਸ ਲਈ ਆਪਣਾ ਗੱਡਾ ਨਾਲ ਲੈ ਚਲਦੇ ਹਾਂ ਤੇ ਉਸ ਉਤੇ ਕਣਕ ਦੀਆਂ ਬੋਰੀਆਂ, ਗੁੜ ਅਤੇ ਘਿਉ ਆਦਿ ਰਖ ਲਵਾਂਗੇ। ਕੁਝ ਬਜ਼ੁਰਗ ਔਰਤਾਂ ਵੀ ਉੱਤੇ ਬੈਠ ਜਾਣਗੀਆਂ। ਤੂੰ ਆਪਣਾ ਘੋੜਾ ਨਾਲ ਲੈ ਲਵੀਂ। ਦੀਪ ਆਪਣੇ ਬਾਪੂ ਦੀ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਹ ਉਸੇ ਵੇਲੇ ਹੀ ਆਪਣੇ ਯਾਰਾਂ ਦੋਸਤਾਂ ਨੂੰ ਅਨੰਦਪੁਰ ਦੀ ਯਾਤਰਾ ਬਾਰੇ ਦੱਸਣ ਚਲਾ ਗਿਆ।

ਉਸ ਸਮੇਂ ਦੀਪ ਦੀ ਉਮਰ ਅਠਾਰਾਂ ਸਾਲ ਦੇ ਲਗਪਗ ਸੀ। ਉਹ ਬੜਾ ਗਠੀਲਾ ਮੁਛ ਫੁੱਟ ਜਵਾਨ ਸੀ। ਉਸ ਦੇ ਲੰਮੇ ਉੱਚੇ ਕਦ, ਚੌੜੀ ਛਾਤੀ ਅਤੇ ਕਮਾਏ ਹੋਏ ਸਰੀਰ ਨੂੰ ਵੇਖ ਕੇ ਲੋਕ ਵੇਖਦੇ ਹੀ ਰਹਿ ਜਾਂਦੇ ਸਨ।

ਆਪਣੇ ਘਰ ਦੀ ਜ਼ਿੰਮੇਵਾਰੀ ਉਨ੍ਹਾਂ ਗਵਾਂਢੀਆਂ ਦੇ ਜ਼ਿੰਮੇ ਲਾਈ ਅਤੇ ਕੰਮ-ਕਾਜ ਲਈ ਦੋ ਨੌਕਰ ਰੱਖ ਦਿੱਤੇ। ਉਨ੍ਹਾਂ ਨੌਕਰਾਂ ਨੂੰ ਅਗੇਤਰਾ ਹੀ ਦਾਣਾ ਫੱਕਾ ਦੇ ਕੇ ਖ਼ੁਸ਼ ਕਰ ਦਿੱਤਾ।

ਕੁਝ ਦਿਨਾਂ ਬਾਅਦ ਹੀ ਤਿਆਰੀਆਂ ਆਰੰਭ ਹੋ ਗਈਆਂ। ਆਪਣੇ ਗੱਡੇ ਨੂੰ ਉਨ੍ਹਾਂ ਤਰਖਾਣ ਪਾਸੋਂ ਠੀਕ ਠਾਕ ਕਰਵਾਇਆ ਅਤੇ ਚਕਿਆਂ ਨੂੰ ਤੇਲ ਦਿੱਤਾ। ਫਿਰ ਗੱਡੇ ਉਤੇ ਕਣਕ ਦੀਆਂ ਬੋਰੀਆਂ, ਗੁੜ, ਘਿਉ ਆਦਿ ਲੱਦ ਲਿਆ। ਕੁਝ ਕਪੜੇ ਨਾਲ ਰੱਖ ਲਏ। ਅੰਮ੍ਰਿਤ ਛਕਣ ਬਾਰੇ ਉਨ੍ਹਾਂ ਨੂੰ ਸੰਗਤਾਂ ਨੇ ਦੱਸਿਆ ਸੀ ਕਿ ਦੋ ਕਛਹਿਰੇ, ਇਕ ਕਿਰਪਾਨ, ਇਕ ਕੰਘਾ, ਇਕ ਕੜਾ ਅਤੇ ਸਿਰ 'ਤੇ ਦਸਤਾਰ ਸਜਾਈ ਹੋਣੀ ਚਾਹੀਦੀ ਹੈ। ਵਾਲ ਅਤੇ ਰੋਮ ਕੱਟਣ ਦੀ ਬਿਲਕੁਲ ਮਨਾਹੀ ਹੈ। ਭਾਈ ਭਗਤੂ ਨੇ ਦੀਪ ਦੇ ਵਾਲ ਤਾਂ ਸ਼ੁਰੂ ਤੋਂ ਹੀ ਨਹੀਂ ਕੱਟੇ ਸਨ, ਇਸ ਲਈ ਉਹ ਸਿਰ 'ਤੇ ਜੂੜਾ ਕਰਦਾ ਸੀ। ਜਦ ਸਭ ਤਿਆਰੀਆਂ ਹੋ ਗਈਆਂ ਤਾਂ ਮਾਤਾ ਜੀਊਣੀ ਅਤੇ ਉਸ ਦੀਆਂ ਕੁਝ ਸਾਥਣਾਂ ਗੱਡੇ ਉਤੇ ਬੈਠ ਗਈਆਂ। ਭਾਈ ਭਗਤੂ ਗੱਡਾ ਹਿਕਣ ਲੱਗ ਗਿਆ, ਦੀਪ ਅਤੇ ਉਸ ਦੇ ਕੁਝ ਸਾਥੀ ਘੋੜਿਆਂ ਉਤੇ ਚੜ੍ਹੇ ਨਾਲ ਤੁਰ ਪਏ। ਉਨ੍ਹਾਂ ਸਾਰਿਆਂ ਪਾਸ ਕਿਰਪਾਨਾਂ ਅਤੇ ਨੇਜੇ ਵੀ ਸਨ। ਦਰਿਆ ਬਿਆਸ ਦਾ ਪਤਣ ਪਾਰ ਕਰ ਕੇ ਉਹ ਦੁਆਬੇ ਵਿਚ ਪਹੁੰਚ ਗਏ। ਓਥੇ ਕੁਝ ਦੇਰ ਆਰਾਮ ਕਰਕੇ ਅੰਨ ਪਾਣੀ ਛਕਿਆ ਅਤੇ ਫਿਰ ਚੱਲ ਪਏ। ਉਹ ਹੌਲੀ-ਹੌਲੀ ਆਪਣੀ ਚਾਲੇ ਚਲਦੇ ਪੰਜਵੇਂ ਦਿਨ ਅਨੰਦਪੁਰ ਸਾਹਿਬ ਪਹੁੰਚ ਗਏ।

ਸਭ ਤੋਂ ਪਹਿਲਾਂ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਗਏ ਅਤੇ ਮੱਥਾ ਟੇਕਿਆ। ਦੀਪ ਜਦ ਗੁਰੂ ਜੀ ਨੂੰ ਮੱਥਾ ਟੇਕਣ ਗਿਆ ਤਾਂ ਉਹ ਕਾਫ਼ੀ ਸਮਾਂ ਗੁਰੂ ਜੀ ਵਲ ਇਕ ਟਕ ਵੇਖਦਾ ਰਿਹਾ। ਗੁਰੂ ਜੀ ਮੁਸਕਰਾਏ ਅਤੇ ਕਹਿਣ ਲੱਗੇ, "ਗੁਰਮੁਖਾ ਕੀ ਨਾਂ ਏ ਤੇਰਾ।" ਅਗੋਂ ਬੜੀ ਨਿਮਰਤਾ ਵਿਚ ਆਵਾਜ਼ ਆਈ, "ਸੱਚੇ ਪਾਤਸ਼ਾਹੋ, ਦੀਪ।"



ਗੁਰੂ ਜੀ ਦੀ ਸੇਵਾ ਵਿਚ

ਵਿਸਾਖੀ ਤੋਂ ਇਕ ਦਿਨ ਪਹਿਲਾਂ ਹੀ ਐਲਾਨ ਕਰ ਦਿੱਤਾ ਗਿਆ ਕਿ ਜਿਸ ਸਿੱਖ ਨੇ ਅੰਮ੍ਰਿਤ ਛਕਣਾ ਹੋਵੇ ਉਹ ਸਵੇਰੇ ਇਸ਼ਨਾਨ ਕਰਕੇ ਕਛਹਿਰਾ, ਕੰਘਾ, ਕੜਾ, ਕਿਰਪਾਨ ਲੈ ਕੇ ਦੀਵਾਨ ਵਿਚ ਜਾ ਕੇ ਆਪਣਾ ਨਾਂ ਪਤਾ ਲਿਖਵਾ ਦੇਵੇ।

ਭਾਈ ਭਗਤੂ, ਮਾਤਾ ਜੀਊਣੀ ਅਤੇ ਦੀਪ ਨੇ ਵੀ ਆਪਣੇ ਨਾਂ ਦੀਵਾਨ ਵਿਚ ਜਾ ਕੇ ਲਿਖਾ ਦਿੱਤੇ।

ਵਿਸਾਖੀ ਵਾਲੇ ਦਿਨ ਆਸਾ ਦੀ ਵਾਰ ਦੇ ਭੋਗ ਪਿਛੋਂ ਕਵੀ ਦਰਬਾਰ ਸਜਾਇਆ ਗਿਆ, ਜਿਸ ਵਿਚ ਬੀਰ–ਰਸੀ ਕਵਿਤਾਵਾਂ ਗਾਈਆਂ ਗਈਆਂ। ਫਿਰ ਸਾਰੇ ਸਿੱਖਾਂ ਨੂੰ ਇਹ ਸਮਝਾਇਆ ਗਿਆ ਕਿ ਜਿਨ੍ਹਾਂ ਨੇ ਅੰਮ੍ਰਿਤ ਛਕਣਾ ਹੋਵੇ ਉਹ ਦੀਵਾਨ ਹਾਲ ਵਿਚ ਪਹੁੰਚ ਜਾਣ ਅਤੇ ਜਿਵੇਂ ਉਨ੍ਹਾਂ ਦਾ ਨਾਂ ਬੋਲਿਆ ਜਾਵੇ ਉਹ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕਰਨ। ਭਾਈ ਭਗਤੂ, ਮਾਤਾ ਜੀਊਣੀ ਅਤੇ ਦੀਪ ਵੀ ਦੀਵਾਨ ਹਾਲ ਪਹੁੰਚ ਗਏ। ਦੀਵਾਨ ਹਾਲ ਵਿਚ ਬੈਠੇ ਉਹ ਬੜੀ ਸ਼ਰਧਾ ਨਾਲ ਵਾਹਿਗੁਰੂ ਦੇ ਨਾਮ ਦਾ ਜਾਪ ਕਰਦੇ ਰਹੇ ਅਤੇ ਆਪਣੀ ਵਾਰੀ ਉਡੀਕਦੇ ਰਹੇ। ਜਦ ਉਨ੍ਹਾਂ ਦੇ ਨਾਂ ਬੋਲੇ ਗਏ ਤਾਂ ਉਹ ਵੀ ਅੰਮ੍ਰਿਤ ਛਕਣ ਗੁਰੂ ਜੀ ਪਾਸ ਪਹੁੰਚ ਗਏ। ਜਦ ਦੀਪ ਦੀ ਵਾਰੀ ਆਈ ਤਾਂ ਉਸ ਦੀਆਂ ਅੱਖਾਂ ਫਿਰ ਗੁਰੂ ਜੀ ਨਾਲ ਦੋ ਚਾਰ ਹੋਈਆਂ। ਗੁਰੂ ਜੀ ਦੀਪ ਦੇ ਕੱਦ ਕਾਠ ਅਤੇ ਅਥਾਹ ਸ਼ਰਧਾ ਨੂੰ ਵੇਖ ਕੇ ਫਿਰ ਮੁਸਕਰਾ ਪਏ।

ਜਦ ਤਿੰਨਾਂ ਨੇ ਅੰਮ੍ਰਿਤ ਛਕ ਲਿਆ ਤਾਂ ਉਨ੍ਹਾਂ ਦੇ ਨਾਂ ਭਾਈ ਭਗਤ ਸਿੰਘ, ਮਾਤਾ ਜੀਵਣ ਕੌਰ ਅਤੇ ਭਾਈ ਦੀਪ ਸਿੰਘ ਹੋ ਗਏ। ਹੁਣ ਉਨ੍ਹਾਂ ਨਵੇਂ ਚੋਲੇ ਪਾਏ ਹੋਏ ਸਨ ਅਤੇ ਗਲਾਂ ਵਿਚ ਕਿਰਪਾਨਾਂ ਸਜਾਈਆਂ ਹੋਈਆਂ ਸਨ। ਉਨ੍ਹਾਂ ਨੂੰ ਆਪ ਹੀ ਅਨੁਭਵ ਹੋ ਰਿਹਾ ਸੀ, ਜਿਵੇਂ ਸਚਮੁਚ ਉਹ ਇਕ ਬਕਰੀ ਤੋਂ ਸ਼ੇਰ ਬਣ ਗਏ ਹੋਣ।

ਜਦ ਸਾਰਿਆਂ ਨੇ ਅੰਮ੍ਰਿਤ ਛਕ ਲਿਆ ਤਾਂ ਗੁਰੂ ਜੀ ਨੇ ਫਿਰ ਸਿੱਖ ਰਹਿਤ ਮਰਯਾਦਾ ਬਾਰੇ ਸਮਝਾਇਆ। ਉਨ੍ਹਾਂ ਕਿਹਾ, "ਸਿੱਖਾਂ ਨੂੰ ਪੰਜ ਕਕਾਰ, ਕੰਘਾ, ਕੜਾ, ਕਛਹਿਰਾ, ਕਿਰਪਾਨ ਅਤੇ ਕੇਸਾਂ ਦੀ ਰਹਿਤ ਰਖਣੀ ਚਾਹੀਦੀ ਹੈ। ਸਰੀਰ ਦਾ ਕੋਈ ਰੋਮ ਨਹੀਂ ਕਟਾਉਣਾ, ਤੰਬਾਕੂ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਨਾ, ਕੁਠਾ ਮਾਸ ਨਹੀਂ ਖਾਣਾ ਅਤੇ ਪਰਾਈ ਇਸਤਰੀ ਨੂੰ ਬੁਰੀ ਨਜ਼ਰ ਨਾਲ ਨਹੀਂ ਵੇਖਣਾ। ਇਸ ਤੋਂ ਉਪਰੰਤ ਮੜੀ, ਮਸਾਣ, ਕਬਰਾਂ ਅਤੇ ਪੱਥਰਾਂ, ਮੂਰਤੀਆਂ ਅਤੇ ਤਸਵੀਰਾਂ ਦੀ ਪੂਜਾ ਨਹੀਂ ਕਰਨੀ। ਹਰ ਵੇਲੇ ਗੁਰੂ ਦੀ ਬਾਣੀ ਦਾ ਨਾਮ ਜਪਣਾ ਅਤੇ ਵੰਡ ਕੇ ਛਕਣਾ ਹੈ।"

ਭਾਈ ਭਗਤ ਸਿੰਘ, ਮਾਤਾ ਜੀਵਣ ਕੌਰ ਅਤੇ ਭਾਈ ਦੀਪ ਸਿੰਘ ਕੁਝ ਦਿਨ ਅਨੰਦਪੁਰ ਸਾਹਿਬ ਹੀ ਠਹਿਰੇ। ਉਹ ਓਥੇ ਲੰਗਰ ਵਿਚ ਸੇਵਾ ਕਰਦੇ ਅਤੇ ਓਥੇ ਹੀ ਪ੍ਰਸ਼ਾਦੇ ਛਕ ਲੈਂਦੇ। ਪਰ ਭਾਈ ਦੀਪ ਸਿੰਘ ਗੁਰੂ ਜੀ ਦੀ ਫ਼ੌਜ ਨੂੰ ਵੇਖਣ ਜਾਂਦਾ, ਉਨ੍ਹਾਂ ਦੇ ਹਥਿਆਰਾਂ ਦਾ ਅਧਿਐਨ ਕਰਦਾ। ਉਸ ਨੂੰ ਪਤਾ ਲੱਗਾ ਕਿ ਉਹ ਸਾਰੇ ਯੋਧੇ ਆਪਣਾ ਘਰ ਬਾਰ ਛੱਡ ਕੇ ਆਏ ਸਨ, ਗੁਰੂ ਦੀ ਫ਼ੌਜ ਦੇ ਬਕਾਇਦਾ ਮੈਂਬਰ ਸਨ। ਉਨ੍ਹਾਂ ਨੂੰ ਹਰ ਪ੍ਰਕਾਰ ਦੇ ਸ਼ਸਤਰ ਚਲਾਉਣ ਦੀ ਸਿਖਲਾਈ ਦਿੱਤੀ ਜਾਂਦੀ ਸੀ। ਘੋੜ ਸਵਾਰੀ, ਗਤਕੇ ਬਾਜ਼ੀ, ਤੀਰ ਅੰਦਾਜ਼ੀ ਆਦਿ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਸਨ। ਇਸ ਤੋਂ ਉਪਰੰਤ ਉਸ ਵੇਖ਼ਿਆ ਕਿ ਇਨ੍ਹਾਂ ਸਿੱਖਾਂ ਨੂੰ ਵਿਦਿਆ ਵੀ ਪੜ੍ਹਾਈ ਜਾਂਦੀ ਸੀ। ਪੰਜਾਬੀ, ਹਿੰਦੀ, ਫ਼ਾਰਸੀ ਅਤੇ ਸੰਸਕ੍ਰਿਤ ਦੇ ਵਿਦਵਾਨ ਰੱਖੇ ਹੋਏ ਸਨ। ਜਿਹੜੇ ਇਕ ਪਹਿਰ ਰੋਜ਼ ਪੜ੍ਹਾਉਂਦੇ ਸਨ। ਇਸ ਤਰ੍ਹਾਂ ਖਾਲਸਾ ਦਲ ਕੋਈ ਅਨਪੜ੍ਹ ਜਾਂ


ਉਜੱਡਾਂ ਦੀ ਫ਼ੌਜ ਨਹੀਂ ਸੀ। ਬਲਕਿ ਉਸ ਵਿਚ ਬੜੇ ਨਾਮਵਰ ਵਿਦਵਾਨ ਸਨ।

ਇਹ ਸਭ ਕੁਝ ਵੇਖ ਭਾਈ ਦੀਪ ਸਿੰਘ ਨੇ ਇਹ ਪੱਕਾ ਇਰਾਦਾ ਕਰ ਲਿਆ ਕਿ ਉਹ ਗੁਰੂ ਪਾਸ ਹੀ ਰਹੇਗਾ ਅਤੇ ਵਿਦਿਆ ਪੜ੍ਹੇਗਾ ਅਤੇ ਸ਼ਸਤਰ ਚਲਾਉਣ ਵਿਚ ਨਿਪੁੰਨ ਬਣੇਗਾ। ਉਸ ਨੇ ਆਪਣੇ ਮਨ ਦੀ ਗੱਲ ਆਪਣੇ ਮਾਤਾ ਪਿਤਾ ਨੂੰ ਦੱਸ ਦਿੱਤੀ, ਪਰ ਉਨ੍ਹਾਂ ਇਹ ਗੱਲ ਪ੍ਰਵਾਨ ਨਾ ਕੀਤੀ। ਉਹ ਕਹਿਣ ਲੱਗੇ, "ਸਾਡਾ ਇਕਲੌਤਾ ਪੁੱਤਰ ਏਂ, ਹੁਣ ਪਿੰਡ ਜਾਵਾਂਗੇ ਤੇ ਤੇਰਾ ਵਿਆਹ ਕਰਾਂਗੇ, ਅਸੀਂ ਵੀ ਛੋਟੇ-ਛੋਟੇ ਪੋਤੇ ਪੋਤਰੀਆਂ ਨਾਲ ਖੇਡ ਕੇ ਦਿਲ ਪਰਚਾਵਾਂਗੇ।"

ਉਨ੍ਹਾਂ ਦੇ ਬਹੁਤ ਮਜਬੂਰ ਕਰਨ 'ਤੇ ਭਾਈ ਦੀਪ ਸਿੰਘ ਪਿੰਡ ਜਾਣ ਨੂੰ ਤਿਆਰ ਹੋ ਗਿਆ। ਪਰ ਤੁਰਨ ਤੋਂ ਪਹਿਲਾਂ ਉਸ ਗੁਰੂ ਜੀ ਪਾਸੋਂ ਆਗਿਆ ਲੈਣ ਦੀ ਬੇਨਤੀ ਕੀਤੀ। ਭਾਈ ਭਗਤ ਸਿੰਘ ਨੇ ਇਹ ਗੱਲ ਪ੍ਰਵਾਨ ਕਰ ਲਈ। ਉਸ ਸਮੇਂ ਗੁਰੂ ਜੀ ਵੀ ਵੱਖ-ਵੱਖ ਪ੍ਰਾਂਤਾਂ ਦੀਆਂ ਸੰਗਤਾਂ ਨੂੰ ਵਿਦਾਇਗੀਆਂ ਦੇ ਰਹੇ ਸਨ। ਜਦ ਉਹ ਭਾਈ ਦੀਪ ਸਿੰਘ ਕੋਲ ਆਏ ਤਾਂ ਭਾਈ ਦੀਪ ਸਿੰਘ ਉਨ੍ਹਾਂ ਦੇ ਚਰਨਾਂ 'ਤੇ ਡਿੱਗ ਪਿਆ ਅਤੇ ਕਹਿਣ ਲੱਗਾ, "ਮਹਾਰਾਜ ਮੈਂ ਪਿੰਡ ਨਹੀਂ ਜਾਣਾ ਮੈਨੂੰ ਆਪਣੀ ਸੇਵਾ ਵਿਚ ਹੀ ਰੱਖੋ।"

ਗੁਰੂ ਜੀ ਨੇ ਭਾਈ ਦੀਪ ਸਿੰਘ ਨੂੰ ਫੜ ਕੇ ਆਪਣੀ ਛਾਤੀ ਨਾਲ ਲਾਇਆ ਅਤੇ ਭਾਈ ਭਗਤ ਸਿੰਘ ਅਤੇ ਮਾਤਾ ਜੀਵਣ ਕੌਰ ਨੂੰ ਕਹਿਣ ਲੱਗੇ, "ਮਹਾਂ ਪੁਰਸ਼ੋ! ਤੁਸੀਂ ਪਿੰਡ ਚਲੋ, ਭਾਈ ਦੀਪ ਸਿੰਘ ਨੂੰ ਸਾਡੇ ਪਾਸ ਹੀ ਰਹਿਣ ਦੇਵੋ, ਇਹ ਸਿੱਖ ਕੌਮ ਦਾ ਦੀਪ ਬਣੇਗਾ। ਅਜਿਹੇ ਸੂਰਮੇ ਦੀ ਸਾਨੂੰ ਬਹੁਤ ਲੋੜ ਹੈ।"

ਭਾਈ ਭਗਤ ਸਿੰਘ ਅਤੇ ਮਾਤਾ ਜੀਵਣ ਕੌਰ ਪਿੰਡ ਚਲੇ ਗਏ ਅਤੇ ਭਾਈ ਦੀਪ ਸਿੰਘ ਗੁਰੂ ਸੇਵਾ ਵਿਚ ਲੱਗ ਗਿਆ।



ਸਿਖਲਾਈ ਅਤੇ ਪੜ੍ਹਾਈ

ਜਦ ਗੁਰੂ ਗੋਬਿੰਦ ਸਿੰਘ ਨੇ ਭਾਈ ਭਗਤ ਸਿੰਘ ਅਤੇ ਮਾਤਾ ਜੀਵਣ ਕੌਰ ਨੂੰ ਇਹ ਆਦੇਸ਼ ਕਰ ਦਿੱਤਾ ਕਿ ਉਹ ਆਪਣੇ ਪੁੱਤਰ ਭਾਈ ਦੀਪ ਸਿੰਘ ਨੂੰ ਅਨੰਦਪੁਰ ਰਹਿਣ ਦੇਣ, ਤਾਂ ਮਾਂ ਪਿਉ ਕੁਝ ਉਦਾਸ ਹੋ ਗਏ, ਪਰ ਨਾਲ ਹੀ ਇਹ ਆਸ ਵੀ ਬੱਝ ਗਈ ਕਿ ਸਤਿਗੁਰਾਂ ਪਾਸ ਰਹਿਕੇ ਪੜ੍ਹਾਈ ਸਿਖਲਾਈ ਪ੍ਰਾਪਤ ਕਰੇਗਾ ਤੇ ਇਕ ਮਹਾਨ ਪੁਰਸ਼ ਬਣੇਗਾ। ਸਤਿਗੁਰੂ ਜਿਸ ਵੱਲ ਸਵੱਲੀ ਨਜ਼ਰ ਕਰ ਦੇਣ ਉਸ ਦਾ ਦੀਨ ਦੁਨੀ ਦੋਵੇਂ ਹੀ ਸੌਰ ਜਾਂਦੇ ਹਨ। ਇਸ ਲਈ ਖ਼ੁਸ਼ੀ-ਖ਼ੁਸ਼ੀ ਗੁਰੂ ਜੀ ਪਾਸੋਂ ਵਿਦਾਇਗੀ ਲੈ ਕੇ ਆਪਣੇ ਪੁੱਤਰ ਨੂੰ ਪਿਆਰ ਕਰਕੇ ਉਹ ਵਾਪਿਸ ਪਹੂਵਿੰਡ ਵੱਲ ਚੱਲ ਪਏ। ਉਹ ਗੱਡੇ ਉਤੇ ਚੜ੍ਹ ਬੈਠੇ ਅਤੇ ਆਪਣੇ ਹੋਰ ਸੰਗੀਆਂ ਸਾਥੀਆਂ ਨੂੰ ਨਾਲ ਬਿਠਾ ਲਿਆ, ਘੋੜਾ ਭਾਈ ਦੀਪ ਸਿੰਘ ਨੇ ਆਪਣੇ ਪਾਸ ਹੀ ਰੱਖ ਲਿਆ।

ਭਾਈ ਦੀਪ ਸਿੰਘ ਗੁਰੂ ਗੋਬਿੰਦ ਸਿੰਘ ਦੀ ਸੰਤ-ਸਿਪਾਹੀ ਫ਼ੌਜ ਵਿਚ ਸ਼ਾਮਲ ਹੋ ਗਿਆ। ਉਹ ਸਵੇਰੇ ਸਵੱਖਤੇ ਉੱਠਦਾ ਅਤੇ ਇਸ਼ਨਾਨ ਕਰਕੇ ਕੀਰਤਨ ਸੁਣਨ ਚਲੇ ਜਾਂਦਾ। ਸਤਿਗੁਰਾਂ ਦਾ ਦਰਬਾਰ ਲਗਦਾ ਤਾਂ ਉਹ ਬੜੇ ਪ੍ਰੇਮ ਨਾਲ ਉਨ੍ਹਾਂ ਦੇ ਪ੍ਰਵਚਨ ਸੁਣਦਾ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਨੂੰ ਪੜ੍ਹਾਉਣ ਵਾਸਤੇ ਪੰਜਾਬੀ, ਹਿੰਦੀ, ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਦੇ ਵਿਦਵਾਨ ਅਧਿਆਪਕ ਵੀ ਨਿਯੁੱਕਤ ਕੀਤੇ ਸਨ। ਇਹ ਅਧਿਆਪਕ ਕੀਰਤਨ ਦੀ ਸਮਾਪਤੀ ਤੋਂ ਬਾਅਦ ਪੜ੍ਹਾਈ ਦਾ ਪ੍ਰਬੰਧ ਕਰਦੇ ਅਤੇ ਸਾਰੇ ਸਿੱਖ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਪੜ੍ਹਦੇ। ਗੁਰੂ ਜੀ ਦਾ ਇਹ ਸੰਕਲਪ ਸੀ ਕਿ ਹਥਿਆਰਾਂ ਦੀ ਸਿਖਲਾਈ ਦੇ ਨਾਲ ਪੜ੍ਹਾਈ ਵੀ ਬਹੁਤ ਜ਼ਰੂਰੀ ਹੈ, ਇਕ ਪੜ੍ਹਿਆ ਲਿਖਿਆ ਮਨੁੱਖ ਹੀ ਚੰਗਾ ਸ਼ਹਿਰੀ ਬਣ ਸਕਦਾ ਹੈ। ਭਾਈ ਦੀਪ ਸਿੰਘ ਨੇ ਪਹਿਲਾਂ ਪੰਜਾਬੀ ਸਿਖਣੀ ਸ਼ੁਰੂ ਕੀਤੀ, ਪੰਜਾਬੀ ਉਨ੍ਹਾਂ ਬੜੀ ਜਲਦੀ ਪੜ੍ਹ ਲਈ ਅਤੇ ਉਨ੍ਹਾਂ ਦੀ ਲਿਖਾਈ ਬਹੁਤ ਸੁੰਦਰ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਬ੍ਰਿਜ ਭਾਸ਼ਾ, ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਦੀ ਸਿਖਿਆ ਪ੍ਰਾਪਤ ਕੀਤੀ।

ਉਨ੍ਹਾਂ ਦੇ ਅਧਿਆਪਕ ਉਨ੍ਹਾਂ ਦੀ ਬਹੁਤ ਪ੍ਰਸੰਸਾ ਕਰਦੇ ਸਨ ਅਤੇ ਇਸ ਸਬੰਧੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਸੂਚਿਤ ਕਰਦੇ ਰਹਿੰਦੇ ਸਨ। ਗੁਰੂ ਜੀ ਕਹਿੰਦੇ ਸਨ, "ਇਹ ਸਾਡਾ ਦੀਪ ਹੈ ਜਿਹੜਾ ਆਪ ਪੜ੍ਹਾਈ ਕਰ ਕੇ ਇਸ ਦੀ ਰੋਸ਼ਨੀ ਨੂੰ ਸਾਡੇ ਸਿੱਖਾਂ ਵਿਚ ਵੰਡੇਗਾ।"

ਸ਼ਸਤਰ ਵਿਦਿਆ ਦੀ ਸਿਖਲਾਈ ਵਾਸਤੇ ਗੁਰੂ ਜੀ ਨੇ ਚੋਟੀ ਦੇ ਜਰਨੈਲ ਭਰਤੀ ਕੀਤੇ ਹੋਏ ਸਨ। ਉਹ ਉਸਤਾਦ ਗੁਰੂ ਜੀ ਦੇ ਸੈਨਿਕ ਸਿਪਾਹੀਆਂ ਨੂੰ ਘੋੜ ਵਿਦਿਆ, ਨੇਜ਼ੇ ਬਾਜੀ, ਤਲਵਾਰ ਚਲਾਉਣੀ, ਤੀਰ ਅੰਦਾਜ਼ੀ ਅਤੇ ਬੰਦੂਕ ਚਲਾਉਣ ਦੀ ਸਿਖਿਆ ਦਿੰਦੇ ਸਨ। ਨਾਲ-ਨਾਲ ਮਸ਼ਕਾਂ ਵੀ ਹੁੰਦੀਆਂ ਸਨ ਅਤੇ ਘੋੜ ਦੌੜ, ਨੇਜ਼ੇ ਬਾਜੀ, ਤੀਰ ਅੰਦਾਜ਼ੀ ਅਤੇ ਤਲਵਾਰ ਚਲਾਉਣ ਦੇ ਮੁਕਾਬਲੇ ਵੀ ਹੁੰਦੇ ਸਨ। ਭਾਈ ਦੀਪ ਸਿੰਘ ਸਰੀਰ ਦੇ ਬੜੇ ਭਾਰੇ ਅਤੇ ਬਲਵਾਨ ਸਨ ਇਸ ਲਈ ਉਨ੍ਹਾਂ ਨੇ ਆਪਣੇ ਵਾਸਤੇ ਇਕ ਭਾਰੀ ਖੰਡਾ ਤਿਆਰ ਕਰਵਾਇਆ। ਲੜਾਈ ਦੇ ਮੈਦਾਨ ਵਿਚ ਕੋਈ ਵੀ ਦੁਸ਼ਮਣ ਉਨ੍ਹਾਂ ਦੇ ਖੰਡੇ ਦੀ ਝਾਲ ਨੂੰ ਨਹੀਂ ਸੀ ਝਲ ਸਕਦਾ।


ਭਾਈ ਦੀਪ ਸਿੰਘ ਨੂੰ ਸ਼ਿਕਾਰ ਖੇਡਣ ਦਾ ਬੜਾ ਸ਼ੌਕ ਸੀ। ਜਦ ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਤਾਂ ਉਹ ਭਾਈ ਦੀਪ ਸਿੰਘ ਨੂੰ ਵੀ ਨਾਲ ਲੈ ਜਾਂਦੇ।

ਇਕ ਵਾਰ ਜਦ ਉਹ ਸ਼ਿਕਾਰ ਖੇਡਣ ਗਏ ਤਾਂ ਜੰਗਲ ਵਿਚੋਂ ਅਚਣਚੇਤ ਹੀ ਇਕ ਸ਼ੇਰ ਨੇ ਨਿਕਲ ਕੇ

ਉਨ੍ਹਾਂ ਦੇ ਘੋੜੇ 'ਤੇ ਹਮਲਾ ਕਰ ਦਿੱਤਾ। ਭਾਈ ਦੀਪ ਸਿੰਘ ਓਸੇ ਵੇਲੇ ਘੋੜੇ ਤੋਂ ਛਾਲ ਮਾਰ ਕੇ ਸ਼ੇਰ ਦੇ ਸਾਹਮਣੇ ਹੋ ਗਏ। ਸ਼ੇਰ ਤਾਂ ਇਕ ਦਮ ਘਬਰਾ ਹੀ ਗਿਆ। ਲਿਸ਼ਕਦੇ ਖੰਡੇ ਨੂੰ ਵੇਖ ਕੇ ਉਹ ਭਜਣਾ ਚਾਹੁੰਦਾ ਸੀ, ਪਰ ਚਾਰ ਚੁਫੇਰੇ ਹੋਰ ਸ਼ਿਕਾਰੀ ਵੇਖ ਕੇ ਉਸ ਪਾਸ ਭਾਈ ਦੀਪ ਸਿੰਘ 'ਤੇ ਹਮਲਾ ਕਰਨ ਤੋਂ ਬਗ਼ੈਰ ਹੋਰ ਕੋਈ ਚਾਰਾ ਨਾ ਰਿਹਾ। ਛਾਲ ਮਾਰ ਕੇ ਭਾਈ ਦੀਪ ਸਿੰਘ ਉਤੇ ਝੱਪਟ ਪਿਆ। ਪਰ ਦੀਪ ਸਿੰਘ ਨੇ ਉਸ ਦੇ ਹਮਲੇ ਨੂੰ ਆਪਣੀ ਢਾਲ 'ਤੇ ਡੱਕ ਲਿਆ ਅਤੇ ਦਸ ਸੇਰ ਤੋਂ ਵਧ ਭਾਰ ਵਾਲੇ ਖੰਡੇ ਦਾ ਐਸਾ ਵਾਰ ਕੀਤਾ ਕਿ ਸ਼ੇਰ ਦੇ ਦੋ ਟੋਟੇ ਹੋ ਗਏ। ਗੁਰੂ ਸਾਹਿਬ ਨੇ ਇਹ ਸਾਰਾ ਨਜ਼ਾਰਾ ਆਪਣੀ ਅੱਖੀਂ ਵੇਖਿਆ। ਉਹ ਘੋੜੇ ਤੋਂ ਉੱਤਰ ਕੇ ਆਏ ਅਤੇ ਉਨ੍ਹਾਂ ਭਾਈ ਦੀਪ ਸਿੰਘ ਨੂੰ ਪਿਆਰ ਦਾ ਥਾਪੜਾ ਬਖ਼ਸ਼ਿਆ ਅਤੇ ਫ਼ਰਮਾਇਆ, "ਭਾਈ ਦੀਪ ਸਿੰਘ ਤੂੰ ਸਿੱਖ ਕੌਮ ਦਾ ਇਕ ਮਹਾਨ ਸੂਰਬੀਰ ਹੋਵੇਂਗਾ, ਮੈਨੂੰ ਤੇਰੇ 'ਤੇ ਬਹੁਤ ਮਾਣ ਹੈ।"

ਭਾਈ ਦੀਪ ਸਿੰਘ ਹੱਥ ਜੋੜ ਕੇ ਖਲੋ ਗਿਆ, "ਸਤਿਗੁਰੂ ਜੀ ਇਹ ਸਭ ਕੁਝ ਤੁਹਾਡੀ ਹੀ ਬਖ਼ਸ਼ਿਸ਼ ਹੈ। ਮੈਂ ਤਾਂ ਜਦ ਇਥੇ ਆਇਆ ਸੀ ਇਕ ਚਿੜੀ ਵੀ ਨਹੀਂ ਸੀ ਮਾਰ ਸਕਦਾ। ਪਰ ਤੁਹਾਡੇ ਅੰਮ੍ਰਿਤ ਨੇ ਮੇਰੇ ਵਿਚ ਏਨਾ ਬਲ ਭਰ ਦਿੱਤਾ ਹੈ, ਕਿ ਹੁਣ ਮੇਰੇ ਵਿਚ ਅਥਾਹ ਆਤਮ ਵਿਸ਼ਵਾਸ਼ ਆ ਗਿਆ ਹੈ।"

ਭਾਈ ਦੀਪ ਸਿੰਘ ਦੇ ਘੋੜੇ ਦੀ ਪਿੱਠ 'ਚੋਂ ਲਹੂ ਸਿੰਮ ਰਿਹਾ ਸੀ। ਸ਼ੇਰ ਨੇ ਉਸ ਦੇ ਨਹੁੰਦਰਾਂ ਮਾਰ ਦਿੱਤੀਆਂ ਸਨ। ਉਸ ਆਪਣੇ ਪਰਨੇ ਨਾਲ ਲਹੂ ਸਾਫ਼ ਕੀਤਾ ਅਤੇ ਘੋੜੇ ਉੱਤੇ ਚੜ੍ਹ ਬੈਠਾ। ਉਹ ਆਪਣੇ ਘੋੜੇ ਨੂੰ ਬਹੁਤ ਪਿਆਰ ਕਰਦਾ ਸੀ। ਡੇਰੇ ਪਹੁੰਚ ਕੇ ਉਨ੍ਹਾਂ ਘੋੜੇ ਦਾ ਇਲਾਜ ਕੀਤਾ ਜਿਹੜਾ ਕੁਝ ਦਿਨਾਂ ਵਿਚ ਫਿਰ ਨੌਂ-ਬਰ-ਨੌਂ ਹੋ ਗਿਆ।



ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੂੰ ਦਿੱਲੀ ਪਹੁੰਚਾਉਣਾ

ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਮੁਗ਼ਲਈ ਫ਼ੌਜਾਂ ਅਤੇ ਪਹਾੜੀ ਰਾਜਿਆਂ ਦੀ ਸੈਨਾ ਨੇ ਛੇ ਸਤ ਮਹੀਨੇ ਘੇਰਾ ਪਾਈ ਰਖਿਆ, ਪਰ ਗੁਰੂ ਜੀ ਨੇ ਹਾਰ ਨਾ ਮੰਨੀ ਅਤੇ ਨਾ ਹੀ ਕਿਲ੍ਹਾ ਖਾਲੀ ਕੀਤਾ। ਫਿਰ ਮੁਸਲਮਾਨਾਂ ਨੇ ਕੁਰਾਨ ਦੀ ਕਸਮ ਅਤੇ ਹਿੰਦੂਆਂ ਗਊ ਮਾਤਾ ਦੀ ਸੁਗੰਧ ਖਾ ਕੇ ਬੇਨਤੀ ਕੀਤੀ ਕਿ ਤੁਸੀਂ ਕਿਲ੍ਹਾ ਖਾਲੀ ਕਰ ਦੇਵੋ ਅਸੀਂ ਤੁਹਾਡਾ ਪਿੱਛਾ ਨਹੀਂ ਕਰਾਂਗੇ ਅਤੇ ਨਾ ਹੀ ਤੁਹਾਨੂੰ ਕੁਝ ਆਖਾਂਗੇ। ਗੁਰੂ ਗੋਬਿੰਦ ਸਿੰਘ ਪਹਿਲਾਂ ਤਾਂ ਮੰਨਦੇ ਨਹੀਂ ਸਨ, ਪਰ ਸਿੱਖਾਂ ਵਲੋਂ ਜ਼ੋਰ ਦੇਣ ਉਤੇ ਉਨ੍ਹਾਂ ਕਿਲ੍ਹਾ ਖਾਲੀ ਕਰਨ ਦਾ ਫ਼ੈਸਲਾ ਕਰ ਲਿਆ।

ਇਸ ਕਾਰਜ ਵਾਸਤੇ ਸਭ ਤੋਂ ਵੱਧ ਜ਼ਰੂਰੀ ਸੀ ਕਿ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਨੂੰ ਕਿਸੇ ਸੁਰੱਖਿਅਤ ਥਾਂ ਪਹੁੰਚਾ ਦਿੱਤਾ ਜਾਵੇ। ਉਨ੍ਹਾਂ ਵਾਸਤੇ ਦੋ ਪਾਲਕੀਆਂ ਤਿਆਰ ਕੀਤੀਆਂ ਗਈਆਂ ਅਤੇ ਰਾਤ ਪੈਂਦਿਆਂ ਹੀ ਇਨ੍ਹਾਂ ਡੋਲਿਆਂ ਨੂੰ ਕਿਲ੍ਹਿਆਂ ਵਿਚੋਂ ਬਾਹਰ ਕਢਵਾ ਦਿੱਤਾ। ਉਨ੍ਹਾਂ ਦੀ ਰਾਖੀ ਵਾਸਤੇ ਭਾਈ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਨੂੰ ਕੁਝ ਸੂਰਮੇ ਨਾਲ ਦੇ ਕੇ ਭੇਜਿਆ ਗਿਆ।

ਰੋਪੜ ਵਿਚ ਗੁਰੂ ਸਾਹਿਬ ਦੇ ਕਈ ਸ਼ਰਧਾਲੂ ਸਿੱਖ ਰਹਿੰਦੇ ਸਨ। ਭਾਈ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਇਨ੍ਹਾਂ ਸਿੱਖਾਂ ਨੂੰ ਜਾਣਦੇ ਸਨ। ਇਸ ਲਈ ਬਚਦੇ ਬਚਾਉਂਦੇ ਉਹ ਰੋਪੜ ਪਹੁੰਚ ਗਏ। ਉਹ ਗੁਰੂ ਸਾਹਿਬ ਦੇ ਇਕ ਸ਼ਰਧਾਲੂ ਸਿੱਖ ਪਾਸ ਪਹੁੰਚ ਗਏ ਅਤੇ ਉਸ ਨੂੰ ਕਿਲ੍ਹਾ ਖਾਲੀ ਕਰਨ ਬਾਰੇ ਸਾਰੀ ਕਹਾਣੀ ਸੁਣਾਈ। ਉਸ ਸਿੱਖ ਨੇ ਸਾਰਿਆਂ ਦੀ ਬੜੀ ਸੇਵਾ ਕੀਤੀ ਅਤੇ ਮਾਤਾਵਾਂ ਵਾਸਤੇ ਇਕ ਗੜਬੈਲ ਤਿਆਰ ਕਰਵਾਈ। ਭਾਈ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਨੂੰ ਉਸ ਭੇਸ ਬਦਲਣ ਵਾਸਤੇ ਕਿਹਾ ਅਤੇ ਉਨ੍ਹਾਂ ਨੂੰ ਦਿੱਲੀ ਵਿਖੇ ਭਾਈ ਜਵਾਹਰ ਸਿੰਘ ਦੀ ਹਵੇਲੀ ਵਿਚ ਠਹਿਰਨ ਵਾਸਤੇ ਭੇਜ ਦਿੱਤਾ।

ਸਾਰੀ ਮੁਗ਼ਲ ਫ਼ੌਜ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਵਿਚ ਰੁਝੀ ਸੀ। ਇਸ ਲਈ ਦਿੱਲੀ ਤਕ ਜਾਣ ਵਿਚ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਈ। ਉਨ੍ਹਾਂ ਦੋਹਾਂ ਮਾਤਾਵਾਂ ਨੂੰ ਭਾਈ ਜਵਾਹਰ ਸਿੰਘ ਦੀ ਹਵੇਲੀ ਵਿਚ ਠੀਕ ਠਾਕ ਪਹੁੰਚਾ ਦਿੱਤਾ।

ਭਾਈ ਦੀਪ ਸਿੰਘ ਦਿੱਲੀ ਵਿਚ ਕਈ ਦਿਨ ਠਹਿਰੇ ਪਰ ਉਨ੍ਹਾਂ ਨੂੰ ਕੋਈ ਤਸੱਲੀ ਬਖ਼ਸ਼ ਖ਼ਬਰ ਨਾ ਮਿਲ ਸਕੀ ਕਿ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੀ ਸੈਨਾ, ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨਾਲ ਕੀ ਵਾਪਰੀ ਸੀ।

ਅਖ਼ੀਰ ਇਕ ਦਿਨ ਭਾਈ ਦੀਪ ਸਿੰਘ ਨੇ ਮਾਤਾ ਸੁੰਦਰੀ ਪਾਸ ਬੇਨਤੀ ਕੀਤੀ, "ਗੁਰੂ ਸਾਹਿਬ ਦਾ ਹਾਲੇ ਤਕ ਕੋਈ ਪਤਾ ਨਹੀਂ ਚਲਿਆ, ਮੈਂ ਕੁਝ ਸਮਾਂ ਆਪਣੇ ਪਿੰਡ ਜਾਣਾ ਚਾਹੁੰਦਾ ਹਾਂ, ਇਸ ਤਰ੍ਹਾਂ ਰਾਹ ਵਿਚ ਮੈਨੂੰ ਗੁਰੂ ਸਾਹਿਬ ਬਾਰੇ ਵੀ ਪਤਾ ਲੱਗ ਸਕੇਗਾ। ਜੋ ਕੁਝ ਮੈਨੂੰ ਪਤਾ ਲੱਗਾ ਮੈਂ ਤੁਰੰਤ ਆਪ ਨੂੰ ਦੱਸਣ ਆ ਜਾਵਾਂਗਾ।"


ਮਾਤਾ ਜੀ ਦੀ ਆਗਿਆ ਲੈਣ 'ਤੇ ਉਹ ਪਹੂਵਿੰਡ ਵੱਲ ਚਲ ਪਏ। ਉਨ੍ਹਾਂ ਦਾ ਘੋੜਾ ਹੁਣ ਪੂਰਾ ਤੰਦਰੁਸਤ ਸੀ, ਇਸ ਲਈ ਬੜੀ ਤੇਜ਼ ਰਫ਼ਤਾਰ ਚਲਦੇ ਉਹ ਕੁਝ ਦਿਨਾਂ ਵਿਚ ਹੀ ਪਹੂਵਿੰਡ ਪਹੁੰਚ ਗਏ। ਜਦ ਮਾਤਾ ਜੀਵਣ ਕੌਰ ਅਤੇ ਪਿਤਾ ਭਗਤ ਸਿੰਘ ਨੇ ਆਪਣੇ ਪੁੱਤਰ ਨੂੰ ਵੇਖਿਆ ਤਾਂ ਉਹ ਬਹੁਤ ਖ਼ੁਸ਼ ਹੋਏ।

ਪਰ ਭਾਈ ਦੀਪ ਸਿੰਘ ਦੇ ਚਿਹਰੇ 'ਤੇ ਉਦਾਸੀ ਛਾਈ ਹੋਈ ਸੀ। ਜਦ ਘਰ ਵਾਲਿਆਂ ਅਤੇ ਹੋਰ ਲੋਕਾ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਸਾਰੀ ਕਹਾਣੀ ਕਹਿ ਸੁਣਾਈ ਕਿ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਧੋਖਾ ਕੀਤਾ ਹੈ। ਹੁਣ ਪਤਾ ਨਹੀਂ ਉਨ੍ਹਾਂ ਦਾ ਕੀ ਹਾਲ ਹੋਇਆ ਹੈ? ਇਸ ਲਈ ਜਦ ਤਕ ਮੈਂ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਲਵਾਂਗਾ, ਮੈਨੂੰ ਚੈਨ ਨਹੀਂ ਆਵੇਗਾ।

ਉਹ ਹਰ ਵੇਲੇ ਪੂਜਾ ਪਾਠ ਕਰਦੇ ਅਤੇ ਪਿੰਡ-ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ। ਗੁਰੂ ਸਾਹਿਬ ਦੇ ਨਿਜੀ ਸਿੱਖ ਹੋਣ ਕਰਕੇ ਇਲਾਕੇ ਦੀਆਂ ਸੰਗਤਾਂ ਉਨ੍ਹਾਂ ਪਾਸ ਆਉਂਦੀਆਂ ਅਤੇ ਗੁਰੂ ਜੀ ਦੀਆਂ ਜੰਗਾਂ ਯੁੱਧਾਂ ਦਾ ਹਾਲ ਸੁਣਦੀਆਂ।

ਫਿਰ ਕੁਝ ਸਮੇਂ ਬਾਅਦ ਕਨਸੋਆਂ ਨਿਕਲਣ ਲੱਗੀਆਂ ਕਿ ਗੁਰੂ ਜੀ ਲੱਖੀ ਜੰਗਲ ਵਿਚ ਠਹਿਰੇ ਹੋਏ ਹਨ। ਜਦ ਭਾਈ ਦੀਪ ਸਿੰਘ ਨੂੰ ਇਸ ਗੱਲ ਦਾ ਵਿਸ਼ਵਾਸ਼ ਹੋ ਗਿਆ ਤਾਂ ਉਹ ਲੱਖੀ ਜੰਗਲ ਵੱਲ ਜਾਣ ਦੀਆਂ ਤਿਆਰੀਆਂ ਕਰਨ ਲੱਗਾ। ਇਕ ਦਿਨ ਉਹ ਆਪਣੇ ਹਥਿਆਰਾਂ ਨੂੰ ਸਾਫ਼ ਕਰ ਰਿਹਾ ਸੀ ਕਿ ਸ਼ੇਰ ਸਿੰਘ ਨਾਮੀ ਇਕ ਸਿੰਘ ਨੇ ਆ ਫ਼ਤਹਿ ਬੁਲਾਈ। ਭਾਈ ਦੀਪ ਸਿੰਘ ਉਸ ਸਿੰਘ ਨੂੰ ਪਹਿਚਾਣਦੇ ਸਨ। ਉਹ ਉੱਠ ਕੇ ਬੜੇ ਪਿਆਰ ਨਾਲ ਮਿਲੇ ਅਤੇ ਝੱਟ ਪੱਟ ਗੁਰੂ ਜੀ ਬਾਰੇ ਕਈ ਸਵਾਲ ਪੁੱਛ ਗਏ। ਸ਼ੇਰ ਸਿੰਘ ਨੇ ਕਿਹਾ, "ਭਾਈ ਜੀ! ਬਾਕੀ ਸਵਾਲਾਂ ਦਾ ਜਵਾਬ ਗੁਰੂ ਨੂੰ ਪੁਛਣਾ, ਮੈਨੂੰ ਤਾਂ ਉਨ੍ਹਾਂ ਤੁਹਾਨੂੰ ਸਾਬੋ ਕੀ ਤਲਵੰਡੀ ਆਉਣ ਦਾ ਆਦੇਸ਼ ਦਿੱਤਾ ਹੈ।"

ਬਸ ਅੰਨ੍ਹਾਂ ਕੀ ਭਾਲੇ ਦੋ ਅੱਖਾਂ। ਭਾਈ ਦੀਪ ਸਿੰਘ ਕਮਰਕਸਾ ਕੀਤਾ, ਘੋੜੇ 'ਤੇ ਕਾਠੀ ਪਾਈ ਅਤੇ ਤਿਆਰ-ਬਰ-ਤਿਆਰ ਹੋ ਗਿਆ। ਭਾਈ ਭਗਤ ਸਿੰਘ ਅਤੇ ਮਾਤਾ ਜੀਵਣ ਕੌਰ ਕੁਝ ਨਾ ਬੋਲ ਸਕੇ। ਉਨ੍ਹਾਂ ਸ਼ੇਰ ਸਿੰਘ ਨੂੰ ਅੰਨ ਪਾਣੀ ਛਕਾਇਆ ਅਤੇ ਦੋਵੇਂ ਸਿੰਘ ਘੋੜੇ ਭਜਾਉਂਦੇ ਮਿੰਟਾਂ ਵਿਚ ਅਖੋਂ ਓਹਲੇ ਹੋ ਗਏ।



ਆਦਿ ਗ੍ਰੰਥ ਦਾ ਪੁਨਰ ਸੰਪਾਦਨ

ਭਾਈ ਦੀਪ ਸਿੰਘ ਅਤੇ ਸ਼ੇਰ ਸਿੰਘ ਘੋੜਿਆਂ 'ਤੇ ਚੜ੍ਹੇ ਆਪਿਸ ਵਿਚ ਕੁਝ ਗੱਲਾਂ ਕਰਦੇ ਜਾਂਦੇ ਸਨ। ਭਾਈ ਦੀਪ ਸਿੰਘ ਇਹੋ ਪ੍ਰਸੰਗ ਸੁਣਨਾ ਚਾਹੁੰਦਾ ਸੀ ਕਿ ਗੁਰੂ ਜੀ ਦੇ ਚਾਰ ਪੁੱਤਰ ਕਿਵੇਂ ਸ਼ਹੀਦ ਹੋ ਗਏ ਅਤੇ ਉਹ ਕਿਸ ਤਰ੍ਹਾਂ ਜ਼ਾਲਮ ਫ਼ੌਜਾਂ ਵਿਚੋਂ ਨਿਕਲ ਕੇ ਸਾਬੋ ਕੀ ਤਲਵੰਡੀ ਪਹੁੰਚੇ। ਸਿੰਘ ਉਨ੍ਹਾਂ ਨੂੰ ਸਭ ਕੁਝ ਵਿਸਥਾਰ ਪੂਰਬਕ ਸੁਣਾਈ ਜਾ ਰਿਹਾ ਸੀ। ਜਦ ਉਸ ਸਿੰਘ ਨੇ ਇਹ ਦੱਸਿਆ ਕਿ ਗੁਰੂ ਜੀ ਚੜ੍ਹਦੀ ਕਲਾ ਵਿਚ ਹਨ ਅਤੇ ਉਨ੍ਹਾਂ ਨੂੰ ਆਪਣੇ ਪੁੱਤਰਾਂ ਦੇ ਸ਼ਹੀਦ ਹੋਣ 'ਤੇ ਮਾਣ ਹੈ ਤਾਂ ਭਾਈ ਦੀਪ ਸਿੰਘ ਦੀਆਂ ਅੱਖਾਂ ਵਿਚ ਹੰਝੂ ਆ ਗਏ ਅਤੇ ਉਹ ਬੋਲਿਆ, "ਧੰਨ ਹਨ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ!" ਸਿੰਘ ਨੇ ਇਹ ਵੀ ਦੱਸਿਆ ਕਿ ਉਹ ਕਹਿੰਦੇ ਹਨ, "ਮੇਰੇ ਚਾਰ ਪੁੱਤਰ ਸ਼ਹੀਦ ਹੋ ਗਏ ਤਾਂ ਫਿਰ ਕੀ ਹੋਇਆ ਮੇਰੇ ਖਾਲਸੇ ਦੇ ਰੂਪ ਵਿਚ ਲੱਖਾਂ ਪੁੱਤਰ ਜੀਉਂਦੇ ਹਨ ਅਤੇ ਸਦਾ ਹੀ ਜੀਉਂਦੇ ਰਹਿਣਗੇ।"

ਅਜੇਹੀਆਂ ਗੱਲਾਂ ਕਰਦੇ ਉਹ ਸਾਬੋ ਕੀ ਤਲਵੰਡੀ ਪਹੁੰਚ ਗਏ। ਭਾਈ ਦੀਪ ਸਿੰਘ ਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ, ਨੇਤਰ ਸੇਜਲ ਕਰਕੇ ਬੋਲਿਆ, "ਮਹਾਰਾਜ ਮੈਂ ਨਿਮਾਣਾ ਆਪ ਤੋਂ ਦੂਰ ਚਲੇ ਗਿਆ ਅਤੇ ਆਪ ਜੀ ਦੀ ਸੇਵਾ ਨਾ ਕਰ ਸਕਿਆ। ਮੇਰੇ ਸਭ ਸਾਥੀ ਸ਼ਹੀਦ ਹੋ ਗਏ ਹਨ ਅਤੇ ਮੈਂ ਜੀਵਤ ਤੁਰਿਆ ਫਿਰਦਾ ਹਾਂ।" ਗੁਰੂ ਜੀ ਭਾਈ ਦੀਪ ਸਿੰਘ ਨੂੰ ਥਾਪੜਾ ਦੇ ਕੇ ਬੋਲੇ, "ਹੌਸਲਾ ਕਰ ਗੁਰਮੁਖ ਪਿਆਰਿਆ! ਹਾਲੇ ਤੂੰ ਬਹੁਤ ਕੰਮ ਕਰਨੇ ਹਨ। ਅਗੇ ਸਮੇਂ ਬੜੇ ਭਿਆਨਕ ਆ ਰਹੇ ਹਨ। ਤੁਸੀਂ ਖਾਲਸੇ ਨੂੰ ਅੰਮ੍ਰਿਤ ਛਕਾ ਕੇ ਹਰ ਔਕੜ ਦਾ ਸਾਹਮਣਾ ਕਰਨ ਲਈ ਤਿਆਰ ਕਰਨਾ ਹੈ। ਏਸੇ ਕਰਕੇ ਭਾਈ ਮਨੀ ਸਿੰਘ ਅਤੇ ਤੁਹਾਨੂੰ ਵਖਰਾ ਤੋਰਿਆ ਸੀ। ਸਾਨੂੰ ਪਤਾ ਸੀ ਕਿ ਮੁਗ਼ਲਾਂ ਅਤੇ ਪਹਾੜੀਆਂ ਦਾ ਕੋਈ ਇਤਬਾਰ ਨਹੀਂ ਸੀ, ਸਾਰੇ ਸਿੰਘਾਂ ਨੂੰ ਸ਼ਹੀਦੀ ਜਾਮ ਪੀਣਾ ਹੀ ਪੈਣਾ ਸੀ।"

ਗੁਰੂ ਜੀ ਨੂੰ ਮਿਲਣ ਤੋਂ ਬਾਅਦ ਭਾਈ ਦੀਪ ਸਿੰਘ ਹੋਰ ਸਿੰਘਾਂ ਤੋਂ ਇਲਾਵਾ ਭਾਈ ਮਨੀ ਸਿੰਘ ਨੂੰ ਵੀ ਮਿਲੇ। ਭਾਈ ਮਨੀ ਸਿੰਘ ਬੜੇ ਪਿਆਰ ਅਤੇ ਸਤਿਕਾਰ ਨਾਲ ਭਾਈ ਦੀਪ ਸਿੰਘ ਨੂੰ ਮਿਲਿਆ। ਭਾਈ ਮਨੀ ਸਿੰਘ ਨੇ ਕਿਹਾ, "ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਗੁਰੂ ਸਾਹਿਬ ਦੀ ਇਕ ਚਿੱਠੀ (ਜ਼ਫ਼ਰਨਾਮਾ) ਲੈ ਕੇ ਔਰੰਗਜ਼ੇਬ ਬਾਦਸ਼ਾਹ ਨੂੰ ਦੇਣ ਵਾਸਤੇ ਦੱਖਣ ਵੱਲ ਗਏ ਹਨ, ਏਥੇ ਅਸੀਂ ਉਨ੍ਹਾਂ ਦੀ ਇੰਤਜ਼ਾਰ ਕਰ ਰਹੇ ਹਾਂ। ਇਸ ਦੌਰਾਨ ਗੁਰੂ ਜੀ ਨੇ ਇਹ ਫ਼ੈਸਲਾ ਕੀਤਾ ਹੈ ਕਿ ਆਦਿ ਗ੍ਰੰਥ ਸਾਹਿਬ ਦੀ ਸੁਧਾਈ ਕਰ ਲਈ ਜਾਵੇ ਅਤੇ ਉਸ ਵਿਚ ਰਾਗਾਂ ਅਨੁਸਾਰ ਗੁਰੂ ਤੇਗ਼ ਬਹਾਦਰ ਦੀ ਬਾਣੀ ਵੀ ਸ਼ਾਮਲ ਕਰ ਲਈ ਜਾਵੇ। ਅਨੰਦਪੁਰ ਸਾਹਿਬ ਵਾਲਾ ਆਦਿ ਗ੍ਰੰਥ ਤਾਂ ਸਰਸਾ ਨਦੀ ਵਿਚ ਰੁੜ੍ਹ ਗਿਆ ਸੀ, ਪਰ ਕੁਝ ਬੀੜਾਂ ਦੇ ਉਤਾਰੇ ਅਸੀਂ ਵੱਖ-ਵੱਖ ਸਿੱਖਾਂ ਪਾਸੋਂ ਪ੍ਰਾਪਤ ਕੀਤੇ ਹਨ। ਅਸੀਂ ਵੇਖਿਆ ਹੈ ਕਿ ਉਨ੍ਹਾਂ ਵਿਚ ਕਈ ਊਣਤਾਈਆਂ ਹਨ। ਗੁਰੂ ਸਾਹਿਬ ਨੇ ਆਦੇਸ਼ ਕੀਤਾ ਹੈ ਕਿ ਉਹ ਲਿਖਵਾਈ ਜਾਣਗੇ ਅਤੇ ਅਸੀਂ ਦੋਵੇਂ ਲਿਖੀ ਜਾਵਾਂਗੇ। ਕਿਉਂਕਿ ਤੁਹਾਡੀ ਲਿਖਾਈ ਬਹੁਤ ਸੁੰਦਰ ਹੈ, ਇਸ ਲਈ ਮੈਂ ਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਤੁਹਾਨੂੰ ਵੀ ਬੁਲਾਇਆ ਜਾਵੇ।" ਭਾਈ ਦੀਪ ਸਿੰਘ ਬੜੇ ਪ੍ਰਸੰਨ ਹੋਏ ਅਤੇ ਕਿਹਾ, "ਧੰਨ ਭਾਗ ਜੇ ਮੈਂ ਵੀ ਗੁਰੂ ਜੀ ਦੇ ਕਿਸੇ ਕੰਮ ਆ ਸਕਾਂ।"

ਕੁਝ ਦਿਨਾਂ ਬਾਅਦ ਹੀ ਇਹ ਕਾਰਜ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੇ ਇਕ ਤੰਬੂ ਲਗਵਾਇਆ ਅਤੇ ਉਸ ਵਿਚ ਸਾਰੀ ਸਮੱਗਰੀ ਰੱਖ ਲਈ। ਗੁਰੂ ਜੀ ਆਪਣੇ ਆਸਣ 'ਤੇ ਬੈਠ ਕੇ ਬਾਣੀ ਲਿਖਵਾਉਂਦੇ ਤੇ ਭਾਈ ਮਨੀ ਸਿੰਘ ਤੇ ਭਾਈ ਦੀਪ ਸਿੰਘ ਬਾਣੀ ਲਿਖਦੇ ਜਾਂਦੇ। ਸ਼ਾਮ ਨੂੰ ਜਿੰਨੀ ਬੀੜ ਲਿਖੀ ਜਾਂਦੀ ਗੁਰੂ ਜੀ

ਆਪ ਉਸ ਦੀ ਸੁਧਾਈ ਕਰਦੇ ਅਤੇ ਲਗਾਂ–ਮਾਤਰਾਂ ਤੱਕ ਠੀਕ ਕਰਦੇ। ਅਗਲੇ ਦਿਨ ਜਦ ਸਵੇਰੇ ਦੀਵਾਨ ਲੱਗਦਾ ਤਾਂ ਗੁਰੂ ਜੀ ਉਸ ਬਾਣੀ ਦੇ ਅਰਥ ਸੰਗਤਾਂ ਨੂੰ ਸਮਝਾਉਂਦੇ। ਭਾਈ ਮਨੀ ਸਿੰਘ ਅਤੇ ਭਾਈ ਦੀਪ ਸਿੰਘ ਉਨ੍ਹਾਂ ਅਰਥਾਂ ਨੂੰ ਆਪਣੀ ਯਾਦ–ਦਾਸ਼ਤ ਵਾਸਤੇ ਲਿਖੀ ਵੀ ਜਾਂਦੇ ਅਤੇ ਜਿਸ ਗੁਹਜ ਭਾਵ ਨੂੰ ਉਹ ਸਮਝ ਨਾ ਸਕਦੇ ਅਗਲੇ ਦਿਨ ਗੁਰੂ ਜੀ ਪਾਸੋਂ ਪੁੱਛ ਲੈਂਦੇ। ਇਹ ਕਾਰਜ ਲਗਾਤਾਰ 9 ਮਹੀਨੇ 9 ਦਿਨ ਅਤੇ 9 ਘੜੀਆਂ ਤਕ ਚਲਦਾ ਰਿਹਾ। ਰਾਗਾਂ ਅਨੁਸਾਰ ਗੁਰੂ ਜੀ ਨੇ ਭਗਤਾਂ ਦੀ ਬਾਣੀ ਤੋਂ ਪਹਿਲਾਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਦਰਜ ਕਰਵਾ ਦਿੱਤੀ। ਇਸ ਤਰ੍ਹਾਂ ਇਹ ਇਕ ਨਵੀਂ ਬੀੜ ਤਿਆਰ ਹੋ ਗਈ। ਗੁਰੂ ਸਾਹਿਬ ਨੇ ਇਸ ਬੀੜ ਦਾ ਨਾਂ 'ਦਮਦਮੀ ਬੀੜ' ਰਖਿਆ। ਗੁਰੂ ਜੀ ਜਦ ਦੱਖਣ ਨੂੰ ਜਾਣ ਲੱਗੇ ਤਾਂ ਭਾਈ ਮਨੀ ਸਿੰਘ ਵਾਲੀ ਬੀੜ ਉਹ ਆਪਣੇ ਨਾਲ ਲੈ ਗਏ ਅਤੇ ਹਜ਼ੂਰ ਸਾਹਿਬ (ਨੰਦੇੜ) ਉਸੇ ਬੀੜ ਨੂੰ ਗੁਰੂ–ਗੱਦੀ ਸੌਂਪੀ ਗਈ ਸੀ। ਭਾਈ ਦੀਪ ਸਿੰਘ ਵਾਲੀ ਬੀੜ ਨੂੰ ਉਨ੍ਹਾਂ ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ) ਵਿਖੇ ਹੀ ਰਖਣ ਦਾ ਆਦੇਸ਼ ਦਿੱਤਾ ਸੀ ਅਤੇ ਭਾਈ ਦੀਪ ਸਿੰਘ ਦੀ ਇਹ ਜ਼ਿੰਮੇਵਾਰੀ ਲਾਈ ਸੀ ਕਿ ਦਮਦਮੇ ਸਾਹਿਬ ਵਿਚ ਹੀ ਟਿਕਣਗੇ ਅਤੇ ਉਸ ਬੀੜ ਦੇ ਹੋਰ ਉਤਾਰੇ ਵੀ ਕਰਨਗੇ। ਬਾਅਦ ਵਿਚ ਭਾਈ ਦੀਪ ਸਿੰਘ ਨੇ ਉਸ ਬੀੜ ਦੇ ਚਾਰ ਉਤਾਰੇ ਕੀਤੇ ਅਤੇ ਚਾਰਾਂ ਤਖ਼ਤਾਂ ਉਤੇ ਭੇਜ ਦਿੱਤੇ। ਭਾਈ ਦੀਪ ਸਿੰਘ ਇਸ ਬੀੜ ਦਾ ਪਾਠ ਕਰਦੇ ਅਤੇ ਸਿੱਖਾਂ ਨੂੰ ਉਸ ਦੇ ਅਰਥ ਸਮਝਾਉਂਦੇ।



ਗਊ ਗ਼ਰੀਬ ਦੀ ਸਹਾਇਤਾ ਕਰਨਾ

ਦੱਖਣ ਵੱਲ ਜਾਣ ਲੱਗੇ ਗੁਰੂ ਗੋਬਿੰਦ ਸਿੰਘ ਜੀ, ਭਾਈ ਦੀਪ ਸਿੰਘ ਨੂੰ ਦਮਦਮਾ ਸਾਹਿਬ ਦਾ ਜਥੇਦਾਰ ਥਾਪ ਗਏ ਅਤੇ ਉਸ ਨੂੰ ਹਦਾਇਤ ਕਰ ਗਏ ਕਿ ਉਹ ਸਿੱਖਾਂ ਨੂੰ ਅੰਮ੍ਰਿਤ ਛਕਾਉਣ, ਪੰਥ ਨੂੰ ਜਥੇ-ਬੰਦ ਕਰਨ, ਗੁਰਬਾਣੀ ਪੜ੍ਹਾਉਣ ਅਤੇ ਗਊ ਗ਼ਰੀਬ ਦੀ ਰਖਿਆ ਕਰਨ। ਭਾਈ ਦੀਪ ਸਿੰਘ ਨੇ ਦਮਦਮੇ ਸਾਹਿਬ ਦੀ ਸੇਵਾ ਬੜੀ ਕੁਸ਼ਲਤਾ ਨਾਲ ਨਿਭਾਈ। ਬਹਾਦਰ ਸ਼ਾਹ ਦਾ ਰਾਜ ਹੋ ਜਾਣ ਕਰਕੇ ਸਿੱਖਾਂ 'ਤੇ ਸਖ਼ਤੀ ਹਟ ਗਈ ਸੀ ਅਤੇ ਸਿੱਖ ਆਜ਼ਾਦ ਵਿਚਰ ਰਹੇ ਸਨ। ਗੁਰੂ ਜੀ ਬੇਸ਼ਕ ਦੱਖਣ ਵੱਲ ਚਲੇ ਗਏ ਪਰ ਪੰਜਾਬ ਦੇ ਸਿੱਖ ਦਮਦਮੇ ਇੱਕਠੇ ਹੋ ਰਹੇ ਸਨ। ਭਾਈ ਦੀਪ ਸਿੰਘ ਉਨ੍ਹਾਂ ਨੂੰ ਅੰਮ੍ਰਿਤ ਛਕਾਉਂਦੇ ਅਤੇ ਸ਼ਸਤਰ ਵਿਦਿਆ ਦੀ ਵੀ ਸਿਖਲਾਈ ਦਿੰਦੇ। ਪੰਜ ਸੌ ਤੋਂ ਵੱਧ ਹਥਿਆਰ-ਬੱਧ ਸਿੱਖ ਉਨ੍ਹਾਂ ਪਾਸ ਰਹਿੰਦੇ ਸਨ। ਉਸ ਇਲਾਕੇ ਵਿਚ ਉਨ੍ਹਾਂ ਦਾ ਬੜਾ ਦਬਦਬਾ ਸੀ ਤੇ ਮੁਸਲਮਾਨ ਜਗੀਰਦਾਰ ਵੀ ਉਨ੍ਹਾਂ ਪਾਸੋਂ ਡਰਦੇ ਸਨ। ਉਨ੍ਹਾਂ ਨੇ ਦਮਦਮਾ ਸਾਹਿਬ ਵਿਖੇ ਇਕ ਬੁਰਜ ਬਣਾਇਆ। ਜਿਸ ਦੀਆਂ ਚਾਰ ਮੰਜ਼ਲਾਂ ਤੇ ਤਰਵੰਜਾ ਪੌੜੀਆਂ ਸਨ। ਇਸ ਦੇ ਨਾਲ ਹੀ ਇਕ ਭੋਰਾ ਸਾਹਿਬ ਤਿਆਰ ਕਰਵਾਇਆ ਜਿਸ ਵਿਚ ਜੰਗੀ ਸਾਜ਼ ਸਾਮਾਨ ਰਖਿਆ ਗਿਆ ਸੀ। ਇਹ ਬੁਰਜ ਬਿਲਕੁਲ ਗੁਪਤ ਬਣਾਇਆ ਗਿਆ ਅਤੇ ਆਮ ਮਨੁੱਖ ਇਸ ਨੂੰ ਲੱਭ ਨਹੀਂ ਸੀ ਸਕਦਾ। ਪਾਣੀ ਦੀ ਘਾਟ ਨੂੰ ਅਨੁਭਵ ਕਰਕੇ ਭਾਈ ਦੀਪ ਸਿੰਘ ਨੇ ਇਕ ਖੂਹ ਵੀ ਲਵਾਇਆ। ਬਾਬਾ ਜੀ ਇਸ ਖੂਹ ਦੀ ਛਬੀਲ 'ਤੇ ਬੈਠ ਕੇ ਜਲ ਦੀ ਆਪ ਸੇਵਾ ਕਰਿਆ ਕਰਦੇ ਸਨ।

ਉਹ ਸਵੇਰੇ ਦੀਵਾਨ ਲਾਉਂਦੇ, ਕੀਰਤਨ ਹੁੰਦਾ ਅਤੇ ਗੁਰਬਾਣੀ ਦੇ ਅਰਥ ਕਰਕੇ ਸਿੱਖਾਂ ਨੂੰ ਸਮਝਾਉਂਦੇ। ਕੁਝ ਸਮੇਂ ਵਿਚ ਹੀ ਉਨ੍ਹਾਂ ਦੀ ਦਿਆਲਤਾ ਅਤੇ ਬਹਾਦਰੀ ਦੀਆਂ ਧੁੰਮਾਂ ਪੈ ਗਈਆਂ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਉਨ੍ਹਾਂ ਨੂੰ ਆਪਣਾ ਰਾਖਾ ਸਮਝਦੇ ਸਨ। ਗੁਰੂ ਜੀ ਜਿਵੇਂ ਉਨ੍ਹਾਂ ਨੂੰ ਕਹਿ ਗਏ ਸਨ ਕਿ ਗਊ ਗ਼ਰੀਬ ਦੀ ਰਖਿਆ ਕਰਨੀ, ਇਸ ਲਈ ਉਹ ਹਰ ਗ਼ਰੀਬ ਅਤੇ ਲੋੜਵੰਦ ਦੀ ਪੂਰੀ ਸਹਾਇਤਾ ਕਰਦੇ।


ਇਕ ਦਿਨ ਜਦ ਉਨ੍ਹਾਂ ਦਾ ਦੀਵਾਨ ਲੱਗਾ ਹੋਇਆ ਸੀ ਤਾਂ ਉਸ ਇਲਾਕੇ ਦਾ ਕਰਮ ਚੰਦ ਨਾਮੀ ਹਿੰਦੂ ਅਤੇ ਉਸ ਦੀ ਪਤਨੀ ਰੋਂਦੇ ਰੋਂਦੇ ਉਨ੍ਹਾਂ ਪਾਸ ਪੁੱਜੇ। ਕਰਮ ਚੰਦ ਦੇ ਸਿਰ ਵਿਚ ਸੱਟ ਲਗੀ ਹੋਈ ਸੀ ਅਤੇ ਉਸ ਨਿਮਰਤਾ ਨਾਲ ਬੇਨਤੀ ਕੀਤੀ, "ਬਾਬਾ ਜੀ! ਅਸੀਂ ਮਾਰੇ ਗਏ, ਅਸੀਂ ਲੁੱਟੇ ਗਏ, ਅਜ ਜਦ ਮੈਂ, ਮੇਰਾ ਪੁੱਤਰ, ਮੇਰੀ ਪਤਨੀ, ਨੂੰਹ ਅਤੇ ਧੀ ਕਿਸੇ ਰਿਸ਼ਤੇਦਾਰ ਦੇ ਵਿਆਹ 'ਤੇ ਜਾ ਰਹੇ ਸੀ ਤਾਂ ਜਾਗੀਰਦਾਰ ਨਾਸਰ ਦੀਨ ਦੇ ਕੁਝ ਆਦਮੀਆਂ ਨੇ ਸਾਡੇ 'ਤੇ ਹਮਲਾ ਕਰ ਦਿੱਤਾ। ਮੇਰੇ ਪੁੱਤਰ ਨੂੰ ਜਾਨੋਂ ਮਾਰ ਦਿੱਤਾ, ਮੈਨੂੰ ਫਟੜ ਕਰ ਦਿੱਤਾ ਅਤੇ ਮੇਰੀ ਨੂੰਹ ਅਤੇ ਧੀ ਨੂੰ ਚੁੱਕ ਕੇ ਲੈ ਗਏ ਹਨ।"

ਬਾਬਾ ਦੀਪ ਸਿੰਘ ਨੇ ਜਦ ਇਹ ਵਾਰਤਾ ਸੁਣੀ ਤਾਂ ਉਹ ਬਹੁਤ ਰੋਹ ਵਿਚ ਆ ਗਏ। ਲਾਲ ਅੱਖਾਂ ਕਰ ਕੇ ਉਹ ਬੋਲੇ, "ਨਾਸਰ ਦੀਨ ਦੀ ਇਹ ਹਿੰਮਤ।" ਉਨ੍ਹਾਂ ਓਸੇ ਵੇਲੇ ਦੀਵਾਨ ਬਰਖ਼ਾਸਤ ਕੀਤਾ ਅਤੇ ਸੌ ਸਿੰਘਾਂ ਦਾ ਜਥਾ ਲੈ ਕੇ ਨਾਸਰ ਦੀਨ ਦੇ ਮਹੱਲਾਂ ਵਲ ਕੂਚ ਕਰ ਦਿੱਤਾ।

ਨਾਸਰ ਦੀਨ ਦੇ ਪਿੰਡ ਗੜ੍ਹੀਪੀਰਾਂ ਨੂੰ ਉਨ੍ਹਾਂ ਘੇਰਾ ਪਾ ਲਿਆ। ਉਹ ਕਿਸੇ ਨਿਰਦੋਸ਼ ਨੂੰ ਵੀ ਮਾਰਨਾ ਨਹੀਂ ਸੀ ਚਾਹੁੰਦੇ। ਇਸ ਲਈ ਉਨ੍ਹਾਂ ਨਾਸਰ ਦੀਨ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਲੁੱਟ ਕੇ ਲਿਆਂਦੀਆਂ ਕੁੜੀਆਂ ਵਾਪਿਸ ਕਰ ਦੇਵੇ, ਨਹੀਂ ਤਾਂ ਸਾਰੀ ਗੜ੍ਹੀ ਢਾਹ ਢੇਰੀ ਕਰ ਦਿੱਤੀ ਜਾਵੇਗੀ। ਜਦ ਨਾਸਰ ਦੀਨ

ਨੂੰ ਇਹ ਪਤਾ ਲੱਗਾ ਤਾਂ ਉਸ ਦੀ ਤਾਂ ਫੂਕ ਨਿਕਲ ਗਈ। ਡਰਦਾ ਅਤੇ ਕੰਬਦਾ ਹੋਇਆ ਉਹ ਆਪਣੇ ਮਹੱਲਾਂ ਚੋਂ ਨਿਕਲ ਕੇ ਬਾਬਾ ਦੀਪ ਸਿੰਘ ਦੇ ਚਰਨਾਂ 'ਤੇ ਢਹਿ ਪਿਆ। ਉਹ ਕਹਿਣ ਲੱਗਾ, "ਬਾਬਾ ਜੀ ਮੈਂ ਬਿਲਕੁਲ ਬੇਕਸੂਰ ਹਾਂ। ਮੇਰੇ ਦੋ ਆਦਮੀ ਲੜਕੀਆਂ ਜ਼ਰੂਰ ਲਿਆਏ ਸਨ, ਪਰ ਮੈਂ ਉਸੇ ਵੇਲੇ ਹੀ ਲੜਕੀਆਂ ਲਿਆਉਣ ਵਾਲੇ ਆਦਮੀਆਂ ਨੂੰ ਬੰਨ੍ਹ ਕੇ ਕੈਦ ਖਾਨੇ ਸੁਟਿਆ ਅਤੇ ਲੜਕੀਆਂ ਨੂੰ ਪੂਰੇ ਆਦਰ ਮਾਣ ਨਾਲ ਆਪਣੇ ਘਰ ਰਖਿਆ ਹੈ। ਮੇਰੇ ਨਾਲ ਚੱਲ ਕੇ ਤੁਸੀਂ ਲੜਕੀਆਂ ਪਾਸੋਂ ਸਭ ਕੁਝ ਪੁੱਛ ਸਕਦੇ ਹੋ।"

ਭਾਈ ਦੀਪ ਸਿੰਘ ਕੁਝ ਸਿੰਘਾਂ ਨੂੰ ਨਾਲ ਲੈ ਕੇ ਨਾਸਰ ਦੀਨ ਦੇ ਘਰ ਗਏ ਅਤੇ ਲੜਕੀਆਂ ਨੂੰ ਵਾਪਿਸ ਲੈ ਆਏ। ਲੜਕੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਨਾਸਰ ਦੀਨ ਅਤੇ ਉਸ ਦੀ ਪਤਨੀ ਨੇ ਉਨ੍ਹਾਂ ਨੂੰ ਪੂਰੇ ਆਦਰ ਨਾਲ ਆਪਣੇ ਪਾਸ ਰਖਿਆ ਹੈ ਅਤੇ ਉਨ੍ਹਾਂ ਲੁਟੇਰਿਆਂ ਨੂੰ ਬਹੁਤ ਕੁੱਟ ਮਾਰ ਕੇ ਅੰਦਰ ਸੁਟਿਆ ਹੈ। ਭਾਈ ਦੀਪ ਸਿੰਘ ਨੂੰ ਨਾਸਰ ਦੀਨ 'ਤੇ ਪੂਰਾ ਵਿਸ਼ਵਾਸ਼ ਹੋ ਗਿਆ ਅਤੇ ਉਨ੍ਹਾਂ ਲੜਕੀਆਂ ਆਪਣੇ ਨਾਲ ਲਈਆਂ ਅਤੇ ਉਨ੍ਹਾਂ ਦੇ ਮਾਂ ਬਾਪ ਦੇ ਹਵਾਲੇ ਕਰ ਦਿੱਤੀਆਂ। ਉਨ੍ਹਾਂ ਕਰਮ ਚੰਦ ਨੂੰ ਇਲਾਜ ਕਰਵਾਉਣ ਵਾਸਤੇ ਕੁਝ ਪੈਸੇ ਵੀ ਦਿੱਤੇ। ਕਰਮ ਚੰਦ ਬਾਬਾ ਜੀ ਦੀ ਇਸ ਬਹਾਦਰੀ ਅਤੇ ਦਇਆ ਦ੍ਰਿਸ਼ਟੀ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਉਹ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ। ਉਸ ਨੇ ਆਪਣੀ ਲੜਕੀ, ਨੂੰਹ ਅਤੇ ਪਤਨੀ ਨੂੰ ਵੀ ਅੰਮ੍ਰਿਤ ਛਕਾ ਦਿੱਤਾ। ਇਕ ਦਿਨ ਕਰਮ ਸਿੰਘ (ਕਰਮ ਚੰਦ) ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਉਹ ਆਪਣੀ ਨੂੰਹ ਧੀ ਦਾ ਵਿਆਹ ਕਰਨਾ ਚਾਹੁੰਦਾ ਹੈ ਜੇ ਕੋਈ ਸਿੰਘ, ਕਬੂਲ ਕਰੇ ਤਾਂ ਮੈਂ ਇਸ ਪਾਸੇ ਤੋਂ ਸੁਰਖੁਰੂ ਹੋਵਾਂ। ਬਾਬਾ ਦੀਪ ਸਿੰਘ ਨੇ ਇਸ ਬਾਰੇ ਸਾਰੇ ਦੀਵਾਨ ਵਿਚ ਐਲਾਨ ਕਰ ਦਿੱਤਾ ਅਤੇ ਲੱਖੀ ਜੰਗਲ ਦੇ ਦੋ ਸਿੰਘ ਵਿਆਹ ਕਰਵਾਉਣ ਨੂੰ ਤਿਆਰ ਹੋ ਗਏ। ਬਾਬਾ ਦੀਪ ਸਿੰਘ ਨੇ ਆਪ ਗੁਰ ਮਰਯਾਦਾ ਅਨੁਸਾਰ ਉਨ੍ਹਾਂ ਦੋ ਜੋੜਿਆਂ ਦਾ ਵਿਆਹ ਕੀਤਾ ਅਤੇ ਆਸ਼ੀਰਵਾਦ ਦਿੱਤਾ।



ਬਾਬਾ ਬੰਦਾ ਸਿੰਘ ਬਹਾਦਰ ਨਾਲ ਮੇਲ

ਜਦ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਪਹੁੰਚੇ ਤਾਂ ਓਥੇ ਉਨ੍ਹਾਂ ਦਾ ਮਾਧੋ ਦਾਸ ਬੈਰਾਗੀ ਨਾਲ ਮੇਲ ਹੋਇਆ। ਮਾਧੋ ਦਾਸ ਜੰਮੂ ਰਾਜੌੜੀ ਦਾ ਰਹਿਣ ਵਾਲਾ ਸੀ ਅਤੇ ਪੰਜਾਬੀ ਜਾਣਦਾ ਸੀ। ਉਹ ਵੱਡਾ ਸੂਰਬੀਰ ਅਤੇ ਜੰਤਰਾਂ ਮੰਤਰਾਂ ਵਿਚ ਪ੍ਰਬੀਨ ਸੀ। ਜਿਹੜਾ ਸੰਤ ਮਹਾਤਮਾ ਉਸ ਦੇ ਡੇਰੇ ਜਾਂਦਾ ਤਾਂ ਉਹ ਆਪਣੇ ਮੰਤਰਾਂ ਅਤੇ ਬੀਰਾਂ ਨੂੰ ਭੇਜ ਕੇ ਉਸ ਦੀ ਬੜੀ ਖਿਲੀ ਉਡਾਉਂਦਾ। ਮਾਧੋ ਦਾਸ ਇਹੋ ਜੇਹੀਆਂ ਹਾਸੋਹੀਣੀਆਂ ਗੱਲਾਂ ਕਰਕੇ ਬਹੁਤ ਖ਼ੁਸ਼ ਹੁੰਦਾ ਸੀ। ਜਦ ਗੁਰੂ ਜੀ ਨੂੰ ਉਸ ਦੇ ਅਜੇਹੇ ਕਰਤਵਾਂ ਦਾ ਪਤਾ ਲੱਗਾ ਤਾਂ ਉਹ ਆਪਣੇ ਕੁਝ ਸਿੰਘਾਂ ਨੂੰ ਨਾਲ ਲੈ ਕੇ ਉਸ ਦੇ ਡੇਰੇ ਪੁਜੇ ਅਤੇ ਮਾਧੋ ਦਾਸ ਦੇ ਸੁੰਦਰ ਪਲੰਘ 'ਤੇ ਜਾ ਲੇਟੇ। ਜਦ ਮਾਧੋ ਦਾਸ ਨੂੰ ਇਸ ਬਾਰੇ ਪੱਤਾ ਲੱਗਾ ਤਾਂ ਉਸ ਆਪਣੇ ਬੀਰ ਭੇਜੇ, ਪਰ ਉਹ ਗੁਰੂ ਸਾਹਿਬ 'ਤੇ ਕੋਈ ਪ੍ਰਭਾਵ ਨਾ ਪਾ ਸਕੇ। ਅੰਤ ਵਿਚ ਮਾਧੋ ਦਾਸ ਗੁਰੂ ਜੀ ਦੀ ਚਰਨੀ ਆ ਲੱਗਾ। ਗੁਰੂ ਜੀ ਪੁਛਿਆ, "ਤੂੰ ਕੌਣ ਹੈ?" ਉਹ ਕਹਿਣ ਲੱਗਾ, "ਮੈਂ ਆਪ ਦਾ ਬੰਦਾ ਹਾਂ।"

ਗੁਰੂ ਜੀ ਨੇ ਕਿਹਾ, "ਤੂੰ ਏਡਾ ਬਹਾਦਰ, ਬਲਵਾਨ ਸੂਰਬੀਰ ਅਤੇ ਰਿਧੀਆਂ ਸਿਧੀਆਂ ਦਾ ਮਾਲਿਕ ਏਂ ਤੈਨੂੰ ਇਸ ਤਾਕਤ ਨੂੰ ਗ਼ਰੀਬਾਂ ਅਤੇ ਮਜ਼ਲੂਮਾਂ ਦੇ ਬਚਾਅ ਵਾਸਤੇ ਵਰਤਣਾ ਚਾਹੀਦਾ ਹੈ। ਮਾਧੋ ਦਾਸ ਨੇ ਪੁਛਿਆ, "ਉਹ ਕਿਵੇਂ?" ਤਾਂ ਗੁਰੂ ਜੀ ਨੇ ਉਸ ਨੂੰ ਮੁਗ਼ਲਾਂ ਦੇ ਜ਼ੁਲਮਾਂ ਬਾਰੇ ਸੁਚੇਤ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਲੋਕ ਮੁਗ਼ਲ ਹਾਕਮਾਂ ਦੇ ਜ਼ੁਲਮ ਦਾ ਸ਼ਿਕਾਰ ਹਨ ਅਤੇ ਨਰਕ ਦੀ ਜ਼ਿੰਦਗੀ ਭੋਗ ਰਹੇ ਹਨ। ਓਥੇ ਜਾ ਕੇ ਉਹ ਜ਼ਾਲਮਾਂ ਦਾ ਨਾਸ਼ ਕਰੇ ਅਤੇ ਮਜ਼ਲੂਮਾਂ ਦਾ ਮਸੀਹਾ ਬਣੇ।

ਗੁਰੂ ਜੀ ਉਸ ਨੂੰ ਆਪਣੇ ਡੇਰੇ ਲੈ ਗਏ। ਅੰਮ੍ਰਿਤ ਛਕਾ ਕੇ ਉਸ ਨੂੰ ਸਿੰਘ ਸਜਾ ਦਿੱਤਾ ਤੇ ਉਸ ਦਾ ਨਵਾਂ ਨਾਂ ਗੁਰਬਖਸ਼ ਸਿੰਘ ਰੱਖ ਦਿੱਤਾ। ਫਿਰ ਉਸ ਨੂੰ ਪੰਜ ਤੀਰ, ਪੰਜ ਸਲਾਹਕਾਰ ਅਤੇ ਕੁਝ ਫ਼ੌਜ ਦੇ ਕੇ ਪੰਜਾਬ ਨੂੰ ਤੋਰ ਦਿੱਤਾ। ਉੱਘੇ ਜਥੇਦਾਰਾਂ ਨੂੰ ਹੁਕਮਨਾਮੇ ਲਿਖ ਭੇਜੇ ਕਿ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕਰਨ। ਇਕ ਹੁਕਮਨਾਮਾ ਉਨ੍ਹਾਂ ਬਾਬਾ ਦੀਪ ਸਿੰਘ ਨੂੰ ਵੀ ਲਿਖ ਭੇਜਿਆ।

ਬਾਬਾ ਦੀਪ ਸਿੰਘ ਨੇ ਲੱਖੀ ਜੰਗਲ ਦੇ ਸਿੰਘਾਂ ਨੂੰ ਸੁਨੇਹੇ ਭੇਜ ਦਿੱਤੇ ਕਿ ਜ਼ਾਲਮ ਹਾਕਮਾਂ ਨੂੰ ਸੋਧਣ ਦਾ ਸਮਾਂ ਆ ਗਿਆ ਹੈ ਅਤੇ ਇਸ ਕਾਰਜ ਵਿਚ ਗੁਰੂ ਗੋਬਿੰਦ ਸਿੰਘ ਨੇ ਆਪਣੇ ਖਾਸ ਦੂਤ ਬੰਦਾ ਸਿੰਘ ਬਹਾਦਰ ਨੂੰ ਭੇਜਿਆ ਹੈ।

ਬਾਬਾ ਦੀਪ ਸਿੰਘ ਪਾਸ ਸਿੰਘਾਂ ਦੀਆਂ ਵਹੀਰਾਂ ਇਕੱਠੀਆਂ ਹੋ ਗਈਆਂ। ਬੰਦਾ ਸਿੰਘ ਬਹਾਦਰ ਜ਼ਾਲਮ ਹਾਕਮਾਂ ਨੂੰ ਸੋਧਦਾ ਹੋਇਆ ਸੂਬਾ ਸਰਹੰਦ ਵਲ ਵੱਧ ਰਿਹਾ ਸੀ। ਬਾਬਾ ਦੀਪ ਸਿੰਘ ਆਪਣੇ ਸਿੰਘਾਂ ਨੂੰ ਲੈ ਕੇ ਉਸ ਨੂੰ ਮਿਲ ਪਿਆ। ਬਾਬਾ ਬੰਦਾ ਸਿੰਘ ਬਹਾਦਰ ਬਾਬਾ ਦੀਪ ਸਿੰਘ ਨੂੰ ਮਿਲ ਕੇ ਬਹੁਤ ਖ਼ੁਸ਼ ਹੋਇਆ ਤੇ ਉਨ੍ਹਾਂ ਇਕੱਠਿਆਂ ਹੋ ਕੇ ਸਰਹੰਦ 'ਤੇ ਹਮਲਾ ਕਰ ਦਿੱਤਾ। ਬਾਬਾ ਬੰਦਾ ਬਹਾਦਰ ਸਾਰੇ ਜ਼ਿਮੀਦਾਰਾਂ ਨੂੰ ਖ਼ਤਮ ਕਰੀ ਜਾ ਰਿਹਾ ਸੀ ਅਤੇ ਜ਼ਮੀਨ ਮੁਜ਼ਾਰਿਆਂ ਨੂੰ ਦੇਈ ਜਾ ਰਿਹਾ ਸੀ, ਇਸ ਲਈ ਉਹ ਵੀ ਉਸ ਦੀ ਮਦਦ ਵਾਸਤੇ ਹਥਿਆਰ ਲੈ ਕੇ ਨਾਲ ਚਲ ਪੈਂਦੇ ਸਨ। ਕੁਝ ਲੁਟ ਦੇ ਖ਼ਿਆਲ ਨਾਲ ਵੀ ਉਨ੍ਹਾਂ ਦਾ ਸਾਥ ਦੇ ਰਹੇ ਸਨ।

ਵਜ਼ੀਰ ਖਾਂ ਸੂਬਾ ਸਰਹੰਦ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਇਆ ਸੀ। ਇਸ ਲਈ ਉਸ ਨੂੰ ਸੋਧਣਾ ਬੜਾ ਜ਼ਰੂਰੀ ਸੀ। ਸਿੰਘਾਂ ਨੇ ਸਰਹੰਦ ਨੂੰ ਘੇਰਾ ਪਾ ਲਿਆ। ਵਜ਼ੀਰ ਖਾਂ ਵੀ ਮੁਕਾਬਲਾ ਕਰਨ ਲਈ ਅੱਗੇ ਵਧਿਆ, ਪਰ ਉਹ ਸਿੰਘਾਂ ਦਾ ਮੁਕਾਬਲਾ ਨਾ ਕਰ ਸਕਿਆ। ਸਿੰਘਾਂ ਨੇ ਉਸ ਨੂੰ ਫੜ ਕੇ,

ਬਾਜ਼ਾਰਾਂ ਵਿਚ ਧੂ-ਧੂ ਕੇ ਹੀ ਮਾਰ ਦਿੱਤਾ। ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਅਤੇ ਸੂਬਾ ਸਰਹੰਦ ਦੇ ਸਾਰੇ ਪਰਿਵਾਰ ਨੂੰ ਖ਼ਤਮ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸਮਾਣੇ ਦੇ ਜਲਾਦ ਜਿਸ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ, ਉਸ ਨੂੰ ਪਰਿਵਾਰ ਸਹਿਤ ਕਤਲ ਕਰ ਦਿੱਤਾ ਗਿਆ। ਸੂਬਾ ਸਰਹੰਦ ਦਾ ਵਜ਼ੀਰ ਸੁੱਚਾ ਨੰਦ ਜਿਸ ਨੇ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਲਈ ਜ਼ੋਰ ਦਿੱਤਾ ਸੀ, ਸਰਹੰਦ ਨੂੰ ਛੱਡ ਕੇ ਹੀ ਭੱਜ ਗਿਆ ਸੀ, ਪਰ ਸਥਾਨਕ ਲੋਕ ਉਸ ਦੇ ਟਿਕਾਣੇ ਜਾਣਦੇ ਸਨ, ਉਸ ਨੂੰ ਫੜ ਕੇ ਬੜੇ ਤਸੀਹੇ ਦੇ ਕੇ ਮਾਰਿਆ ਗਿਆ। ਇਸ ਤੋਂ ਬਾਅਦ ਸਢੌਰਾ ਅਤੇ ਸਹਾਰਨਪੁਰ ਨੂੰ ਵੀ ਸੋਧਿਆ ਗਿਆ ਅਤੇ ਜ਼ਾਲਮਾਂ ਨੂੰ ਚੁਣ-ਚੁਣ ਮਾਰਿਆ ਗਿਆ। ਕੋਈ ਵੀ ਮੁਗ਼ਲ ਸੂਰਮਾ ਸਿੱਖਾਂ ਦਾ ਮੁਕਾਬਲਾ ਕਰਨ ਲਈ ਤਿਆਰ ਨਹੀਂ ਸੀ। ਇਨ੍ਹਾਂ ਸਾਰੀਆਂ ਲੜਾਈਆਂ ਵਿਚ ਬਾਬਾ ਦੀਪ ਸਿੰਘ ਨੇ ਆਪਣੀ ਬਹਾਦਰੀ ਦੇ ਖ਼ੂਬ ਜੌਹਰ ਵਿਖਾਏ। ਬਾਬਾ ਬੰਦਾ ਸਿੰਘ ਬਹਾਦਰ ਉਨ੍ਹਾਂ ਦੀ ਬੀਰਤਾ 'ਤੇ ਬਹੁਤ ਪ੍ਰਸੰਨ ਹੋਇਆ ਅਤੇ ਉਸ ਨੇ ਬਾਬਾ ਦੀਪ ਸਿੰਘ ਨੂੰ 'ਅਣਖੀ ਬਲੀ ਯੋਧੇ' ਦਾ ਖ਼ਿਤਾਬ ਦਿੱਤਾ।

ਜਦ ਬਾਬਾ ਬੰਦਾ ਸਿੰਘ ਬਹਾਦਰ ਪਹਾੜਾਂ ਵੱਲ ਚਲੇ ਗਏ ਤਾਂ ਬਾਬਾ ਦੀਪ ਸਿੰਘ ਆਪਣੇ ਸਾਥੀਆਂ ਸਮੇਤ ਦੁਬਾਰਾ ਦਮਦਮਾ ਸਾਹਿਬ ਆ ਗਏ।



ਮੱਸੇ ਰੰਗੜ ਨੂੰ ਸੋਧਣਾ

ਇਕ ਵਾਰ 1794 ਬਿਕ੍ਰਮੀ ਦੀ ਦੀਵਾਲੀ ਨੂੰ ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਵਿਖੇ ਦੀਵਾਲੀ ਮਨਾਉਣ ਦਾ ਪ੍ਰੋਗਰਾਮ ਬਣਾਇਆ। ਸਿੱਖਾਂ ਨੂੰ ਦੀਵਾਲੀ ਮਨਾਉਣ ਦੀ ਆਗਿਆ ਨਹੀਂ ਸੀ, ਭਾਈ ਮਨੀ ਸਿੰਘ ਨੇ ਜ਼ਕਰੀਆ ਖਾਂ ਨੂੰ ਪੰਜ ਹਜ਼ਾਰ ਰੁਪਏ ਦੇਣਾ ਮੰਨ ਕੇ ਆਪਣੀ ਮਨ ਮਰਜ਼ੀ ਅਨੁਸਾਰ ਦੀਵਾਲੀ ਮਨਾਉਣ ਦੀ ਆਗਿਆ ਪ੍ਰਾਪਤ ਕਰ ਲਈ। ਪਰ ਦੀਵਾਲੀ ਵਾਲੇ ਦਿਨ ਜਦ ਸਿੱਖ ਦੂਰੋਂ-ਦੂਰੋਂ ਆਉਣ ਲੱਗੇ ਤਾਂ ਸੂਬੇ ਨੇ ਵੱਡੀ ਗਿਣਤੀ ਵਿਚ ਫ਼ੌਜਾਂ ਭੇਜ ਕੇ ਸਿੱਖਾਂ ਨੂੰ ਫੜਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦੀਵਾਲੀ ਵੀ ਨਾ ਲੱਗੀ ਅਤੇ ਚੜ੍ਹਾਵਾ ਵੀ ਕੋਈ ਨਾ ਚੜ੍ਹਿਆ। ਭਾਈ ਮਨੀ ਸਿੰਘ ਪਾਸ ਜ਼ਕਰੀਆ ਖਾਂ ਨੂੰ ਦੇਣ ਵਾਸਤੇ ਪੰਜ ਹਜ਼ਾਰ ਰੁਪਏ ਇਕੱਠੇ ਨਾ ਹੋ ਸਕੇ। ਰਕਮ ਨਾ ਮਿਲਣ ਉਤੇ ਭਾਈ ਮਨੀ ਸਿੰਘ ਨੂੰ ਫੜ ਕੇ ਲਾਹੌਰ ਲੈ ਗਏ ਅਤੇ ਉਸਦੇ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਉਸ ਦੀ ਸ਼ਹੀਦੀ ਤੋਂ ਬਾਅਦ ਜ਼ਕਰੀਆ ਖਾਂ ਨੇ ਦਰਬਾਰ ਸਾਹਿਬ ਦਾ ਹਾਕਮ ਮੱਸੇ ਰੰਗੜ ਨੂੰ ਲਾ ਦਿੱਤਾ। ਉਸ ਨੂੰ ਹਰ ਪ੍ਰਕਾਰ ਦੀ ਖੁੱਲ੍ਹ ਦੇ ਦਿੱਤੀ ਕਿ ਜਿਵੇਂ ਉਹ ਚਾਹੇ ਸਿੱਖਾਂ ਨੂੰ ਤੰਗ ਕਰ ਸਕਦਾ ਸੀ। ਮੱਸੇ ਰੰਗੜ ਨੇ ਦਰਬਾਰ ਸਾਹਿਬ ਉਤੇ ਕਬਜ਼ਾ ਕਰ ਲਿਆ ਅਤੇ ਇਸ ਦੇ ਚਾਰ ਚੁਫੇਰੇ ਪਹਿਰਾ ਲਾ ਦਿੱਤਾ ਕਿ ਕੋਈ ਸਿੱਖ ਜਾਂ ਹੋਰ ਸ਼ੱਕੀ ਬੰਦਾ ਅੰਦਰ ਨਾ ਜਾ ਸਕੇ। ਆਪ ਉਸ ਹਰਿਮੰਦਰ ਸਾਹਿਬ ਵਿਚ ਇਕ ਪਲੰਘ ਵਿਛਾ ਲਿਆ ਅਤੇ ਇਕ ਮੋਟੇ ਤਕੀਏ 'ਤੇ ਸਿਰ ਰੱਖ ਕੇ ਸਾਰਾ ਦਿਨ ਹੁਕਾ ਪੀਂਦਾ ਰਹਿੰਦਾ। ਜਦ ਸ਼ਾਮ ਹੋਣ ਲੱਗਦੀ ਤਾਂ ਸ਼ਰਾਬ ਦੀ ਸੁਰਾਹੀ ਆ ਜਾਂਦੀ, ਸਾਰੰਗੀ ਤਬਲੇ ਵਾਲੇ ਸਾਜ਼ ਵਜਾਉਣ ਲੱਗਦੇ ਅਤੇ ਵੇਸਵਾ ਨੱਚਣਾ ਸ਼ੁਰੂ ਕਰ ਦਿੰਦੀ। ਸਿੱਖ ਉਸ ਸਮੇਂ ਪੰਜਾਬ ਨੂੰ ਛੱਡ ਕੇ ਰਾਜਸਥਾਨ ਵਿਚ ਚਲੇ ਗਏ ਸਨ। ਜਦ ਉਨ੍ਹਾਂ ਨੂੰ ਇਸ ਘਿਣਾਉਨੀ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਤੁਰੰਤ ਸੂਚਨਾ ਬਾਬਾ ਦੀਪ ਸਿੰਘ ਨੂੰ ਦਮਦਮਾ ਸਾਹਿਬ ਭੇਜ ਦਿੱਤੀ।

ਮੱਸੇ ਰੰਗੜ ਦੀ ਅਜਿਹੀ ਭੈੜੀ ਕਰਤੂਤ ਦਾ ਹਾਲ ਸੁਣ ਕੇ ਬਾਬਾ ਦੀਪ ਸਿੰਘ ਭਖ ਉਠੇ, "ਉਹ ਜਾਣਦਾ ਨਹੀਂ ਕਿ ਸਿੱਖ ਹਾਲੇ ਮਰੇ ਨਹੀਂ ਹਨ, ਜੇ ਉਹ ਸਰਹੰਦ ਦੇ ਸੂਬੇ ਨੂੰ ਸੋਧ ਸਕਦੇ ਹਨ ਤਾਂ ਮੱਸਾ ਰੰਗੜ ਕਿਸ ਦੇ ਪਾਣੀਹਾਰ ਹੈ।" ਉਸ ਸਮੇਂ ਦੀਵਾਨ ਲੱਗਾ ਹੋਇਆ ਸੀ। ਉਨ੍ਹਾਂ ਬੜੇ ਪ੍ਰੇਮ ਅਤੇ ਰੋਹ ਨਾਲ ਕਿਹਾ, "ਖਾਲਸਾ ਜੀ, ਤੁਸੀਂ ਸੁਣ ਹੀ ਲਿਆ ਹੈ ਕਿ ਮੱਸਾ ਰੰਗੜ ਸਾਡੇ ਪਵਿੱਤਰ ਤੀਰਥ ਅਸਥਾਨ ਦਰਬਾਰ ਸਾਹਿਬ ਵਿਚ ਬੈਠ ਕੇ ਸ਼ਰਾਬ ਅਤੇ ਹੁੱਕਾ ਪੀ ਰਿਹਾ ਹੈ ਅਤੇ ਕੰਜਰੀਆਂ ਦਾ ਨਾਚ ਕਰਵਾਉਂਦਾ ਹੈ। ਮੈਂ ਅੱਜ ਇਸ ਦੀਵਾਨ ਵਿਚ ਵੰਗਾਰ ਕੇ ਕਹਿੰਦਾ ਹਾਂ ਕੀ ਅਜਿਹਾ ਕੋਈ ਸੂਰਮਾ ਹੈ ਜਿਹੜਾ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਵੇ। ਮੈਂ ਉਸ ਦੇ ਸਿਰ ਨੂੰ ਵੇਖਣਾ ਚਾਹੁੰਦਾ ਹਾਂ।"

ਉਸੇ ਵੇਲੇ ਦੋ ਸਿੰਘ ਉਠ ਕੇ ਖਲੋ ਗਏ। ਉਨ੍ਹਾਂ ਵਿਚ ਇਕ ਸੀ ਸੁੱਖਾ ਸਿੰਘ 'ਮਾੜੀ ਕੰਬੋਕੇ' ਅਤੇ ਦੂਸਰਾ ਸੀ ਮਹਾਨ ਯੋਧਾ ਮਹਿਤਾਬ ਸਿੰਘ ਮੀਰਾਂ ਕੋਟੀਆ। ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ, "ਬਾਬਾ ਜੀ ਇਹ ਸੇਵਾ ਸਾਨੂੰ ਬਖਸ਼ੋ ਅਤੇ ਸਾਨੂੰ ਆਸ਼ੀਰਵਾਦ ਦੇਵੋ ਕਿ ਅਸੀਂ ਉਸਦਾ ਸਿਰ ਆਪ ਦੇ ਚਰਨਾਂ ਵਿਚ ਲਿਆ ਕੇ ਰਖੀਏ।" ਬਾਬਾ ਜੀ ਬੋਲੇ, "ਪਰਉਪਕਾਰ ਕਰਨ ਵਾਲੇ ਦੀ ਦਸਮ ਪਾਤਸ਼ਾਹ ਆਪ ਅੰਗ ਸੰਗ ਹੋ ਕੇ ਸਹਾਇਤਾ ਕਰਦੇ ਹਨ। ਇਸ ਲਈ ਤੁਸੀਂ ਆਪਣੇ ਆਪ ਨੂੰ ਇਕੱਲਿਆਂ ਨਹੀਂ ਸਮਝਣਾ, ਬਲਕਿ ਇਹ ਸਮਝਣਾ ਕਿ ਦਸਮ ਪਿਤਾ ਤੁਹਾਡੇ ਨਾਲ ਹਨ।"

ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦੋ ਵਧੀਆ ਥੈਲੀਆਂ ਬਣਵਾਈਆਂ ਅਤੇ ਉਨ੍ਹਾਂ ਨੂੰ ਠੀਕਰੀਆਂ

ਨਾਲ ਭਰ ਲਿਆ। ਮੁਸਲਮਾਨੀ ਭੇਸ ਧਾਰ ਕੇ ਉਹ ਘੋੜਿਆਂ 'ਤੇ ਚੜ੍ਹ ਗਏ। ਜਦ ਉਹ ਹਰਿਮੰਦਰ ਲਾਗੇ ਪਹੁੰਚੇ ਤਾਂ ਪਹਿਰੇਦਾਰਾਂ ਉਨ੍ਹਾਂ ਨੂੰ ਰੋਕਿਆ। ਉਨ੍ਹਾਂ ਨੇ ਪਹਿਰੇਦਾਰਾਂ ਨੂੰ ਥੈਲੀਆਂ ਵਿਖਾਉਂਦਿਆਂ ਕਿਹਾ ਕਿ ਉਹ ਮਾਮਲਾ ਤਾਰਨ ਆਏ ਹਨ। ਪਹਿਰੇਦਾਰਾਂ ਨੇ ਉਨ੍ਹਾਂ ਨੂੰ ਅੱਗੇ ਲੰਘਣ ਦਿੱਤਾ। ਉਨ੍ਹਾਂ ਨੇ ਦੋਵਾਂ ਘੋੜਿਆਂ ਨੂੰ ਅਲਾਇਚੀ ਬੇਰੀ ਕੋਲ ਬੰਨ੍ਹਿਆਂ ਅਤੇ ਹਰਿਮੰਦਰ ਸਾਹਿਬ ਅੰਦਰ ਚਲੇ ਗਏ। ਮੱਸੇ ਰੰਗੜ ਦੇ ਸਾਹਮਣੇ ਜਾ ਕੇ ਉਨ੍ਹਾਂ ਠੀਕਰੀਆਂ ਦੀਆਂ ਭਰੀਆਂ ਥੈਲੀਆਂ ਰੱਖ ਦਿੱਤੀਆਂ ਅਤੇ ਕਿਹਾ, "ਜਨਾਬ ਅਸੀਂ ਹਜ਼ੂਰ ਨੂੰ ਮਾਮਲਾ ਦੇਣ ਆਏ ਹਾਂ।" ਮੱਸਾ ਜਿਹੜਾ ਅੱਗੇ ਹੀ ਸ਼ਰਾਬ ਵਿਚ ਗੁੱਟ ਸੀ, ਰੁਪਈਆਂ ਦੀਆਂ ਭਰੀਆਂ ਥੈਲੀਆਂ ਵੇਖ ਕੇ ਬਹੁਤ ਖ਼ੁਸ਼ ਹੋਇਆ ਅਤੇ ਕਹਿਣ ਲੱਗਾ, "ਤੁਹਾਡਾ ਭਲਾ ਹੋਵੇ, ਪੈਸਿਆਂ ਦੀ ਤਾਂ ਅੱਗੇ ਹੀ ਬੜੀ ਲੋੜ ਸੀ।"

ਫਿਰ ਉਹ ਪਲੰਘ ਉਤੇ ਲੇਟਿਆ ਲੇਟਿਆ ਹੀ ਸਿਰ ਨੀਵਾਂ ਕਰਕੇ ਥੈਲੀਆਂ ਨੂੰ ਵੇਖਣ ਲੱਗਾ। ਭਾਈ ਮਹਿਤਾਬ ਸਿੰਘ ਨੇ ਇਹ ਮੌਕਾ ਠੀਕ ਸਮਝਿਆ ਤੇ ਉਸ ਇਕ ਹੀ ਵਾਰ ਨਾਲ ਮੱਸੇ ਰੰਗੜ ਦਾ ਸਿਰ ਲਾਹ ਦਿੱਤਾ। ਸਾਜ਼ਿੰਦੇ ਅਤੇ ਕੰਜਰੀਆਂ ਮੰਜੀਆਂ ਥੱਲੇ ਲੁਕ ਗਏ। ਸੁਖਾ ਸਿੰਘ ਨੇ ਓਥੋਂ ਹੀ ਇਕ ਨੇਜ਼ਾ ਫੜਿਆ ਅਤੇ ਮੱਸੇ ਰੰਗੜ ਦਾ ਸਿਰ ਨੇਜ਼ੇ ਵਿਚ ਪਰੋ ਲਿਆ ਅਤੇ ਅੱਖ ਦੇ ਫੋਰ ਵਿਚ ਭੱਜ ਕੇ ਘੋੜਿਆਂ 'ਤੇ ਚੜ੍ਹ ਗਏ। ਪਹਿਰੇਦਾਰਾਂ ਨੂੰ ਇਹ ਪਤਾ ਹੀ ਨਾ ਲੱਗਾ ਕਿ ਅਸਲ ਵਿਚ ਕੀ ਵਾਪਰਿਆ ਸੀ। ਘੋੜੇ ਭਜਾਉਂਦੇ ਉਹ ਦਮਦਮਾ ਸਾਹਿਬ ਪਹੁੰਚ ਗਏ ਅਤੇ ਮੱਸੇ ਰੰਗੜ ਦਾ ਸਿਰ ਬਾਬਾ ਜੀ ਦੇ ਚਰਨਾਂ ਵਿਚ ਜਾ ਰਖਿਆ। ਜਦ ਲਾਹੌਰ ਦੇ ਹਾਕਮ ਨੂੰ ਇਹ ਪਤਾ ਲੱਗਾ ਕਿ ਸਿੱਖ ਮੱਸੇ ਰੰਗੜ ਦਾ ਸਿਰ ਹੀ ਕੱਟ ਕੇ ਲੈ ਗਏ ਹਨ ਤਾਂ ਉਹ ਬਹੁਤ ਹੈਰਾਨ ਹੋਇਆ।



ਅਦੀਨਾ ਬੇਗ ਨਾਲ ਝੜਪ

ਉਨ੍ਹਾਂ ਸਮਿਆਂ ਵਿਚ ਜਲੰਧਰ ਦਾ ਹਾਕਮ ਅਦੀਨਾ ਬੇਗ ਸੀ। ਉਹ ਸਿੱਖਾਂ ਪ੍ਰਤਿ ਨਰਮ ਖਿਆਲੀਆ ਸੀ, ਜਿਸ ਕਰਕੇ ਲਾਹੌਰ ਦਾ ਸੂਬੇਦਾਰ ਉਸ ਉਤੇ ਖ਼ੁਸ਼ ਨਹੀਂ ਸੀ। ਇਸ ਲਈ ਉਸ ਨਾਸਰ ਦੀਨ ਨੂੰ ਕੁਝ ਫ਼ੌਜ ਦੇ ਕੇ ਭੇਜਿਆ ਤਾਂਕਿ ਅਦੀਨਾ ਬੇਗ ਨੂੰ ਭਜਾ ਕੇ ਉਹ ਖ਼ੁਦ ਜਲੰਧਰ ਦਾ ਹਾਕਮ ਬਣ ਜਾਵੇ। ਅਦੀਨਾ ਬੇਗ ਨਾਸਰ ਦੀਨ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਭੱਜ ਗਿਆ। ਨਾਸਰ ਦੀਨ ਨੇ ਸੂਬੇਦਾਰ ਬਣਦਿਆਂ ਹੀ ਸਿੱਖਾਂ ਉਤੇ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਕਰਤਾਰਪੁਰ ਦੇ ਗੁਰਦਵਾਰਿਆਂ ਦੀ ਉਸ ਬੇਪਤੀ ਕੀਤੀ ਅਤੇ ਪਿੰਡਾਂ ਵਿਚੋਂ ਸਿੱਖਾਂ ਨੂੰ ਲੱਭ-ਲੱਭ ਮਾਰਿਆ। ਜਦ ਕਾਹਨੂਵਾਨ ਦੀ ਛੰਭ ਵਿਚ ਰਹਿਣ ਵਾਲੇ ਸਿੱਖਾਂ ਨੂੰ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਬਾਬਾ ਦੀਪ ਸਿੰਘ ਨੂੰ ਦਮਦਮੇ ਸਾਹਿਬ ਸੁਨੇਹਾ ਭੇਜਿਆ। ਬਾਬਾ ਦੀਪ ਸਿੰਘ ਦਾ ਤਾਂ ਜੀਵਨ ਹੀ ਕੌਮ ਦੇ ਲੇਖੇ ਸੀ, ਇਸ ਲਈ ਉਹ ਇਕ ਵੱਡੀ ਫ਼ੌਜ ਲੈ ਕੇ ਜਲੰਧਰ ਵੱਲ ਵਧਿਆ। ਕਾਹਨੂਵਾਨ ਦੇ ਛੰਭ ਵਿਚ ਟਿਕੇ ਸਿੱਖ ਵੀ ਜਲੰਧਰ ਵਲ ਆ ਧਾਏ। ਜਦ ਦੋਵੇਂ ਫ਼ੌਜਾਂ ਇਕੱਠੀਆਂ ਹੋ ਗਈਆਂ ਤਾਂ ਉਨ੍ਹਾਂ ਨਾਸਰ ਦੀਨ 'ਤੇ ਹਮਲਾ ਕਰ ਦਿੱਤਾ। ਨਾਸਰ ਦੀਨ ਸਿੱਖਾਂ ਦਾ ਮੁਕਾਬਲਾ ਨਾ ਕਰ ਸਕਿਆ ਤੇ ਫੜਿਆ ਗਿਆ। ਸਿੱਖਾਂ ਨੇ ਉਸ ਨੂੰ ਜੀਉਂਦੇ ਨੂੰ ਸਾੜ ਦਿੱਤਾ। ਅਦੀਨਾ ਬੇਗ ਨੂੰ ਉਨ੍ਹਾਂ ਫਿਰ ਜਲੰਧਰ ਦਾ ਹਾਕਮ ਬਣਾ ਦਿੱਤਾ। ਪਰ ਲਾਹੌਰ ਦਾ ਸੂਬੇਦਾਰ ਉਸ 'ਤੇ ਖ਼ੁਸ਼ ਨਹੀਂ ਸੀ। ਉਹ ਜਲੰਧਰ ਦਾ ਹਾਕਮ ਆਪਣੀ ਮਰਜ਼ੀ ਦਾ ਲਾਉਣਾ ਚਾਹੁੰਦਾ ਸੀ। ਪਰ ਸਿੱਖਾਂ ਤੋਂ ਡਰਦਾ ਕੋਈ ਜਲੰਧਰ ਦੀ ਸੂਬੇਦਾਰੀ ਨਹੀਂ ਸੀ ਲੈਣਾ ਚਾਹੁੰਦਾ। ਅਖ਼ੀਰ ਲਾਹੌਰ ਦਾ ਹਾਕਮ ਅਦੀਨਾ ਬੇਗ ਨੂੰ ਡਰਾਵੇ ਦੇਣ ਲੱਗਾ ਕਿ ਜਾਂ ਤਾਂ ਉਹ ਸਿੱਖਾਂ ਉਤੇ ਜ਼ੁਲਮ ਢਾਹੇ ਅਤੇ ਉਨ੍ਹਾਂ ਨਾਲੋਂ ਬਿਲਕੁਲ ਨਾਤਾ ਤੋੜ ਲਵੇ, ਨਹੀਂ ਤਾਂ ਮਰਨ ਲਈ ਤਿਆਰ ਹੋ ਜਾਵੇ। ਕੁੜਿਕੀ ਵਿਚ ਫਸਿਆ ਅਦੀਨਾ ਬੇਗ ਸਿੱਖਾਂ ਦੇ ਵਿਰੁੱਧ ਹੋ ਗਿਆ ਅਤੇ ਉਨ੍ਹਾਂ ਉਤੇ ਕਹਿਰ ਢਾਹੁਣ ਲੱਗਾ।

ਬਾਬਾ ਦੀਪ ਸਿੰਘ ਹਾਲੇ ਦਮਦਮੇ ਸਾਹਿਬ ਨਹੀਂ ਸੀ ਪੁਜਾ ਕਿ ਰਾਹ ਵਿਚ ਸ੍ਰ: ਜੱਸਾ ਸਿੰਘ ਆਹਲੂਵਾਲੀਏ ਦਾ ਸੁਨੇਹਾ ਪਹੁੰਚ ਗਿਆ, "ਅਦੀਨਾ ਬੇਗ ਲਾਹੌਰ ਦੇ ਸੂਬੇਦਾਰ ਨਾਲ ਮਿਲ ਗਿਆ ਹੈ ਅਤੇ ਸਿਆਲਕੋਟ ਦਾ ਹਾਕਮ ਅਮੀਨ ਖਾਂ ਵੀ ਲਾਹੌਰ ਦੇ ਸੂਬੇ ਦੇ ਹੁਕਮ ਮੁਤਾਬਕ ਸਿੱਖਾਂ 'ਤੇ ਜ਼ੁਲਮ ਕਰ ਰਿਹਾ ਹੈ। ਸਾਨੂੰ ਹੁਣ ਕੀ ਕਰਨਾ ਚਾਹੀਦਾ ਹੈ?"

ਬਾਬਾ ਦੀਪ ਸਿੰਘ ਨੇ ਜਵਾਬ ਦਿੱਤਾ ਕਿ ਸਾਰੇ ਮਿਸਲਾਂ ਦੇ ਜਥੇਦਾਰ ਆਪਣੀਆਂ ਫ਼ੌਜਾਂ ਸਮੇਤ ਦੁਆਬੇ ਵਿਚ ਇਕ ਥਾਂ ਇਕੱਠੇ ਹੋ ਜਾਣ। ਉਹ ਜਲਦੀ ਵਾਪਿਸ ਆ ਰਹੇ ਹਨ।

ਬਾਬਾ ਜੀ ਦੀ ਹਦਾਇਤ ਅਨੁਸਾਰ ਸਾਰੇ ਸਿੱਖ ਦੁਆਬੇ ਵਿਚ ਇਕੱਠੇ ਹੋ ਗਏ। ਬਾਬਾ ਜੀ ਦੇ ਪੁਜਣ 'ਤੇ ਜਲੰਧਰ 'ਤੇ ਹਮਲਾ ਕਰ ਦਿੱਤਾ।

ਬੜਾ ਭਾਰੀ ਯੁੱਧ ਹੋਇਆ। ਜਦ ਅਦੀਨਾ ਬੇਗ ਜਾਨ ਬਚਾ ਕੇ ਭੱਜ ਗਿਆ ਤਾਂ ਉਸਦੀਆਂ ਫ਼ੌਜਾਂ ਵੀ ਜਿਧਰ ਮੂੰਹ ਹੋਇਆ ਦੌੜ ਗਈਆਂ।

ਜਲੰਧਰ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਬਾਬਾ ਦੀਪ ਸਿੰਘ ਨੇ ਸ੍ਰ: ਜੱਸਾ ਸਿੰਘ ਆਹਲੂਵਾਲੀਏ ਨੂੰ ਜਲੰਧਰ ਦਾ ਹਾਕਮ ਬਣਾ ਦਿੱਤਾ।

ਜਲੰਧਰ ਜਿੱਤਣ ਤੋਂ ਬਾਅਦ ਸਿੱਖ ਫ਼ੌਜਾਂ ਨੇ ਸਿਆਲਕੋਟ ਵੱਲ ਰੁਖ ਕੀਤਾ। ਜਦ ਅਮੀਨ ਖਾਂ ਨੂੰ ਇਹ ਪਤਾ ਲੱਗਾ ਕਿ ਜਲੰਧਰ ਫ਼ਤਹਿ ਕਰਕੇ ਸਿੱਖ ਫ਼ੌਜਾਂ ਉਸ ਵਲ ਆ ਰਹੀਆਂ ਹਨ ਤਾਂ ਉਸ ਲਾਹੌਰ ਦੇ

ਸੂਬੇਦਾਰ ਪਾਸੋਂ ਮੱਦਦ ਮੰਗੀ। ਪਰ ਲਾਹੌਰ ਦਾ ਸੂਬੇਦਾਰ ਤਾਂ ਪਹਿਲਾਂ ਹੀ ਡਰਿਆ ਹੋਇਆ ਸੀ। ਸਿਆਲਕੋਟ ਤੋਂ ਬਾਅਦ ਹੁਣ ਉਸ ਦੀ ਵਾਰੀ ਸੀ। ਇਸ ਲਈ ਉਹ ਆਪਣੇ ਮੋਰਚੇ ਮਜ਼ਬੂਤ ਕਰਨ ਵਿਚ ਲੱਗਾ ਹੋਇਆ ਸੀ। ਇਸ ਲਈ ਉਸ ਅਮੀਨ ਖਾਂ ਦੀ ਕੋਈ ਸਹਾਇਤਾ ਨਾ ਕੀਤੀ।

ਬਾਬਾ ਦੀਪ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਸਿਆਲਕੋਟ ਨੂੰ ਜਾ ਘੇਰਾ ਪਾਇਆ। ਪਰ ਅਮੀਨ ਖਾਂ, ਬੜੀ ਦਲੇਰੀ ਨਾਲ ਸਿੰਘਾਂ ਦੇ ਅੱਗੇ ਆ ਡਟਿਆ। ਉਸ ਦੀਆਂ ਫ਼ੌਜਾਂ ਪਾਸ ਵੱਡੀਆਂ ਤੋਪਾਂ ਅਤੇ ਬੰਦੂਕਾਂ ਵੀ ਸਨ। ਪਰ ਸਿੰਘ ਏਨੀ ਦਲੇਰੀ ਨਾਲ ਲੜੇ ਕਿ ਮੁਗ਼ਲ ਫ਼ੌਜੀ ਤੋਪਾਂ ਬੰਦੂਕਾਂ ਚਲਾਉਣੀਆਂ ਹੀ ਭੁੱਲ ਗਏ। ਸਿੰਘ ਇਤਨੀਂ ਬਹਾਦਰੀ ਨਾਲ ਲੜ ਰਹੇ ਸਨ ਕਿ ਕੁਝ ਘੜੀਆਂ ਵਿਚ ਹੀ ਉਨ੍ਹਾਂ ਅਮੀਨ ਖਾਂ ਦੀ ਫ਼ੌਜ ਦੇ ਆਹੂ ਲਾਹ ਦਿੱਤੇ। ਅਮੀਨ ਖਾਂ ਨੂੰ ਬਾਬਾ ਦੀਪ ਸਿੰਘ ਨੇ ਜਾ ਘੇਰਿਆ। ਆਪਣਾ ਘੋੜਾ ਉਸ ਦੇ ਨੇੜੇ ਕਰਦੇ ਹੋਏ ਉਨ੍ਹਾਂ ਕਿਹਾ, "ਜ਼ਾਲਮ ਅਮੀਨੇ! ਅੱਲਾਹ ਨੂੰ ਯਾਦ ਕਰ ਲੈ ਹੁਣ।" ਅਮੀਨ ਖਾਂ ਨੇ ਬੜੇ ਗੁੱਸੇ ਵਿਚ ਆ ਕੇ ਇਕ ਤਲਵਾਰ ਦਾ ਵਾਰ ਬਾਬਾ ਦੀਪ ਸਿੰਘ 'ਤੇ ਕੀਤਾ, ਪਰ ਬਾਬਾ ਜੀ ਨੇ ਉਹ ਵਾਰ ਆਪਣੇ ਖੰਡੇ 'ਤੇ ਹੀ ਡੱਕ ਲਿਆ। ਫਿਰ ਉਨ੍ਹਾਂ ਆਪਣੇ ਖੰਡੇ ਨੂੰ ਜ਼ੋਰ ਨਾਲ ਅਮੀਨ ਖਾਂ ਨੂੰ ਮਾਰਿਆ ਜਿਹੜਾ ਅਮੀਨ ਖਾਂ ਨੂੰ ਚੀਰਦਾ ਹੋਇਆ ਉਸ ਦੇ ਘੋੜੇ ਨੂੰ ਵੀ ਚੀਰ ਗਿਆ। ਅਮੀਨ ਖਾਂ ਦੀ ਲਗ-ਪਗ ਸਾਰੀ ਫ਼ੌਜ ਮਾਰੀ ਗਈ ਸੀ, ਜਿਹੜਾ ਕੋਈ ਬਚਿਆ ਸੀ ਉਹ ਵੀ ਭੱਜ ਗਿਆ।

ਬਾਬਾ ਦੀਪ ਸਿੰਘ ਨੇ ਸ੍ਰ: ਨੱਥਾ ਸਿੰਘ ਅਤੇ ਸ੍ਰ: ਗੁਲਾਬ ਸਿੰਘ ਨੂੰ ਸਿਆਲਕੋਟ ਦੇ ਇਲਾਕੇ ਦੀ ਸਰਦਾਰੀ ਦੇ ਦਿੱਤੀ। ਆਪ ਉਹ ਵਾਪਿਸ ਦਮਦਮਾ ਸਾਹਿਬ ਚਲੇ ਗਏ।



ਅਬਦਾਲੀ ਦਾ ਹਮਲਾ

ਮੀਰ ਮੰਨੂ ਨੇ ਸਿੱਖਾਂ 'ਤੇ ਬਹੁਤ ਜ਼ੁਲਮ ਢਾਹੇ ਸਨ ਅਤੇ ਇਕ ਸਿੱਖ ਦੇ ਸਿਰ ਦਾ ਮੁੱਲ ਇਕ ਟਕਾ ਕਰ ਦਿੱਤਾ ਸੀ। ਅੰਤ ਵਿਚ ਜਦ ਉਹ ਮਰਿਆ ਤਾਂ ਉਸ ਦੀ ਮੁਗਲਾਨੀ ਬੇਗਮ ਨੇ ਚਾਲਾਕੀ ਨਾਲ ਦਿੱਲੀ ਦੇ ਤਖ਼ਤ ਦੇ ਵਾਰਿਸਾਂ ਵਿਚ ਝਗੜਾ ਖੜਾ ਕਰ ਦਿੱਤਾ। ਪਰ ਉਸ ਝਗੜੇ ਨਾਲ ਉਸ ਨੂੰ ਕੁਝ ਵੀ ਨਸੀਬ ਨਾ ਹੋਇਆ। ਉਹ ਇਕ ਆਚਰਣਹੀਣ ਇਸਤਰੀ ਸੀ। ਇਸ ਲਈ ਦਿੱਲੀ ਦੇ ਬਾਦਸ਼ਾਹ ਅਤੇ ਹੋਰ ਅਮੀਰਾਂ ਵਜ਼ੀਰਾਂ ਨੂੰ ਸਬਕ ਸਿਖਾਉਣ ਲਈ ਉਸ ਅਬਦਾਲੀ ਨੂੰ ਹਿੰਦੋਸਤਾਨ ਉਤੇ ਹਮਲਾ ਕਰਨ ਦਾ ਸੱਦਾ ਦਿੱਤਾ। ਅਬਦਾਲੀ ਝਟ ਹੀ ਇਕ ਲੱਖ ਫ਼ੌਜ ਲੈ ਕੇ ਤੁਰ ਪਿਆ। ਉਹ ਹਿੰਦੁਸਤਾਨ ਨੂੰ ਜਿੱਤਣਾ ਨਹੀਂ ਸੀ ਚਾਹੁੰਦਾ, ਉਸ ਦਾ ਮੁਖ ਮਨੋਰਥ ਕੇਵਲ ਸੋਨਾ, ਚਾਂਦੀ, ਜਵਾਨ ਇਸਤਰੀਆਂ ਤੇ ਮੁੰਡੇ-ਕੁੜੀਆਂ ਲੁੱਟਣਾ ਹੁੰਦਾ ਸੀ। ਉਹ ਆਪਣੇ ਮੁਲਕ ਨੂੰ ਅਮੀਰ ਬਣਾਉਣਾ ਚਾਹੁੰਦਾ ਸੀ। ਉਹ ਤੇਜ਼ ਰਫ਼ਤਾਰ ਚਲਦਾ ਹੋਇਆ ਦਿੱਲੀ ਪੁੱਜਾ। ਮੁਗ਼ਲਾਨੀ ਬੇਗਮ ਦੇ ਕਹਿਣ ਮੁਤਾਬਕ ਸਭ ਅਮੀਰਾਂ ਵਜ਼ੀਰਾਂ ਨੂੰ ਲੁੱਟਿਆ। ਦਿੱਲੀ ਤੋਂ ਉਪਰੰਤ ਉਸ ਹੋਰ ਕਈ ਸ਼ਹਿਰਾਂ ਨੂੰ ਵੀ ਲੁੱਟਿਆ। ਮਾਲ ਧਨ ਲੁੱਟਣ ਤੋਂ ਉਪਰੰਤ ਉਸ ਦੇ ਸਿਪਾਹੀਆਂ ਨੇ ਕਈ ਹਜ਼ਾਰ ਜਵਾਨ ਮੁੰਡਿਆਂ ਕੁੜੀਆਂ ਨੂੰ ਵੀ ਫੜ ਲਿਆਂਦਾ।

ਮੁਹੰਮਦ ਸ਼ਾਹ ਦੀ ਜਵਾਨ ਲੜਕੀ ਨਾਲ ਉਸ ਆਪਣੇ ਪੁੱਤਰ ਤੈਮੂਰ ਦਾ ਵਿਆਹ ਕਰ ਦਿੱਤਾ ਅਤੇ ਬਾਦਸ਼ਾਹ ਆਲਮਗੀਰ ਦੀ ਲੜਕੀ ਨਾਲ ਆਪਣਾ ਵਿਆਹ ਕਰਵਾ ਲਿਆ। ਇਹ ਲੁੱਟ ਦਾ ਮਾਲ ਉਸ ਗੱਡਿਆਂ, ਊਠਾਂ 'ਤੇ ਲੱਦਿਆ ਅਤੇ ਵਾਪਿਸ ਆਪਣੇ ਦੇਸ਼ ਵੱਲ ਚੱਲ ਪਿਆ।

ਸ੍ਰ: ਜੱਸਾ ਸਿੰਘ ਆਹਲੂਵਾਲੀਆ ਨੂੰ ਜਦ ਇਹ ਪਤਾ ਲੱਗਾ ਕਿ ਅਬਦਾਲੀ ਦੇਸ਼ ਦੀਆਂ ਇਸਤਰੀਆਂ ਅਤੇ ਨੌਜਵਾਨ ਮੁੰਡਿਆਂ ਨੂੰ ਲੁੱਟ ਕੇ ਲੈ ਜਾ ਰਿਹਾ ਹੈ ਤਾਂ ਉਸ ਇਸ ਗੱਲ ਦਾ ਬਹੁਤ ਦੁੱਖ ਮਨਾਇਆ। ਇਸਤਰੀ ਦੀ ਰਖਿਆ ਕਰਨਾ ਹਰ ਸਿੱਖ ਦਾ ਧਰਮ ਹੈ। ਇਸ ਲਈ ਉਸ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੂੰ ਚਿੱਠੀਆਂ ਲਿਖੀਆਂ ਕਿ ਅਬਦਾਲੀ ਪਾਸੋਂ ਲੁੱਟ ਦਾ ਮਾਲ ਖੋਹਣ ਵਾਸਤੇ ਤਿਆਰ ਹੋ ਜਾਣ। ਉਸ ਸਾਰੇ ਸਰਦਾਰਾਂ ਨੂੰ ਅਬਦਾਲੀ ਦੇ ਕਾਫ਼ਲੇ ਉਤੇ ਵੱਖ-ਵੱਖ ਥਾਵਾਂ 'ਤੇ ਛਾਪੇ ਮਾਰਨ ਦੀ ਸਲਾਹ ਦਿੱਤੀ।

ਉਸ ਬਾਬਾ ਦੀਪ ਸਿੰਘ ਨੂੰ ਵੀ ਸੁਨੇਹਾ ਭੇਜਿਆ ਕਿ ਉਹ ਸਭ ਤੋਂ ਪਹਿਲਾਂ ਛਾਪਾ ਮਾਰਨ ਅਤੇ ਜਿੰਨਾਂ ਵੀ ਹੋ ਸਕਦਾ ਹੈ ਇਸਤਰੀਆਂ, ਮੁੰਡੇ ਅਤੇ ਮਾਲ ਧਨ ਅਬਦਾਲੀ ਪਾਸੋਂ ਖੋਹ ਕੇ ਲੈ ਜਾਣ।

ਉਸ ਸਮੇਂ ਸਿੱਖਾਂ ਦੀ ਗਿਣਤੀ ਬੜੀ ਥੋੜੀ ਸੀ ਇਸ ਲਈ ਉਹ ਛਾਪੇ ਮਾਰਕੇ, ਰਜਵਾੜਿਆਂ ਨੂੰ ਲੁੱਟ ਕੇ ਤੁਰੰਤ ਹਿਰਨ ਹੋ ਜਾਂਦੇ ਸਨ।

ਜਦ ਬਾਬਾ ਦੀਪ ਸਿੰਘ ਨੂੰ ਇਸ ਬਾਰੇ ਸੁਨੇਹਾ ਮਿਲਿਆ ਤਾਂ ਉਹ ਬੜੇ ਜਲਾਲ ਵਿਚ ਆ ਗਏ। ਉਹ ਬੋਲੇ, "ਇਹ ਕਿੰਨੀ ਸ਼ਰਮ ਦੀ ਗੱਲ ਹੈ ਕਿ ਇਨ੍ਹਾਂ ਮੁਗਲਾਂ ਦੇ ਰਾਜ ਵਿਚ ਇਕ ਬਾਹਰਲੇ ਮੁਲਕ ਦਾ ਲੁਟੇਰਾ ਸਾਡੇ ਦੇਸ਼ ਦੀਆਂ ਧੀਆਂ ਭੈਣਾਂ ਨੂੰ ਚੁਰਾ ਕੇ ਲੈ ਜਾ ਰਿਹਾ ਹੈ। ਉਨ੍ਹਾਂ ਤਾਂ ਸ਼ਰਮ ਵੇਚ ਲਈ ਹੈ, ਪਰ ਸਿੱਖ ਤਾਂ ਇਹ ਬਰਦਾਸ਼ਤ ਨਹੀਂ ਕਰ ਸਕਦੇ। ਅਸੀਂ ਇਨ੍ਹਾਂ ਧੀਆਂ ਭੈਣਾਂ ਨੂੰ ਅਬਦਾਲੀ ਪਾਸੋਂ ਖੋਵਾਂਗੇ।" ਉਨ੍ਹਾਂ ਆਪਣੇ ਸਾਰੇ ਸਿੰਘਾਂ ਨੂੰ ਬੁਲਾ ਲਿਆ ਅਤੇ ਲੱਖੀ ਜੰਗਲ ਵੀ ਸੁਨੇਹਾ ਭੇਜ ਦਿੱਤਾ ਕਿ ਜਿਹੜਾ ਵੀ ਸਿੱਖ ਇਸ ਕਾਰਜ ਵਿਚ ਯੋਗਦਾਨ ਪਾਉਣਾ ਚਾਹੁੰਦਾ ਹੈ ਸਾਡੇ ਨਾਲ ਆ ਮਿਲੇ।

ਅਗਲੇ ਦਿਨ ਸਭ ਸੰਗਤਾਂ ਇਕੱਠੀਆਂ ਹੋਈਆਂ ਤਾਂ ਉਨ੍ਹਾਂ ਕਿਹਾ, "ਇਸ ਕਾਰਜ ਵਿਚ ਨਾਲੇ ਪੁੰਨ ਨਾਲੇ ਫਲੀਆਂ। ਅਸੀਂ ਨਾਲੇ ਦੇਸ਼ ਦੀਆਂ ਨੂੰਹਾਂ ਧੀਆਂ ਨੂੰ ਮੋੜਾਂਗੇ ਅਤੇ ਨਾਲ ਹੀ ਅਬਦਾਲੀ ਦਾ ਮਾਲ

ਧਨ ਵੀ ਲੁੱਟਾਂਗੇ। ਸਾਡੇ ਪਾਸ ਵੀ ਮਾਇਆ ਦੀ ਹੁਣ ਘਾਟ ਹੋ ਗਈ ਹੈ। ਕੰਮ-ਕਾਜ ਤੇ ਖੁਲ੍ਹ ਕੇ ਅਸੀਂ ਕਰ ਨਹੀਂ ਸਕਦੇ। ਇਸ ਲਈ ਅਜੇਹੇ ਲੁਟੇਰੇ ਨੂੰ ਲੁੱਟਣਾ ਇਕ ਸਵਾਬ ਹੈ। ਸਾਡਾ ਜੱਥਾ ਇਕ ਸੂਰਮਿਆਂ ਦਾ ਜੱਥਾ ਹੈ। ਪਹਿਲਾ ਹੱਲਾ ਅਸੀਂ ਹੀ ਕਰਾਂਗੇ। ਦਿੱਲੀ ਤੋਂ ਚੱਲ ਕੇ ਜਿਥੇ ਵੀ ਉਹ ਪਹਿਲਾ ਪੜਾ ਕਰਨਗੇ ਓਥੇ ਹੀ ਰਾਤ ਪੈਂਦਿਆਂ ਹੀ ਇਨ੍ਹਾਂ 'ਤੇ ਹਮਲਾ ਕਰਕੇ, ਰਾਖਿਆਂ ਨੂੰ ਮਾਰ ਕੇ ਗੱਡਿਆਂ, ਊਠਾਂ ਨੂੰ ਭਜਾ ਕੇ ਲਾਂਭੇ ਲੈ ਜਾਵਾਂਗੇ। ਜਦ ਤਕ ਇਹ ਸਾਡਾ ਪਿੱਛਾ ਕਰਨਗੇ ਅਸੀਂ ਜੰਗਲਾਂ ਵਿਚ ਅਲੋਪ ਹੋ ਜਾਵਾਂਗੇ। ਰਾਤ ਦੇ ਹਨੇਰੇ ਵਿਚ ਇਹ ਪਿੱਛਾ ਨਹੀਂ ਕਰ ਸਕਦੇ। ਅਬਦਾਲੀ ਸਾਰਾ ਮਾਲ ਅਸਬਾਬ ਲੈ ਕੇ ਚੱਲ ਪਿਆ ਹੈ। ਇਸ ਲਈ ਸਾਨੂੰ ਵੀ ਹੁਣ ਤਿਆਰੀਆਂ ਕਰਨੀਆਂ ਚਾਹੀਦੀਆਂ ਹਨ ਤਾਂਕਿ ਅਸੀਂ ਪਹਿਲਾਂ ਹੀ ਰਾਹ ਵਿਚ ਡੇਰੇ ਲਾ ਸਕੀਏ। ਮੁਗ਼ਲ ਫ਼ੌਜ ਦਾ ਹੁਣ ਕੋਈ ਡਰ ਨਹੀਂ ਰਿਹਾ। ਬਾਦਸ਼ਾਹਤ ਲਗਪਗ ਖ਼ਤਮ ਹੋ ਚੁੱਕੀ ਹੈ। ਇਹ ਬੜਾ ਵਧੀਆ ਮੌਕਾ ਹੈ ਆਜ਼ਾਦੀ ਪ੍ਰਾਪਤ ਕਰਨ ਦਾ। ਹੁਣ ਅਸੀਂ ਇਕੱਠੇ ਹੋ ਕੇ ਸਾਰੇ ਪੰਜਾਬ 'ਤੇ ਕਬਜ਼ਾ ਕਰ ਸਕਦੇ ਹਾਂ। ਅਬਦਾਲੀ ਨੇ ਆਪਣੇ ਦੇਸ਼ ਚਲੇ ਜਾਣਾ ਹੈ ਅਤੇ ਪੰਜਾਬ ਵਿਚ ਗ਼ਦਰ ਮੱਚ ਜਾਣਾ ਹੈ। ਅਸੀਂ ਜੇ ਯਤਨ ਕਰਾਂਗੇ ਤਾਂ ਬਾਦਸ਼ਾਹੀ ਪ੍ਰਾਪਤ ਕਰਨੀ ਮੁਸ਼ਕਲ ਨਹੀਂ। ਇਸ ਲਈ ਜਿੰਨਾਂ ਕੁਝ ਵੀ ਲੁੱਟਿਆ ਜਾ ਸਕਦਾ ਹੈ ਲੁੱਟ ਲਵੋ, ਤਾਂ ਕਿ ਅਸੀਂ ਨਵੇਂ ਹਥਿਆਰ ਅਤੇ ਵਧੀਆ ਘੋੜੇ ਪ੍ਰਾਪਤ ਕਰ ਸਕੀਏ।"

ਬਾਬਾ ਦੀਪ ਸਿੰਘ ਪ੍ਰਸੰਨ ਚਿੱਤ ਸਿੱਖ ਰਾਜ ਦਾ ਸੁਪਨਾ ਵੇਖ ਰਹੇ ਸਨ।



ਅਬਦਾਲੀ ਨੂੰ ਲੁੱਟਣਾ

ਬਾਬਾ ਦੀਪ ਸਿੰਘ ਜੀ ਨੇ ਲੱਖੀ ਜੰਗਲ ਅਤੇ ਇਸ ਦੇ ਆਸ ਪਾਸ ਦੇ ਪਿੰਡਾਂ ਵਿਚੋਂ ਜਿੰਨੇ ਵੀ ਸਿੰਘ ਸੂਰਮੇ ਮਿਲ ਸਕਦੇ ਸਨ, ਆਪਣੇ ਦਲ ਵਿਚ ਸ਼ਾਮਲ ਕਰ ਲਏ। ਕਈ ਲੋਕ ਲੁੱਟਣ ਦੇ ਚਾਅ ਨਾਲ ਵੀ ਉਨ੍ਹਾਂ ਦੇ ਦਲ ਵਿਚ ਸ਼ਾਮਲ ਹੋਣ ਆਏ, ਪਰ ਬਾਬਾ ਜੀ ਨੇ ਉਨ੍ਹਾਂ ਨੂੰ ਆਪਣੇ ਨਾਲ ਲੈ ਜਾਣ ਤੋਂ ਨਾਂਹ ਕਰ ਦਿੱਤੀ। ਧਾੜਵੀਆਂ ਨੇ ਜਦ ਬਹੁਤ ਤਰਲੇ ਕੀਤੇ ਤਾਂ ਬਾਬਾ ਜੀ ਨੇ ਕਿਹਾ, "ਅਸੀਂ ਧਰਮ ਯੁੱਧ ਵਾਸਤੇ ਜਾ ਰਹੇ ਹਾਂ, ਅਸੀਂ ਅਬਦਾਲੀ ਪਾਸੋਂ ਆਪਣੇ ਦੇਸ਼ ਦੀਆਂ ਧੀਆਂ ਭੈਣਾਂ ਨੂੰ ਛਡਵਾਉਣਾ ਹੈ, ਅਸੀਂ ਉਨ੍ਹਾਂ ਦੀ ਇਜ਼ਤ ਆਬਰੂ ਬਚਾਉਣੀ ਹੈ ਅਤੇ ਉਨ੍ਹਾਂ ਨੂੰ ਵਾਪਿਸ ਉਨ੍ਹਾਂ ਦੇ ਘਰਾਂ ਵਿਚ ਪਹੁੰਚਾਉਣਾ ਹੈ। ਪਰ ਤੁਸੀਂ ਕੇਵਲ ਲੁੱਟਣ ਦੇ ਖ਼ਿਆਲ ਨਾਲ ਸਾਡੇ ਪਾਸ ਆਏ ਹੋ, ਤੁਸੀਂ ਉਨ੍ਹਾਂ ਇਸਤਰੀਆਂ ਦੀ ਬੇਪਤੀ ਵੀ ਕਰ ਸਕਦੇ ਹੋ। ਪਰ ਜੇ ਤੁਸੀਂ ਕਸਮਾਂ ਖਾਓ ਅਤੇ ਸਾਨੂੰ ਵਚਨ ਦਿਉ ਕਿ ਤੁਸੀਂ ਕਿਸੇ ਇਸਤਰੀ ਨੂੰ ਹੱਥ ਨਹੀਂ ਲਾਉਗੇ ਤਾਂ ਅਸੀਂ ਤੁਹਾਨੂੰ ਆਪਣੇ ਨਾਲ ਲੈ ਜਾਣ ਨੂੰ ਤਿਆਰ ਹਾਂ। ਪਰ ਇਹ ਸੋਚ ਲਵੋ ਕਿ ਜੇ ਤੁਸੀਂ ਕੋਈ ਗ਼ਲਤੀ ਕੀਤੀ ਤਾਂ ਅਸੀਂ ਤੁਹਾਨੂੰ ਬੁਰੀ ਤਰ੍ਹਾਂ ਸੋਧਾਂਗੇ।"

ਉਨ੍ਹਾਂ ਸਾਰਿਆਂ ਕਸਮਾਂ ਪਾਈਆਂ ਅਤੇ ਬਾਬਾ ਜੀ ਦੇ ਹੁਕਮ ਦੀ ਪਾਲਣਾ ਕਰਨ ਦਾ ਵਚਨ ਦਿੱਤਾ। ਬਾਬਾ ਦੀਪ ਸਿੰਘ ਪਾਸ ਦੋ ਹਜ਼ਾਰ ਤੋਂ ਵੱਧ ਘੋੜ ਸਵਾਰ ਫ਼ੌਜ ਹੋ ਗਈ ਸੀ। ਉਨ੍ਹਾਂ ਨੇ ਕੁਝ ਰਾਸ਼ਨ ਵੀ ਨਾਲ ਲੈ ਲਿਆ। ਕਿਉਂਕਿ ਉਨ੍ਹਾਂ ਨੂੰ ਕੁਝ ਸਮਾਂ ਉਡੀਕ ਕਰਨੀ ਪੈਣੀ ਸੀ। ਫ਼ੌਜ ਦੀ ਅਗਵਾਈ ਉਨ੍ਹਾਂ ਆਪ ਕੀਤੀ ਅਤੇ ਇਕ ਰਾਤ ਵਿਚ ਹੀ ਉਹ ਕਰਨਾਲ ਦੇ ਲਾਗੇ ਖੁਲ੍ਹੇ ਮੈਦਾਨ ਵਿਚ ਪਹੁੰਚ ਗਏ। ਓਥੇ ਜਾ ਕੇ ਉਨ੍ਹਾਂ ਆਰਾਮ ਕੀਤਾ, ਘੋੜਿਆਂ ਨੂੰ ਦਾਣਾ ਪਾਣੀ ਪਾਇਆ ਅਤੇ ਆਪ ਵੀ ਕੁਝ ਖਾਧਾ ਪੀਤਾ। ਬਾਬਾ ਦੀਪ ਸਿੰਘ ਨੇ ਸਭ ਤੋਂ ਪਹਿਲਾਂ ਹਮਲਾ ਕਰਨਾ ਸੀ। ਉਸ ਤੋਂ ਬਾਅਦ ਜਿਵੇਂ ਜਿਵੇਂ ਕਾਫ਼ਲੇ ਨੇ ਲਾਹੌਰ ਵੱਲ ਵਧਦੇ ਜਾਣਾ ਸੀ, ਦੂਸਰੀਆਂ ਮਿਸਲਾਂ ਦੇ ਸਰਦਾਰਾਂ ਨੇ ਅਬਦਾਲੀ ਦੇ ਰਾਤ ਠਹਿਰਨ ਵਾਲੇ ਪੜਾਵਾਂ 'ਤੇ ਹਮਲਾ ਕਰਨਾ ਸੀ।

ਇਸ ਲਈ ਬਾਬਾ ਦੀਪ ਸਿੰਘ ਦਾ ਹਮਲਾ ਬੜੀ ਅਹਿਮੀਅਤ ਰਖਦਾ ਸੀ। ਕਿਉਂਕਿ ਜੇ ਉਹ ਪਹਿਲੇ ਹਮਲੇ ਵਿਚ ਹੀ ਸਾਰੀਆਂ ਲੜਕੀਆਂ ਅਤੇ ਲੜਕਿਆਂ ਨੂੰ ਛਡਵਾਉਣ ਵਿਚ ਸਫਲ ਹੋ ਜਾਂਦਾ ਸੀ ਤਾਂ ਫਿਰ ਬਾਕੀਆਂ ਨੂੰ ਅਬਦਾਲੀ ਨੂੰ ਲੁੱਟਣਾ ਕੋਈ ਸੌਖਾ ਕੰਮ ਨਹੀਂ ਸੀ ਰਹਿ ਜਾਣਾ। ਇਹ ਤਾਂ ਸਪੱਸ਼ਟ ਸੀ ਕਿ ਅਬਦਾਲੀ ਨੇ ਫਿਰ ਰਾਤ ਦੇ ਪਹਿਰੇ ਬਹੁਤ ਸਖ਼ਤ ਕਰ ਦੇਣੇ ਸਨ।

ਜਦ ਸ਼ਾਮ ਹੋ ਗਈ ਤਾਂ ਬਾਬਾ ਦੀਪ ਸਿੰਘ ਨੂੰ ਅਬਦਾਲੀ ਦੇ ਕਾਫ਼ਲੇ ਦੇ ਆਉਣ ਦੀ ਆਵਾਜ਼ ਸੁਣਾਈ ਦਿੱਤੀ। ਬੜੀ ਉੱਚੀ-ਉੱਚੀ ਢੋਲ ਵੱਜ ਰਹੇ ਸਨ ਤੇ ਇਕ ਫ਼ੌਜ ਦੀ ਟੁਕੜੀ ਦੇ ਪਿਛੇ ਅਹਿਮਦ ਸ਼ਾਹ ਅਬਦਾਲੀ ਦਾ ਹਾਥੀ, ਉਸਦੇ ਪਿਛੇ ਤੈਮੂਰ ਦਾ ਹਾਥੀ ਅਤੇ ਪਿਛੇ ਨਵੀਂਆਂ ਵਿਆਹੀਆਂ ਬੇਗਮਾਂ ਦੇ ਹਾਥੀ ਆ ਰਹੇ ਸਨ।

ਬਾਬਾ ਦੀਪ ਸਿੰਘ ਨੇ ਆਪਣੀ ਫ਼ੌਜ ਨੂੰ ਹੋਰ ਪਿੱਛੇ ਹਟ ਜਾਣ ਦਾ ਆਦੇਸ਼ ਦਿੱਤਾ।

ਕੁਝ ਸੂਹੀਆਂ ਨੂੰ ਉਨ੍ਹਾਂ ਸੰਘਣੇ ਦਰਖ਼ਤਾਂ 'ਤੇ ਚੜ੍ਹਾ ਦਿੱਤਾ। ਉਨ੍ਹਾਂ ਵੇਖਿਆ ਕਿ ਕਾਫ਼ਲਾ ਦੋ ਮੀਲ ਲੰਮਾ ਸੀ ਅਤੇ ਸਭ ਤੋਂ ਪਿਛੇ ਇਸਤਰੀਆਂ ਅਤੇ ਮੁੰਡਿਆਂ ਦੇ ਭਰੇ ਗੱਡੇ ਸਨ ਜਿਨ੍ਹਾਂ ਦੇ ਨਾਲ-ਨਾਲ ਸਿਪਾਹੀ ਨੇਜ਼ੇ ਲੈ ਕੇ ਤੁਰ ਰਹੇ ਸਨ। ਗੱਡੇ ਕਾਫ਼ੀ ਪਿਛੇ ਆ ਰਹੇ ਸਨ ਕਿਉਂਕਿ ਉਹ ਘੋੜਿਆਂ ਦਾ ਮੁਕਾਬਲਾ ਨਹੀਂ ਸੀ ਕਰ ਸਕਦੇ। ਪਿਪਲੀ ਦੇ ਨੇੜੇ ਜਾ ਕੇ ਬਾਦਸ਼ਾਹ ਅਬਦਾਲੀ ਨੇ ਆਪਣੇ ਤੰਬੂ ਲਵਾ

ਲਦੇ ਅਤੇ ਖਾਣ ਪੀਣ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ। ਸਾਰੇ ਹੀ ਜਿੱਤ ਦੀਆਂ ਖ਼ੁਸ਼ੀਆਂ ਮਨਾ ਰਹੇ ਸਨ। ਪਰ ਗੱਡਿਆਂ ਵਿਚ ਬੈਠੀਆਂ ਔਰਤਾਂ ਰੋ ਰਹੀਆਂ ਸਨ ਅਤੇ ਵਿਰਲਾਪ ਕਰ ਰਹੀਆਂ ਸਨ।

ਬਾਬਾ ਜੀ ਨੇ ਵੇਖਿਆ ਕਿ ਗੱਡਿਆਂ ਵਾਲੇ ਸਿਪਾਹੀ ਹੀ ਗੱਡਿਆਂ ਨੂੰ ਰੋਕਣ ਵਾਲੇ ਸਨ। ਬਾਬਾ ਜੀ ਨੇ ਉਸੇ ਵੇਲੇ ਆਪਣੀ ਫ਼ੌਜ ਨੂੰ ਹੁਕਮ ਦਿੱਤਾ, "ਧਾਵਾ।" ਇਸ ਤੋਂ ਪਹਿਲਾਂ ਕਿ ਗੱਡਿਆਂ ਨੂੰ ਖੜਾ ਕਰ ਕੇ ਬੈਲਾਂ ਨੂੰ ਖੋਲ੍ਹ ਦਿੰਦੇ ਸਿੰਘਾਂ ਨੇ ਸਾਰੇ ਗੱਡਿਆਂ ਨੂੰ ਘੇਰ ਲਿਆ ਅਤੇ ਖਿਣਾਂ ਵਿਚ ਹੀ ਉਨ੍ਹਾਂ ਦੇ ਰਾਖੇ ਕਤਲ ਕਰਕੇ ਗੱਡੇ ਇਕ ਪਾਸੇ ਨੂੰ ਭਜਾ ਲਏ। ਕੁਝ ਸਿੰਘ ਅਬਦਾਲੀ ਦੇ ਅਵੇਸਲੇ ਫ਼ੌਜੀਆਂ ਨੂੰ ਕਤਲ ਕਰਦੇ ਰਹੇ ਅਤੇ ਕੁਝ ਗੱਡਿਆਂ ਅਤੇ ਊਠਾਂ ਨੂੰ ਭਜਾ ਕੇ ਬਹੁਤ ਦੂਰ ਜੰਗਲਾਂ ਵਿਚ ਨਿਕਲ ਗਏ। ਬਾਬਾ ਜੀ ਨੇ ਫਿਰ ਜਦ ਵੇਖਿਆ ਕਿ ਉਹ ਆਪਣੇ ਕਾਰਜ ਵਿਚ ਸਫਲ ਹੋ ਗਏ ਹਨ ਤਾਂ ਉਨ੍ਹਾਂ ਕਿਹਾ, "ਹਿਰਨ", ਅਬਦਾਲੀ ਦੀ ਫ਼ੌਜ ਨੂੰ ਪਤਾ ਹੀ ਨਾ ਲੱਗਾ ਕਿ ਸਿੱਖ ਕਿੱਧਰ ਅਲੋਪ ਹੋ ਗਏ। ਉਨ੍ਹਾਂ ਚਾਰ ਚੁਫੇਰੇ ਘੋੜੇ ਭਜਾਏ, ਪਰ ਰਾਤ ਦੇ ਹਨੇਰੇ ਵਿਚ ਉਨ੍ਹਾਂ ਨੂੰ ਕੁਝ ਨਾ ਦਿੱਸਿਆ। ਅਗਲੇ ਦਿਨ ਸਿੰਘ, ਬਾਬਾ ਦੀਪ ਸਿੰਘ ਦੀ ਕਮਾਂਡ ਹੇਠ ਖੋਹੇ ਹੋਏ ਸਮਾਨ ਸਮੇਤ ਦਮਦਮਾ ਸਾਹਿਬ ਪਹੁੰਚ ਗਏ। ਉਨ੍ਹਾਂ ਕੁੜੀਆਂ ਅਤੇ ਮੁੰਡਿਆਂ ਨੂੰ ਆਜ਼ਾਦ ਕਰ ਦਿੱਤਾ। ਮੁੰਡਿਆਂ ਨੂੰ ਤਾਂ ਉਨ੍ਹਾਂ ਕੁਝ ਰੁਪਏ ਦੇ ਕੇ ਤੋਰ ਦਿੱਤਾ ਕਿ ਉਹ ਆਪੋ ਆਪਣੀ ਘਰੀਂ ਚਲੇ ਜਾਣ। ਪਰ ਇਸਤਰੀਆਂ ਦੇ ਪਤੇ ਪੁਛ ਕੇ ਸਿੰਘ ਉਨ੍ਹਾਂ ਦੇ ਘਰੋ ਘਰੀਂ ਪਹੁੰਚਾ ਆਏ। ਊਠਾਂ 'ਤੇ ਲੱਦੇ ਮਾਲ ਨੂੰ ਉਨ੍ਹਾਂ ਸਟੋਰਾਂ ਵਿਚ ਰਖਵਾ ਲਿਆ।



ਅਬਦਾਲੀ ਵਲੋਂ ਅੰਮ੍ਰਿਤ ਸਰੋਵਰ ਨੂੰ ਪੂਰਨ ਦਾ ਹੁਕਮ

ਅਬਦਾਲੀ ਜਸ਼ਨ ਮਨਾ ਰਿਹਾ ਸੀ ਅਤੇ ਚਾਰੇ ਪਾਸੇ ਖ਼ੁਸ਼ੀਆਂ ਦੇ ਢੋਲ ਵੱਜ ਰਹੇ ਸਨ। ਇਸ ਸ਼ੋਰ ਸ਼ਰਾਬੇ ਵਿਚ ਉਸ ਨੂੰ ਕੁਝ ਪਤਾ ਨਾ ਲੱਗਾ ਕਿ ਪਿਛੇ ਕੀ ਹੋ ਗਿਆ ਹੈ। ਉਸ ਨੂੰ ਕੋਈ ਦੱਸਣ ਵੀ ਨਾ ਗਿਆ ਕਿਉਂਕਿ ਜਿਹੜਾ ਵੀ ਦੱਸਣ ਜਾਂਦਾ ਉਸ ਦੀ ਉਸ ਗਰਦਨ ਉਡਾ ਦੇਣੀ ਸੀ। ਜਦ ਸਵੇਰ ਹੋਈ ਤਾਂ ਉਸ ਦੇ ਕੁਝ ਅਹਿਲਕਾਰਾਂ ਨੇ ਦੱਸਿਆ ਕਿ ਰਾਤ ਕੁਝ ਲੁੱਟੇਰਿਆਂ ਨੇ ਉਨ੍ਹਾਂ ਦੇ ਕਾਫ਼ਲੇ 'ਤੇ ਹਮਲਾ ਕੀਤਾ ਸੀ ਅਤੇ ਕੁਝ ਪਲਾਂ ਵਿਚ ਉਹ ਲੁੱਟ ਦਾ ਮਾਲ ਅਤੇ ਜਨਾਨੀਆਂ ਤੇ ਮੁੰਡਿਆਂ ਨੂੰ ਛੁਡਵਾ ਕੇ ਲੈ ਗਏ ਹਨ। ਅਬਦਾਲੀ ਬੜਾ ਹੈਰਾਨ ਹੋਇਆ ਅਤੇ ਪੁੱਛਣ ਲੱਗਾ, "ਹਿੰਦੋਸਤਾਨ ਵਿਚ ਕੋਈ ਅਜੇਹਾ ਸੂਰਮਾ ਵੀ ਹੈ, ਜਿਹੜਾ ਅਬਦਾਲੀ ਦੇ ਲੁੱਟੇ ਹੋਏ ਮਾਲ ਨੂੰ ਲੁੱਟ ਕੇ ਲੈ ਜਾਏ। ਦਿੱਲੀ ਤੱਕ ਤਾਂ ਮੇਰੇ ਅੱਗੇ ਕੋਈ ਅੜਿਆ ਨਹੀਂ ਪਰ ਇਹ ਹੁਣ ਕਿਥੋਂ ਆ ਗਏ।" ਅਹਿਲਕਾਰਾਂ ਦੱਸਿਆ ਕਿ ਇਹ ਅਜੀਬ ਚਿਹਰਿਆਂ ਵਾਲੇ ਡਾਕੂ ਸਨ ਜਿਹੜੇ ਇਹ ਕਾਰਾ ਕਰਕੇ ਪਲਾਂ ਵਿਚ ਦੌੜ ਗਏ।

ਅਬਦਾਲੀ ਨੇ ਕਿਹਾ, "ਠੀਕ ਹੈ ਅਗਲੇ ਪੜਾਅ 'ਤੇ ਪਹਿਰਾ ਸਖ਼ਤ ਕਰ ਦੇਵੋ ਤੇ ਇਨ੍ਹਾਂ ਲੁਟੇਰਿਆਂ ਨੂੰ ਜੀਉਂਦਿਆਂ ਫੜ ਕੇ ਮੇਰੇ ਸਾਹਮਣੇ ਪੇਸ਼ ਕਰੋ।

ਜਦ ਅਗਲਾ ਪੜਾਅ ਆਇਆ ਤਾਂ ਦੂਰ ਤਕ ਫ਼ੌਜ ਦੇ ਪਹਿਰੇ ਲਾ ਦਿੱਤੇ ਗਏ। ਜਦ ਸਿੰਘ ਲੁੱਟਣ ਵਾਸਤੇ ਗਏ ਤਾਂ ਉਨ੍ਹਾਂ ਵੇਖਿਆ ਕਿ ਫ਼ੌਜ ਦਾ ਚਾਰ ਚੁਫੇਰੇ ਪਹਿਰਾ ਹੈ ਅਤੇ ਉਹ ਸਾਰੇ ਜਾਗ ਰਹੇ ਸਨ। ਸਿੰਘਾਂ ਵੀ ਆਪਣੇ ਘੋੜੇ ਥੋੜੀ ਦੂਰੀ 'ਤੇ ਜਾ ਖੜੇ ਕੀਤੇ। ਜਦ ਅੱਧੀ ਰਾਤ ਬੀਤ ਗਈ ਤਾਂ ਸਿੰਘਾਂ ਵੇਖਿਆ ਕਿ ਕੁਝ ਫ਼ੌਜ ਸੌਂ ਗਈ ਸੀ ਅਤੇ ਬਾਕੀ ਜਾਗੋਮੀਟੀ ਵਿਚ ਸੀ ਤਾਂ ਉਹ ਇਕ ਪਾਸਿਓਂ ਪਏ ਅਤੇ ਵਾਹੋ ਦਾਹੀ ਤਲਵਾਰ ਚਲਾਉਂਦੇ ਮਾਲ ਅਸਬਾਬ ਨਾਲ ਲੱਦੇ ਊਠ ਘੋੜੇ ਭਜਾ ਕੇ ਦੂਰ ਨਿਕਲ ਗਏ। ਕੁਝ ਸਿੰਘ ਕੁਝ ਚਿਰ ਪਿੱਛਾ ਕਰ ਰਹੇ ਫ਼ੌਜੀਆਂ ਨਾਲ ਲੜੇ ਅਤੇ ਦੂਸਰੇ ਪਾਸੇ ਨੂੰ ਘੋੜੇ ਭਜਾ ਕੇ ਲੈ ਗਏ ਅਬਦਾਲੀ ਦੇ ਫ਼ੌਜੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਪਰ ਹਨੇਰੇ ਵਿਚ ਜਦ ਕੁਝ ਨਜ਼ਰ ਨਾ ਆਇਆ ਤਾਂ ਵਾਪਿਸ ਆ ਗਏ।

ਸਵੇਰੇ ਉੱਠ ਕੇ ਅਬਦਾਲੀ ਨੇ ਪੁਛਿਆ ਕਿ ਕੀ ਅੱਜ ਵੀ ਲੁਟੇਰੇ ਆਏ ਸਨ ਤਾਂ ਅਹਿਲਕਾਰਾਂ ਦੱਸਿਆ ਕਿ ਆਏ ਸਨ ਅਤੇ ਸਾਡੇ ਸੈਂਕੜੇ ਫ਼ੌਜੀਆਂ ਨੂੰ ਇੰਝ ਮਾਰ ਕੇ ਸੁਟ ਗਏ ਜਿਵੇਂ ਉਹ ਸਿਪਾਹੀ ਨਹੀਂ ਭੇਡੂ ਹੋਣ। ਅਬਦਾਲੀ ਨੇ ਗੁੱਸੇ ਵਿਚ ਆ ਕੇ ਫਿਰ ਪੁਛਿਆ, "ਕੀ ਕੋਈ ਲੁਟੇਰਾ ਮਾਰਿਆ ਗਿਆ ਹੈ, ਮੈਂ ਵੇਖਣਾ ਚਾਹੁੰਦਾ ਹਾਂ ਇਹ ਲੁਟੇਰੇ ਮੁਸਲਮਾਨ ਹਨ ਕਿ ਹਿੰਦੂ?" ਅਹਿਲਕਾਰਾਂ ਨੇ ਕਿਹਾ, "ਹਜ਼ੂਰ ਉਨ੍ਹਾਂ ਦਾ ਤਾਂ ਕੋਈ ਆਦਮੀ ਨਹੀਂ ਮਰਿਆ।" ਅਹਿਮਦ ਸ਼ਾਹ ਅਬਦਾਲੀ ਘੋੜੇ 'ਤੇ ਸਵਾਰ ਹੋਇਆ ਤੇ ਆਪਣੇ ਕੁਝ ਫ਼ੌਜੀਆਂ ਨੂੰ ਨਾਲ ਲੈ ਕੇ ਉਸ ਸਥਾਨ ਨੂੰ ਆਪ ਵੇਖਣ ਗਿਆ।

ਓਥੇ ਜਾ ਕੇ ਉਸ ਵੇਖਿਆ ਕਿ ਉਸਦੇ ਬਹਾਦਰ ਸਿਪਾਹੀਆਂ ਦੀਆਂ ਲੋਥਾਂ ਦੇ ਢੇਰ ਲੱਗੇ ਸਨ ਅਤੇ ਮਾਲ ਅਸਬਾਬ ਨਾਲ ਲੱਦੇ ਕਈ ਊਠ ਅਤੇ ਘੋੜੇ ਵੀ ਗ਼ਾਇਬ ਸਨ। ਅਬਦਾਲੀ ਇਹ ਕੁਝ ਵੇਖ ਕੇ ਗੁੱਸੇ ਵਿਚ ਕੂਕਿਆ, "ਹਿੰਦੋਸਤਾਨ ਵਿਚ ਅਜਿਹੇ ਦਲੇਰ ਡਾਕੂ ਕਿਥੋਂ ਆ ਗਏ ਜਿਹੜੇ ਅਹਿਮਦ ਸ਼ਾਹ ਅਬਦਾਲੀ ਦੇ ਕਾਫ਼ਲੇ ਨੂੰ ਇਕ ਅਮੀਰ ਸੁਦਾਗਰ ਦਾ ਕਾਫ਼ਲਾ ਸਮਝਦੇ ਹਨ, ਮੇਰੇ ਸਿਪਾਹੀ ਉਨ੍ਹਾਂ ਨੂੰ ਵੇਖ ਕੇ ਸੁਸਰੀ ਵਾਂਗੂ ਕਿਉਂ ਸੌਂ ਜਾਂਦੇ ਹਨ?"

ਅਬਦਾਲੀ ਨੇ ਮਨ ਬਣਾਇਆ ਕਿ ਅਗਲੀ ਵਾਰ ਪਹਿਰੇਦਾਰਾਂ ਵਿਚ ਆਪ ਖੜਾ ਹੋਵੇਗਾ ਤੇ ਇਨ੍ਹਾਂ

ਲੁਟੇਰਿਆਂ ਨੂੰ ਘੇਰ-ਘੇਰ ਮਾਰੇਗਾ। ਪਰ ਦਿਲੋਂ ਉਹ ਬਹੁਤ ਡਰ ਗਿਆ ਸੀ ਤੇ ਅਗਲੇ ਪੜਾਅ ਸਮੇਂ ਉਸ ਆਪਣੇ ਬਚਾਅ ਲਈ ਪਹਿਰਾ ਹੋਰ ਸਖ਼ਤ ਕਰਨ ਦਾ ਹੁਕਮ ਦਿੱਤਾ।

ਸਿੰਘਾਂ ਨੇ ਅਗਲਾ ਪੜਾਅ ਨਾ ਆਉਣ ਦਿੱਤਾ ਜਦ ਕਾਫ਼ਲਾ ਚਲ ਰਿਹਾ ਸੀ ਤਾਂ ਉਹ ਇਕ ਘਾਟੀ ਦੇ ਪਿਛੇ ਲੁੱਕ ਕੇ ਖਲੋਤੇ ਰਹੇ। ਜਦ ਉਨ੍ਹਾਂ ਵੇਖਿਆ ਕਿ ਕੀਮਤੀ ਮਾਲ ਵਾਲੇ ਊਠ, ਬਲਦ ਨੇੜੇ ਆ ਰਹੇ ਹਨ ਤੇ ਅਚਾਨਕ ਇਕ ਪਾਸਿਉਂ ਨਿਕਲ ਕੇ ਉਹ ਕਾਫ਼ਲੇ ਵਿਚ ਘੁੱਸ ਗਏ। ਮਾਰੋ ਮਾਰ ਕਰਦੇ ਉਨ੍ਹਾਂ ਕਾਫ਼ੀ ਮਾਲ ਲੁੱਟ ਲਿਆ ਤੇ ਘੋੜੇ ਭਜਾ ਕੇ ਗੋਲੀ ਵਾਂਗ ਕਾਫ਼ਲੇ ਵਿਚੋਂ ਨਿਕਲ ਗਏ। ਅਬਦਾਲੀ ਦੇ ਫ਼ੌਜੀ ਆਪਣੇ ਹਥਿਆਰ ਹੀ ਸੰਭਾਲਦੇ ਰਹਿ ਗਏ।

ਦਿਨ ਦੇ ਡਾਕੇ ਨੂੰ ਵੇਖ ਕੇ ਅਬਦਾਲੀ ਬਹੁਤ ਡਰ ਗਿਆ। ਉਸ ਕਿਤੇ ਠਹਿਰਨ ਦੇ ਬਗ਼ੈਰ ਹੀ ਲਾਹੌਰ ਪੁੱਜਣ ਦਾ ਫ਼ੈਸਲਾ ਕਰ ਲਿਆ। ਉਹ ਕਿਸੇ ਤਰ੍ਹਾਂ ਹਿੰਦੋਸਤਾਨ ਵਿਚੋਂ ਛੇਤੀ ਤੋਂ ਛੇਤੀ ਨਿਕਲ ਜਾਣਾ ਚਾਹੁੰਦਾ ਸੀ। ਪਰ ਸਿੰਘਾਂ ਉਸ ਨੂੰ ਫਿਰ ਵੀ ਨਾ ਬਖ਼ਸ਼ਿਆ। ਜੱਸਾ ਸਿੰਘ ਆਹਲੂਵਾਲੀਏ ਦੇ ਜਥੇ ਨੇ ਤਾਂ ਹਜ਼ਾਰਾਂ ਫ਼ੌਜੀਆਂ ਦੇ ਆਹੂ ਲਾਹ ਦਿੱਤੇ ਅਤੇ ਲੁੱਟ ਦਾ ਮਾਲ ਲੈ ਕੇ ਤਿਤਰ ਹੋ ਗਏ, ਜਿਹੜਾ ਕੋਈ ਸਿੰਘ ਜ਼ਖ਼ਮੀ ਹੋਇਆ ਉਸ ਨੂੰ ਆਪਣੇ ਘੋੜੇ 'ਤੇ ਬਿਠਾ ਕੇ ਨਾਲ ਹੀ ਲੈ ਗਏ।

ਲਾਹੌਰ ਪਹੁੰਚ ਕੇ ਕਿਲ੍ਹੇ ਵਿਚ ਦਾਖ਼ਿਲ ਹੋ ਕੇ ਅਬਦਾਲੀ ਦੀ ਜਾਨ ਵਿਚ ਜਾਨ ਆਈ। ਓਥੇ ਜਾ ਕੇ ਉਸ ਨੂੰ ਪਤਾ ਲੱਗਾ ਕਿ ਇਹ ਲੋਕ ਲੁਟੇਰੇ ਨਹੀਂ ਬਲਕਿ ਸਿੱਖ ਹਨ ਜਿਹੜੇ ਅੰਮ੍ਰਿਤ ਪੀ ਕੇ ਅਮਰ ਹੋ ਜਾਂਦੇ ਹਨ। ਗੁਰੂ ਕੇ ਚੱਕ ਵਿਖੇ ਇਨ੍ਹਾਂ ਦਾ ਇਕ ਸਰੋਵਰ ਹੈ ਜਿਸ ਦਾ ਅੰਮ੍ਰਿਤ ਪੀ ਕੇ ਇਹ ਮੁਰਦੇ ਵੀ ਜੀਅ ਪੈਂਦੇ ਹਨ।

ਉਸ ਤੈਮੂਰ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਅਤੇ ਉਸ ਨੂੰ ਹੁਕਮ ਕੀਤਾ ਕਿ ਗੁਰੂ ਦੇ ਚੱਕ ਦੇ ਸਰੋਵਰ ਨੂੰ ਪੂਰ ਦਿੱਤਾ ਜਾਵੇ ਅਤੇ ਸਿੱਖਾਂ ਨੂੰ ਲੱਭ-ਲੱਭ ਕੇ ਮਾਰ ਦਿੱਤਾ ਜਾਵੇ।



ਬਾਬਾ ਦੀਪ ਸਿੰਘ ਨੂੰ ਅੰਮ੍ਰਿਤ ਸਰੋਵਰ ਦੀ ਬੇਅਦਬੀ ਬਾਰੇ ਖ਼ਬਰ ਮਿਲਣੀ

ਅਬਦਾਲੀ ਨੂੰ ਇਹ ਪਤਾ ਲੱਗਾ ਕਿ ਸਿੱਖ ਕੇਵਲ ਜੰਗਲਾਂ ਪਹਾੜਾਂ ਵਿਚ ਹੀ ਲੁੱਕ ਕੇ ਰਹਿੰਦੇ ਹਨ। ਲਾਹੌਰ ਤੋਂ ਅਗੇ ਇਨ੍ਹਾਂ ਦਾ ਕੋਈ ਗ੍ਰੋਹ ਨਹੀਂ ਹੈ, ਇਸ ਲਈ ਪੰਦਰਾਂ ਹਜ਼ਾਰ ਤੋਂ ਵੱਧ ਫ਼ੌਜ ਤੈਮੂਰ ਕੋਲ ਛੱਡ ਕੇ ਬਾਕੀ ਆਪਣੇ ਨਾਲ ਲੈ ਕੇ ਕਾਬਲ ਵੱਲ ਚੱਲ ਪਿਆ। ਦਿੱਲੀ ਤੋਂ ਜਿਸ ਚਾਅ ਅਤੇ ਖ਼ੁਸ਼ੀ ਨਾਲ ਉਹ ਚੱਲਿਆ ਸੀ ਉਹ ਖ਼ੁਸ਼ੀ ਹੁਣ ਅਲੋਪ ਹੋ ਚੁੱਕੀ ਸੀ। ਜਿਹੜਾ ਲੁੱਟ ਦਾ ਮਾਲ ਉਹ ਲੈ ਕੇ ਚੱਲਿਆ ਸੀ ਇਸ ਵਿਚੋਂ ਹੁਣ ਇਕ ਚੌਥਾਈ ਹਿੱਸਾ ਹੀ ਬਾਕੀ ਰਹਿ ਗਿਆ ਸੀ। ਮੁੰਡੇ ਕੁੜੀਆਂ ਵੀ ਸਿੰਘ ਛਡਵਾ ਕੇ ਲੈ ਗਏ ਸਨ, ਇਸ ਲਈ ਹੁਣ ਉਹ ਇਕ ਜੇਤੂ ਬਾਦਸ਼ਾਹ ਨਹੀਂ ਬਲਕਿ ਹਾਰੇ ਹੋਏ ਬਾਦਸ਼ਾਹ ਵਾਂਗ ਜਾ ਰਿਹਾ ਸੀ।

ਹੁਣ ਉਹ ਨਿਸਚਿੰਤ ਸੀ ਕਿ ਅੱਗੇ ਸਿੱਖ ਨਹੀਂ ਸਨ, ਪਰ ਜਦ ਚਨਾਬ ਦਰਿਆ ਦੇ ਕੰਢੇ ਉਸ ਡੇਰਾ ਕੀਤਾ ਤਾਂ ਰਾਤ ਪੈਂਦਿਆਂ ਹੀ ਰੌਲਾ ਪੈ ਗਿਆ "ਸਿੱਖ ਆ ਪਏ", ਸਿੱਖ ਆ ਪਏ।" ਅਬਦਾਲੀ ਦੀ ਫ਼ੌਜ ਉਤੇ ਹੁਣ ਸਿੱਖਾਂ ਦਾ ਏਨਾ ਡਹਿਲ ਪੈ ਗਿਆ ਸੀ ਕਿ ਉਹ ਹੁਣ ਲੜਨ ਦੀ ਬਜਾਏ, ਲੁਕਣ ਵਾਸਤੇ ਥਾਂ ਲੱਭਦੇ ਸਨ ਅਤੇ ਕੀਮਤੀ ਮਾਲ ਨੂੰ ਖੁਲ੍ਹਿਆਂ ਹੀ ਛੱਡ ਦਿੰਦੇ ਸਨ। ਸਿੱਖ ਕੀਮਤੀ ਮਾਲ ਚੁੱਕ ਕੇ ਫਿਰ ਹਿਰਨ ਹੋ ਗਏ।

ਲਾਹੌਰ ਦੇ ਹਾਕਮ ਤੈਮੂਰ ਨੇ ਜਹਾਨ ਖਾਂ ਦੀ ਜ਼ਿੰਮੇਂਵਾਰੀ ਲਾਈ ਕਿ ਉਹ ਅੰਮ੍ਰਿਤ ਸਰੋਵਰ ਪੂਰ ਦੇਵੇ। ਉਸ ਨੂੰ ਇਕ ਵੱਡੀ ਫ਼ੌਜ ਦੇ ਕੇ ਗੁਰੂ ਦੇ ਚੱਕ ਭੇਜਿਆ ਗਿਆ। ਉਸ ਸਮੇਂ ਅੰਮ੍ਰਿਤਸਰ ਵਿਖੇ ਬਾਬਾ ਗੁਰਬਖਸ਼ ਸਿੰਘ ਆਪਣੇ ਤੀਹ ਸਾਥੀਆਂ ਸਮੇਤ ਅੰਮ੍ਰਿਤਸਰ ਦੇ ਗੁਰਦਵਾਰਿਆਂ ਦੀ ਸੇਵਾ ਸੰਭਾਲ ਕਰ ਰਿਹਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਤੈਮੂਰ ਦਾ ਜਰਨੈਲ ਜਹਾਨ ਖਾਂ ਅੰਮ੍ਰਿਤ ਸਰੋਵਰ ਦੀ ਬੇਅਦੁਬੀ ਕਰਨ ਆ ਰਿਹਾ ਸੀ ਤਾਂ ਉਸ ਆਪਣੇ ਸਾਥੀਆਂ ਨੂੰ ਲਲਕਾਰਿਆ। ਤੀਹ ਸੂਰਮੇ ਤਿੰਨ ਸੌ ਜ਼ਾਲਮਾਂ ਨੂੰ ਮਾਰ ਕੇ ਸ਼ਹੀਦ ਹੋ ਗਏ। ਫਿਰ ਜਹਾਨ ਖਾਂ ਅੱਗੇ ਵਧਿਆ ਅਤੇ ਆਪਣੀ ਫ਼ੌਜ ਨੂੰ ਉਸ ਹੁਕਮ ਦਿੱਤਾ ਕਿ ਸਰੋਵਰ ਨੂੰ ਪੂਰ ਦੇਵੋ। ਉਸ ਦੇ ਫ਼ੌਜੀ ਸਰੋਵਰ ਪੂਰਨ ਲੱਗ ਗਏ। ਜਦ ਬਾਹਰਲੇ ਸਿੱਖਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਇਕ ਤੇਜ਼ ਘੋੜ ਸਵਾਰ ਓਸੇ ਵੇਲੇ ਦਮਦਮੇ ਸਾਹਿਬ ਗਿਆ ਤੇ ਜਹਾਨ ਖਾਂ ਦੀ ਕਰਤੂਤ ਬਾਰੇ ਬਾਬਾ ਦੀਪ ਸਿੰਘ ਜੀ ਨੂੰ ਦੱਸਿਆ। ਜਦ ਬਾਬਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬੜੇ ਰੋਹ ਵਿਚ ਆ ਗਏ। ਉਨ੍ਹਾਂ ਓਸੇ ਵੇਲੇ ਨਗਾਰੇ ਦੇ ਚੋਟ ਲਾਈ ਅਤੇ ਆਪਣੇ ਸਿੰਘਾਂ ਨੂੰ ਬੁਲਾਇਆ ਉਨ੍ਹਾਂ ਸਿੰਘਾਂ ਨੂੰ ਜਹਾਨ ਖਾਂ ਦੀ ਕਰਤੂਤ ਬਾਰੇ ਜਾਣੂੰ ਕਰਵਾਇਆ। ਸਿੰਘਾਂ ਪਾਸੋਂ ਵੀ ਅੰਮ੍ਰਿਤ ਸਰੋਵਰ ਦੀ ਇਹ ਬੇਅਦਬੀ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਓਸੇ ਵੇਲੇ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ।

ਬਾਬਾ ਦੀਪ ਸਿੰਘ ਨੇ ਇਲਕੇ ਦੇ ਸਭ ਸਿੱਖਾਂ ਨੂੰ ਸੁਨੇਹੇ ਭੇਜ ਦਿੱਤੇ। ਜਦ ਸਭ ਸਿੰਘ ਇਕੱਠੇ ਹੋ ਗਏ ਤਾਂ ਬਾਬਾ ਦੀਪ ਸਿੰਘ ਨੇ ਕਿਹਾ, "ਸਿੰਘੋ ਗੁਰਧਾਮਾਂ ਦੀ ਰਖਿਆ ਲਈ ਅਸੀਂ ਮੌਤ ਰਾਣੀ ਨੂੰ ਵਿਆਹੁਣ ਚੱਲੇ ਹਾਂ। ਜਿਹੜਾ ਵੀ ਸਾਡੀ ਜੰਝ ਵਿਚ ਜਾਣਾ ਚਾਹੁੰਦਾ ਹੈ, ਉਹ ਸ਼ਹੀਦੀ ਗਾਨਾ ਬੰਨ੍ਹ ਕੇ ਆਵੇ। ਦੂਸਰੇ ਨੂੰ ਸਾਡੇ ਨਾਲ ਆਉਣ ਦੀ ਲੋੜ ਨਹੀਂ। ਅਸੀਂ ਅੰਮ੍ਰਿਤਸਰ ਤੇ ਓਥੋਂ ਦੇ ਗੁਰਧਾਮਾਂ ਨੂੰ ਆਜ਼ਾਦ ਕਰਵਾਉਣਾ ਹੈ।" ਸਾਰੇ ਸਿੰਘਾਂ ਵਿਚ ਬੜਾ ਜੋਸ਼ ਸੀ, ਸਾਰੇ ਸ਼ਹੀਦੀ ਗਾਨੇ ਬੰਨ੍ਹ ਕੇ ਬਾਬਾ ਜੀ ਦੀ ਫ਼ੌਜ ਵਿਚ ਸ਼ਾਮਲ ਹੋ ਗਏ। ਜਦ ਉਹ ਦਮਦਮਾ ਸਾਹਿਬ ਤੋਂ ਤਰਨ ਤਾਰਨ ਵੱਲ ਚੱਲੇ ਤਾਂ ਹੋਰ ਮਿਸਲਾਂ ਦੇ ਸਿੰਘਾਂ ਨੂੰ ਜਦ ਪਤਾ ਲੱਗਦਾ ਰਿਹਾ ਤਾਂ ਉਹ ਵੀ ਨਾਲ ਰਲਦੇ ਗਏ। ਤਰਨ ਤਾਰਨ ਤਕ ਪੁਜਦਿਆਂ ਦੱਸ ਹਜ਼ਾਰ ਸਿੰਘਾਂ ਦੀ

ਫ਼ੌਜ ਇਕੱਠੀ ਹੋ ਗਈ ਸੀ।

ਤਰਨ ਤਾਰਨ ਦੇ ਗੁਰਦਵਾਰੇ ਜਾ ਕੇ ਸਭ ਨੇ ਇਸ਼ਨਾਨ ਕੀਤਾ, ਗੁਰਦਵਾਰੇ ਮੱਥਾ ਟੇਕਿਆ ਅਤੇ ਵਾਹਿਗੁਰੂ ਪਾਸ ਅਰਦਾਸ ਕੀਤੀ। ਤਰਨਤਾਰਨ ਤੋਂ ਬਾਹਰ ਆ ਕੇ ਉਨ੍ਹਾਂ ਇਕ ਜਮੀਨ ਉੱਤੇ ਇਕ ਲੰਮੀ ਲਕੀਰ ਖਿੱਚੀ ਅਤੇ ਕਿਹਾ, "ਜਿਸ ਸਿੰਘ ਨੂੰ ਸ਼ਹੀਦੀ ਪ੍ਰਵਾਨ ਹੈ ਉਹੀ ਇਸ ਲਕੀਰ ਨੂੰ ਪਾਰ ਕਰੇ, ਬਾਕੀ ਵਾਪਸ ਹੋ ਜਾਣ। ਪਰ ਸਭ ਸਿੰਘ ਲਕੀਰ ਪਾਰ ਕਰ ਗਏ, ਕੋਈ ਵੀ ਵਾਪਿਸ ਨਾ ਮੁੜਿਆ।

ਬਾਬਾ ਦੀਪ ਸਿੰਘ ਜੀ ਨਾਲ ਬਾਬਾ ਨੌਧ ਸਿੰਘ ਜੀ, ਸ੍ਰ: ਦਿਆਲ ਸਿੰਘ, ਸ੍ਰ: ਬਲਵੰਤ ਸਿੰਘ ਆਦਿ ਸੂਰਮੇ ਚੱਲ ਪਏ। ਸਭ ਨੇ ਦੂਹਰੇ ਹਥਿਆਰ ਪਾਏ ਹੋਏ ਸਨ ਅਤੇ ਆਪੋ ਆਪਣੇ ਘੋੜਿਆਂ 'ਤੇ ਚੜ੍ਹੇ ਹੋਏ ਸਨ। ਜਹਾਨ ਖਾਂ ਜਿਹੜਾ ਅੰਮ੍ਰਿਤਸਰ 'ਤੇ ਕਬਜ਼ਾ ਕਰਕੇ ਬੈਠਾ ਸੀ, ਜਦ ਉਸ ਨੂੰ ਪੱਤਾ ਲੱਗਾ ਕਿ ਸਿੱਖ ਬਾਬਾ ਦੀਪ ਸਿੰਘ ਦੀ ਅਗਵਾਈ ਵਿਚ ਇਕ ਵੱਡੀ ਫ਼ੌਜ ਲੈ ਕੇ ਅੰਮ੍ਰਿਤਸਰ ਨੂੰ ਆਜ਼ਾਦ ਕਰਵਾਉਣ ਵਾਸਤੇ ਆ ਰਹੇ ਹਨ ਤਾਂ ਉਹ ਚਾਲੀ ਹਜ਼ਾਰ ਫ਼ੌਜ ਲੈ ਕੇ ਸਿੱਖਾਂ ਦੇ ਆਕਰਮਣ ਨੂੰ ਰੋਕਣ ਲਈ ਗੋਹਲਵੜ ਆ ਬੈਠਾ।



ਧਰਮ–ਯੁੱਧ ਅਤੇ ਸ਼ਹੀਦੀ

ਸਿੱਖਾਂ ਦੀ ਫ਼ੌਜ ਨੂੰ ਆਉਂਦਿਆਂ ਵੇਖ ਕੇ ਜਹਾਨ ਖਾਂ ਨੂੰ ਠੰਡ ਵਿਚ ਵੀ ਤਰੇਲੀਆਂ ਆ ਗਈਆਂ। ਇਨ੍ਹਾਂ ਸਿੱਖਾਂ ਤੋਂ ਤਾਂ ਅਬਦਾਲੀ ਏਨਾ ਡਰਿਆ ਸੀ ਕਿ ਲਾਹੌਰ ਵਿਚ ਕੁਝ ਦਿਨ ਹੀ ਠਹਿਰ ਕੇ ਕਾਬਲ ਨੂੰ ਭੱਜ ਗਿਆ ਸੀ। ਜਿਸ ਫ਼ੌਜ ਦੇ ਘੁਮੰਡ 'ਤੇ ਉਹ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਕਤਲੇ–ਆਮ ਕਰ ਆਇਆ ਸੀ, ਉਨ੍ਹਾਂ ਫ਼ੌਜੀ ਸਿਪਾਹੀਆਂ ਨੂੰ ਦੁੰਬਿਆਂ ਵਾਂਗ ਕਤਲ ਕਰਕੇ ਸਿੱਖ ਹੀਰੇ ਜਵਾਹਰਾਤ ਲੁੱਟ ਕੇ ਲੈ ਜਾਂਦੇ ਸਨ। ਜਹਾਨ ਖਾਂ ਇਹੋ ਸੋਚ ਰਿਹਾ ਸੀ ਕਿ ਇਹ ਨਵੀਂ ਸਿਖਾਂਦਰੂ ਫ਼ੌਜ ਅਤੇ ਸਿੱਖਾਂ ਦੇ ਪਰਛਾਵੇਂ ਤੋਂ ਡਰਨ ਵਾਲੇ ਅਬਦਾਲੀ ਦੇ ਪਠਾਣ ਕੀ ਸਿੱਖਾਂ ਦਾ ਮੁਕਾਬਲਾ ਕਰ ਸਕਣਗੇ? ਉਹ ਆਪ ਬੜੀ ਕੁੜਿਕੀ ਵਿਚ ਫਸਿਆ ਹੋਇਆ ਸੀ। ਜੇ ਉਹ ਭੱਜਦਾ ਸੀ ਤਾਂ ਤੈਮੂਰ ਦੀ ਤਲਵਾਰ ਉਸਦਾ ਇੰਤਜ਼ਾਰ ਕਰ ਰਹੀ ਸੀ ਅਤੇ ਜੇ ਉਹ ਸਿੱਖਾਂ ਨਾਲ ਲੜਦਾ ਸੀ ਤਾਂ ਮੌਤ ਯਕੀਨੀ ਸੀ।

ਉਹ ਇਕ ਚਕਰਵੀਊ ਬਣਾ ਕੇ ਖੜਾ ਸੀ ਕਿ ਸਿੱਖਾਂ ਆਉਂਦਿਆਂ ਨੂੰ ਘੇਰ ਲਵਾਂਗਾ। ਪਰ ਬਾਬਾ ਦੀਪ ਸਿੰਘ ਕਈ ਯੁੱਧ ਲੜ ਚੁੱਕਾ ਸੀ। ਉਸ ਨੇ ਫ਼ੌਜ ਦੇ ਇਕ ਭਾਗ ਨੂੰ ਬਾਬਾ ਨੌਧ ਸਿੰਘ ਦੀ ਕਮਾਨ ਹੇਠ ਸਜੇ ਪਾਸਿਉਂ ਹਮਲਾ ਕਰਨ ਲਈ ਵੱਖ ਕਰ ਦਿੱਤਾ ਅਤੇ ਫ਼ੌਜ ਦੇ ਇਕ ਭਾਗ ਨੂੰ ਸ੍ਰ: ਦਿਆਲ ਸਿੰਘ ਦੀ ਕਮਾਨ ਹੇਠ ਖੱਬੇ ਪਾਸੇ ਹਮਲਾ ਕਰਨ ਭੇਜ ਦਿੱਤਾ। ਬਾਬਾ ਜੀ ਆਪ ਅਤੇ ਸ੍ਰ: ਬਲਵੰਤ ਸਿੰਘ ਇਕ ਭਾਗ ਨੂੰ ਲੈ ਕੇ ਵੱਖ ਹੋ ਗਏ ਤਾਂਕਿ ਚਕਰਵੀਊ ਟੁੱਟਣ ਉਤੇ ਸਿੱਧਾ ਹਮਲਾ ਕਰ ਸਕਣ। ਬਾਬਾ ਨੌਧ ਸਿੰਘ ਅਤੇ ਸ੍ਰ: ਦਿਆਲ ਸਿੰਘ ਦੋਵਾਂ ਪਾਸਿਆਂ ਤੋਂ ਅਜਿਹਾ ਹੱਲਾ ਬੋਲਿਆ ਕਿ ਪਠਾਣੀ ਫ਼ੌਜ ਦੇ ਸਾਰੇ ਚਕਰਵੀਊ ਟੁੱਟ ਗਏ ਅਤੇ ਉਹ ਪਿਛਾਂਹ ਭੱਜਣ ਲਈ ਮਜਬੂਰ ਹੋ ਗਏ। ਜਹਾਨ ਖਾਂ ਜਿਹੜਾ ਹਾਥੀ ਉਤੇ ਸਵਾਰ ਸੀ ਨੇ ਸਾਰੀ ਫ਼ੌਜ ਨੂੰ ਲਲਕਾਰਿਆ, "ਇਨ੍ਹਾਂ ਮੁਠੀ ਭਰ ਕਾਫ਼ਰਾਂ ਤੋਂ ਡਰਦੇ ਪਿੱਛੇ ਭੱਜ ਚਲੇ ਹੋ ਲੜੋ ਅਤੇ ਮਰੋ।" ਪਠਾਣ ਫ਼ੌਜ ਫਿਰ ਧਾਵਾ ਕਰਕੇ ਅਗੇ ਵਧੀ। ਉਨ੍ਹਾਂ ਦੇ ਵਧਦੇ ਹੌਸਲੇ ਵੇਖ ਕੇ ਸ੍ਰ: ਬਲਵੰਤ ਸਿੰਘ ਅਤੇ ਬਾਬਾ ਦੀਪ ਸਿੰਘ ਆਪਣੀ ਫ਼ੌਜ ਲੈ ਕੇ ਸ਼ੇਰਾਂ ਵਾਂਗ ਗਜਦੇ ਪਠਾਣਾਂ ਦੇ ਉਤੇ ਜਾ ਚੜ੍ਹੇ। ਬਾਬਾ ਦੀਪ ਸਿੰਘ ਨੇ ਐਸਾ ਖੰਡਾ ਵਾਹਿਆ ਕਿ ਪਠਾਣ ਉਨ੍ਹਾਂ ਅੱਗੇ ਬੱਕਰੀਆਂ ਵਾਂਗ ਭੱਜਣ ਲੱਗੇ। ਜ਼ਬਰਦਸਤ ਖਾਂ ਜਿਹੜਾ ਆਪਣੇ ਆਪ ਨੂੰ ਇਕ ਵੱਡਾ ਸੂਰਮਾ ਸਮਝਦਾ ਸੀ ਬਲਵੰਤ ਸਿੰਘ ਵੱਲ ਵਧਿਆ। ਬਲਵੰਤ ਸਿੰਘ ਵੀ ਓਸੇ ਵੇਲੇ ਘੋੜਾ ਉਸ ਵੱਲ ਮੋੜ ਲਿਆ। ਜ਼ਬਰਦਸਤ ਖਾਂ ਨੇ ਤਲਵਾਰ ਦਾ ਭਰਵਾਂ ਵਾਰ ਕੀਤਾ ਜਿਸ ਨੂੰ ਬਲਵੰਤ ਸਿੰਘ ਨੇ ਆਪਣੀ ਢਾਲ ਉਤੇ ਰੋਕ ਲਿਆ, ਫਿਰ ਉਸ ਐਸਾ ਵਾਰ ਕੀਤਾ ਕਿ ਜ਼ਬਰਦਸਤ ਖਾਂ ਦੇ ਦੋ ਟੋਟੇ ਹੋ ਗਏ। ਬਾਬਾ ਨੌਧ ਸਿੰਘ ਵੀ ਪਠਾਣੀ ਫ਼ੌਜ ਦੇ ਆਹੂ ਲਾਹੀ ਜਾ ਰਿਹਾ ਸੀ। ਰੁਸਤਮ ਖਾਂ ਨੇ ਬਾਬਾ ਨੌਧ ਸਿੰਘ ਨੂੰ ਵੰਗਾਰਿਆ। ਜਦ ਦੋਵੇਂ ਆਹਮੋ ਸਾਹਮਣੇ ਹੋਏ ਤਾਂ ਦੋਹਾਂ ਨੇ ਇਕ ਦੂਸਰੇ 'ਤੇ ਇਕੱਠੇ ਹੀ ਵਾਰ ਕਰ ਦਿੱਤੇ ਅਤੇ ਦੋਹਾਂ ਦੇ ਸਿਰ ਥੱਲੇ ਧਰਤੀ 'ਤੇ ਆ ਡਿੱਗੇ। ਇਸ ਤਰ੍ਹਾਂ ਚੱਬੇ ਦੇ ਲਾਗੇ ਬਾਬਾ ਨੌਧ ਸਿੰਘ ਸ਼ਹੀਦ ਹੋ ਗਏ। ਜਦ ਬਾਬਾ ਦੀਪ ਸਿੰਘ ਨੇ ਬਾਬਾ ਨੌਧ ਸਿੰਘ ਨੂੰ ਸ਼ਹੀਦ ਹੁੰਦਿਆਂ ਵੇਖਿਆ ਤਾਂ ਉਹ ਬਹੁਤ ਜੋਸ਼ ਵਿਚ ਆ ਕੇ ਲੜਨ ਲਗੇ। ਉਨ੍ਹਾਂ ਦਾ ਖੰਡਾ ਜਿਸ ਦੇ ਲੱਗਦਾ ਸੀ ਉਹ ਹੀ ਅਗਲੇ ਜਹਾਨ ਪਹੁੰਚ ਜਾਂਦਾ ਸੀ। ਬਾਬਾ ਦੀਪ ਸਿੰਘ ਨੂੰ ਅੱਗੇ ਵਧਦਾ ਵੇਖ ਕੇ ਜਮਾਲ ਖਾਂ ਲਲਕਾਰੇ ਮਾਰਦਾ ਬਾਬਾ ਜੀ ਅੱਗੇ ਆ ਗਿਆ। ਬਾਬਾ ਜੀ ਨੇ ਖੰਡੇ ਦਾ ਐਸਾ ਵਾਰ ਕੀਤਾ ਕਿ ਬਾਬਾ ਜੀ ਦਾ ਖੰਡਾ ਜਮਾਲ ਖਾਂ ਨੂੰ ਚੀਰਦਾ ਹੋਇਆ ਘੋੜੇ ਵਿਚੋਂ ਦੀ ਲੰਘ ਗਿਆ। ਪਠਾਣੀ ਫ਼ੌਜਾਂ ਭੱਜ ਉਠੀਆਂ, ਪਰ ਜਹਾਨ ਖਾਂ ਫੇਰ ਉਨ੍ਹਾਂ ਨੂੰ ਲਾਅਨਤਾਂ ਪਾਉਣ ਲੱਗ ਗਿਆ। ਇਹ ਵੇਖ ਕੇ ਸ੍ਰ: ਦਿਆਲ ਸਿੰਘ ਨੇ ਇਕ ਤੀਰ ਉਸ ਦੀ ਛਾਤੀ ਵਿਚ

ਮਾਰਿਆ ਜਿਸ ਨਾਲ ਉਹ ਹਾਥੀ ਤੋਂ ਥੱਲੇ ਡਿੱਗ ਕੇ ਮਰ ਗਿਆ।

ਉਸ ਸਮੇਂ ਬਾਬਾ ਦੀਪ ਸਿੰਘ ਜੀ ਪਠਾਣੀ ਫ਼ੌਜਾਂ ਦੇ ਟੁਕੜੇ ਕਰਦੇ ਅੰਮ੍ਰਿਤਸਰ ਵੱਲ ਵਧੀ ਜਾ ਰਹੇ ਸਨ। ਇਸ ਕੱਟ ਵੱਢ ਵਿਚ ਇਕ ਪਠਾਣ ਦੀ ਤਲਵਾਰ ਉਨ੍ਹਾਂ ਦੀ ਗਰਦਨ 'ਤੇ ਵੱਜੀ ਤੇ ਉਹ ਡਿੱਗ ਪਏ ਪਰ ਕੁਝ ਸਮੇਂ ਬਾਅਦ ਹੱਥ ਨਾਲ ਸਿਰ ਨੂੰ ਸਹਾਰਾ ਦਿੰਦੇ ਹੋਏ ਉਹ ਉੱਠ ਕੇ ਖਲੋ ਗਏ, ਉਨ੍ਹਾਂ ਦੀ ਗਰਦਨ ਵਿਚੋਂ ਲਹੂ ਬਹਿ ਰਿਹਾ ਸੀ ਤੇ ਇੰਝ ਲਗਦਾ ਸੀ ਕਿ ਉਨ੍ਹਾਂ ਦਾ ਸਿਰ ਕਿਸੇ ਵੇਲੇ ਵੀ ਥੱਲੇ ਆ ਡਿੱਗੇਗਾ। ਪਰ ਉਹ ਇਕ ਹੱਥ ਨਾਲ ਹੀ ਪਠਾਣਾਂ 'ਤੇ ਵਾਰ ਕਰਦੇ ਹੋਰ ਜ਼ੋਰ ਨਾਲ ਅੱਗੇ ਵਧਣ ਲੱਗੇ। ਜਹਾਨ ਖਾਂ ਦੇ ਮਰ ਜਾਣ ਨਾਲ ਪਠਾਣੀ ਫ਼ੌਜਾਂ ਅੱਗੇ ਹੀ ਭੱਜਣ ਬਾਰੇ ਸੋਚ ਰਹੀਆਂ ਸਨ, ਪਰ ਜਦ ਬਾਬਾ ਦੀਪ ਸਿੰਘ ਨੂੰ ਉਨ੍ਹਾਂ ਇਸ ਤਰ੍ਹਾਂ ਲੜਦਾ ਵੇਖਿਆ ਤਾਂ ਉਹ ਜਾਨ ਬਚਾ ਕੇ ਜਿਧਰ ਮੂੰਹ ਹੋਇਆ ਭੱਜ ਉਠੇ। ਬਾਬਾ ਦੀਪ ਸਿੰਘ ਜੀ ਤੇਜ਼ ਰਫ਼ਤਾਰ ਅੱਗੇ ਵੱਧੀ ਜਾ ਰਹੇ ਸਨ ਕਿ ਅੰਮ੍ਰਿਤਸਰ ਨੂੰ ਦੁਸ਼ਮਣਾਂ ਤੋਂ ਆਜ਼ਾਦ



ਕਰਵਾਉਣਾ ਹੈ, ਇਹ ਪ੍ਰਣ ਉਨ੍ਹਾਂ ਦਾ ਪੂਰਾ ਹੋਇਆ ਤੇ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਜਾ ਕੇ ਉਹ ਡਿੱਗ ਪਏ ਅਤੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦਾ ਜਿਥੇ ਸਸਕਾਰ ਕੀਤਾ ਗਿਆ ਓਥੇ ਗੁਰਦੁਆਰਾ ਸ਼ਹੀਦ ਗੰਜ ਹੈ। ਅੰਮ੍ਰਿਤਸਰ ਆਜ਼ਾਦ ਹੋ ਗਿਆ ਤੇ ਸਿੰਘਾਂ ਨੇ ਸਰੋਵਰ ਨੂੰ ਸਾਫ਼ ਕਰ ਕੇ ਬਾਬਾ ਦੀਪ ਸਿੰਘ ਦੇ ਪ੍ਰਣ ਨੂੰ ਪੂਰਾ ਕੀਤਾ।

ਬਾਬਾ ਦੀਪ ਸਿੰਘ ਸ਼ਹੀਦ ਅੱਜ ਸਿੱਖਾਂ ਦੇ ਸ਼੍ਰੋਮਣੀ ਸ਼ਹੀਦ ਮੰਨੇ ਜਾਂਦੇ ਹਨ। ਅੰਮ੍ਰਿਤਸਰ ਵਿਚ ਬਾਬਾ ਦੀਪ ਸਿੰਘ ਦੀ ਯਾਦ ਵਿਚ ਬਣੇ ਗੁਰਦੁਆਰੇ ਸ਼ਹੀਦ ਗੰਜ ਦੀ ਮਾਨਤਾ ਹਰਿਮੰਦਰ ਸਾਹਿਬ ਤੋਂ ਦੂਸਰੇ ਸਥਾਨ 'ਤੇ ਆਉਂਦੀ ਹੈ। ਜਿਹੜੇ ਵੀ ਸਿੱਖ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ ਉਹ ਗੁਰਦੁਆਰਾ ਸ਼ਹੀਦ ਗੰਜ ਦੇ ਦਰਸ਼ਨ ਕਰਨ ਜ਼ਰੂਰ ਜਾਂਦੇ ਹਨ। ਕਈ ਲੋਕਾਂ ਦਾ ਇਹ ਪੱਕਾ ਵਿਸ਼ਵਾਸ਼ ਹੈ ਕਿ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਰੋਜ਼ਾਨਾ ਜਾਣ ਨਾਲ ਮਨ ਦੀਆਂ ਸਭ ਮੁਰਾਦਾਂ ਪੂਰੀਆਂ ਹੁੰਦੀਆਂ ਹਨ।

ਜਿਵੇਂ ਕਿ ਪਹਿਲੇ ਵੀ ਲਿਖਿਆ ਜਾ ਚੁੱਕਾ ਹੈ, ਬਾਬਾ ਦੀਪ ਸਿੰਘ 1726 ਈ: ਤੋਂ ਲੈ ਕੇ 1757 ਤਕ 31 ਸਾਲ ਦਮਦਮਾ ਸਾਹਿਬ ਰਹੇ ਸਨ। ਇਸ ਲਈ ਉਹ ਦਮਦਮੀ ਟਕਸਾਲ ਦੇ ਮੂਲ ਸੰਚਾਲਕ ਹੋਣ ਕਰਕੇ ਸਿੱਖ ਇਤਿਹਾਸ ਵਿਚ ਬੜਾ ਉੱਚਾ ਸਥਾਨ ਰਖਦੇ ਹਨ। ਜਿਥੇ ਇਕ ਪਾਸੇ ਉਨ੍ਹਾਂ ਬਾਣੀ ਦੇ ਅਰਥ ਪੜ੍ਹਾ ਕੇ ਅਤੇ ਗੁਰੂ ਜੀ ਦੀ ਹਦਾਇਤ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੱਖਾਂ ਵਿਚ ਇਕ ਨਵਾਂ ਜੋਸ਼ ਪੈਦਾ ਕੀਤਾ ਓਥੇ ਉਨ੍ਹਾਂ ਸਿੱਖ ਯੋਧਿਆਂ ਦੇ ਜੱਥੇ ਵੀ ਕਾਇਮ ਕੀਤੇ। ਇਸ ਗੱਲ ਵਿਚ ਅੱਤਕੱਥਨੀ ਨਹੀਂ ਹੋਵੇਗੀ ਕਿ ਉਹ ਸਿੱਖ ਰਾਜ ਉਸਰੱਈਆਂ ਵਿਚ ਉਨਾਂ ਦਾ ਪ੍ਰਥਮ ਸਥਾਨ ਹੈ। ਇਤਿਹਾਸ ਗਵਾਹ ਹੈ ਕਿ ਜਦ 1732 ਈ: ਨੂੰ ਬਾਬਾ ਆਲਾ ਸਿੰਘ ਨੂੰ ਭੱਟੀ ਰਾਜਪੂਤਾ ਘੇਰ ਲਿਆ ਸੀ ਤੇ ਉਨ੍ਹਾਂ ਨੂੰ ਸ਼ਹੀਦ ਕਰਨ ਵਿਚ ਕੋਈ ਬਹੁਤਾ ਸਮਾਂ ਬਾਕੀ ਨਹੀਂ ਸੀ ਜਦ ਬਾਬਾ ਦੀਪ ਸਿੰਘ ਯੋਧਿਆਂ ਦਾ ਜੱਥਾ ਲੈ ਕੇ ਓਥੇ ਪੁੱਜ ਗਿਆ। ਭੱਟੀ ਰਾਜਪੂਤਾਂ ਦਾ ਉਨ੍ਹਾਂ ਐਸਾ ਘਾਣ ਕੀਤਾ ਕਿ ਉਨ੍ਹਾਂ ਮੁੜ ਪਿੱਛਾ ਨਾ ਵੇਖਿਆ।

ਜਦੋਂ ਸੰਨ 1748 ਈ: ਨੂੰ ਸਿੱਖਾਂ ਦੇ 65 ਜੱਥੇ ਤੋੜ ਕੇ 12 ਜੱਥੇ ਬਣਾ ਦਿੱਤੇ ਗਏ, ਤਾਂ ਉਨ੍ਹਾਂ ਜੱਥਿਆਂ ਨੂੰ ਮਿਸਲਾਂ ਦਾ ਨਾਂ ਦਿੱਤਾ ਗਿਆ। ਇਨ੍ਹਾਂ ਮਿਸਲਾਂ ਵਿਚ ਇਕ ਮਿਸਲ ਜੋ ਮਰਜੀਵੜਿਆਂ ਦੀ ਸੀ, ਉਸ ਮਿਸਲ ਦਾ ਜੱਥੇਦਾਰ ਬਾਬਾ ਦੀਪ ਸਿੰਘ ਨੂੰ ਬਣਾਇਆ ਗਿਆ ਤੇ ਇਸ ਮਿਸਲ ਦਾ ਨਾਂ ਹੀ 'ਸ਼ਹੀਦ ਮਿਸਲ' ਕਰਕੇ ਮਸ਼ਹੂਰ ਹੋਇਆ। ਇਸ ਮਿਸਲ ਦੇ ਪਾਸ ਅੰਬਾਲਾ ਖੇਤਰ ਦੇ ਇਲਾਕੇ ਸਨ।

ਇਹ ਗੱਲ ਮੰਨਣ ਵਾਲੀ ਹੈ ਕਿ ਸਿੱਖਾਂ ਦੀ ਬਹਾਦਰੀ ਅੱਜ ਸੰਸਾਰ ਵਿਚ ਪ੍ਰਸਿੱਧ ਹੈ। ਪਰ ਅਜਿਹਾ ਬਹਾਦਰ ਯੋਧਾ ਬਹੁਤ ਘੱਟ ਮਿਲਦਾ ਹੈ, ਜਿਸ ਨੂੰ ਸਭ ਲੋਕ ਏਨਾ ਸਤਿਕਾਰ ਅਤੇ ਪਿਆਰ ਦਿੰਦੇ ਹੋਣ। ਅੱਜ ਜਦ ਅਸੀਂ ਗੁਰਦੁਆਰਾ ਸ਼ਹੀਦ ਗੰਜ ਜਾਂਦੇ ਹਾਂ ਤਾਂ ਸਾਡਾ ਸਿਰ ਆਪ ਮੁਹਾਰਾ ਧਰਤੀ 'ਤੇ ਨਿਉਂ ਜਾਂਦਾ ਹੈ ਅਤੇ ਅਸੀਂ ਆਪਣੇ ਵਿਚ ਇਹ ਝਾਤੀ ਮਾਰਦੇ ਹਾਂ ਕਿ ਸਾਡੇ ਵਿਚ ਅਜੇਹੀ ਕੁਰਬਾਨੀ ਕਰਨ ਦੀ ਪਹੁੰਚ ਹੈ? ਪਰ ਜੇ ਸਾਡੇ ਵਿਚ ਪਹੁੰਚ ਨਹੀਂ ਹੈ ਤਾਂ ਬਾਬਾ ਜੀ ਦੀ ਯਾਦ ਵਿਚ ਬਣੇ ਗੁਰਦੁਆਰੇ ਕਰਕੇ ਇਹ ਸੁੱਤੀ ਕਲਾ ਜ਼ਰੂਰ ਜਾਗ ਪੈਂਦੀ ਹੈ। ਜਦ ਤਕ ਸਿੱਖ ਕੌਮ ਜ਼ਿੰਦਾ ਹੈ, ਬਾਬਾ ਦੀਪ ਸਿੰਘ ਜੀ ਵੀ ਜ਼ਿੰਦਾ ਸ਼ਹੀਦ ਦੇ ਤੌਰ ਤੇ ਹੀ ਪੂਜੇ ਅਤੇ ਸਤਿਕਾਰੇ ਜਾਣਗੇ।

ਬਾਬਾ ਬੰਦਾ ਸਿੰਘ ਜੀ ਬਹਾਦਰ

ਮੁੱਢਲਾ ਜੀਵਨ

ਬਾਬਾ ਬੰਦਾ ਸਿੰਘ ਦਾ ਜਨਮ 16 ਅਕਤੂਬਰ ਸੰਨ 1670 ਈਸਵੀ ਨੂੰ ਜੰਮੂ–ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਚ ਹੋਇਆ। ਆਪ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਆਪ ਦੇ ਪਿਤਾ ਰਾਮ ਦੇਵ ਖੇਤੀਬਾੜੀ ਦਾ ਕੰਮ ਕਰਦੇ ਸਨ।

ਉਨ੍ਹਾਂ ਸਮਿਆਂ ਵਿਚ ਪੜ੍ਹਾਈ ਦਾ ਪ੍ਰਬੰਧ ਨਾ ਹੋਣ ਕਰਕੇ ਆਪ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝੇ ਰਹੇ। ਪਰ ਆਪ ਦਾ ਸਰੀਰ ਬੜਾ ਫੁਰਤੀਲਾ ਅਤੇ ਮਜ਼ਬੂਤ ਸੀ ਤੇ ਆਪ ਨੂੰ ਘੋੜ–ਸਵਾਰੀ ਤੇ ਸ਼ਿਕਾਰ ਦਾ ਬਹੁਤ ਸ਼ੌਕ ਸੀ।

ਇਕ ਦਿਨ ਉਨ੍ਹਾਂ ਨਾਲ ਇਕ ਵਚਿੱਤਰ ਘਟਨਾ ਵਾਪਰ ਗਈ। ਜਦ ਆਪ ਸ਼ਿਕਾਰ ਖੇਡਣ ਗਏ ਤਾਂ ਆਪ ਨੇ ਇਕ ਹਿਰਨੀ ਨੂੰ ਤੀਰ ਮਾਰਿਆ ਜਿਸ ਕਾਰਨ ਉਹ ਖਤਮ ਹੋ ਗਈ। ਜਦ ਉਹ ਉਸ ਨੂੰ ਚੁੱਕ ਕੇ ਘਰ ਲਿਆਏ ਤੇ ਉਸ ਦੀ ਚੀਰ–ਫਾੜ ਕੀਤੀ ਤਾਂ ਹਿਰਨੀ ਦੇ ਪੇਟ ਵਿਚੋਂ ਦੋ ਜ਼ਿੰਦਾ ਬੱਚੇ ਨਿਕਲੇ ਜਿਹੜੇ ਉਸ ਦੇ ਸਾਹਮਣੇ ਤੜਫ–ਤੜਫ ਕੇ ਮਰ ਗਏ। ਲਛਮਣ ਦੇਵ ਦੇ ਕੋਮਲ ਦਿਲ 'ਤੇ ਇਸ ਦਾ ਬਹੁਤ ਪ੍ਰਭਾਵ ਪਿਆ। ਉਹ ਬਹੁਤ ਪਛਤਾਇਆ ਤੇ ਉਸ ਦਾ ਮਨ ਵੈਰਾਗਮਈ ਹੋ ਗਿਆ। ਉਹ ਸੰਸਾਰਿਕ ਜੀਵਨ ਨੂੰ ਛੱਡ ਕੇ ਬੈਰਾਗੀ ਹੋ ਗਿਆ ਤੇ ਜਾਨਕੀ ਦਾਸ ਨਾਮੀ ਇਕ ਸਾਧੂ ਦਾ ਚੇਲਾ ਬਣ ਗਿਆ। ਜਾਨਕੀ ਦਾਸ ਨੇ ਉਸ ਦਾ ਨਾਂ ਮਾਧੋ ਦਾਸ ਰੱਖ ਦਿੱਤਾ। ਆਪਣੇ ਗੁਰੂ ਜਾਨਕੀ ਦਾਸ ਨਾਲ ਉਸ ਬਹੁਤ ਯਾਤਰਾ ਕੀਤੀ। ਇਕ ਵਾਰ ਘੁੰਮਦੇ ਘੁਮਾਉਂਦੇ ਉਹ ਕਸੂਰ ਚਲੇ ਗਏ। ਓਥੇ ਜਾ ਕੇ ਉਹ ਰਾਮਦਾਸ ਬੈਰਾਗੀ ਦੀ ਮੰਡਲੀ ਵਿਚ ਰਲ ਗਿਆ ਅਤੇ ਉਸ ਨਾਲ ਵੀ ਪ੍ਰਸਿੱਧ ਤੀਰਥਾਂ ਦੀ ਯਾਤਰਾ ਕੀਤੀ। ਯਾਤਰਾ ਕਰਦੇ–ਕਰਦੇ ਉਹ ਪੰਚਵਟੀ ਪੁੱਜੇ। ਉਹ ਅਸਥਾਨ ਉਨ੍ਹਾਂ ਨੂੰ ਬਹੁਤ ਚੰਗਾ ਲੱਗਾ ਤੇ ਉਥੇ ਹੀ ਠਹਿਰ ਗਏ।

ਇਸ ਅਸਥਾਨ 'ਤੇ ਮਾਧੋ ਦਾਸ ਦਾ ਮੇਲ ਇਕ ਔਘੜ ਨਾਥ ਨਾਮੀ ਜੋਗੀ ਨਾਲ ਹੋਇਆ। ਔਘੜ ਨਾਥ ਤਾਂਤ੍ਰਿਕ ਵਿੱਦਿਆ ਵਿਚ ਬੜਾ ਮਾਹਰ ਸੀ। ਤਾਂਤ੍ਰਿਕ ਵਿੱਦਿਆ ਅਤੇ ਰਿਧੀਆਂ ਸਿਧੀਆਂ ਸਿੱਖਣ ਲਈ ਮਾਧੋ ਦਾਸ ਉਸ ਦਾ ਚੇਲਾ ਬਣ ਗਿਆ। ਉਸ ਨੇ ਔਘੜ ਨਾਥ ਦੀ ਬਹੁਤ ਸੇਵਾ ਕੀਤੀ ਅਤੇ ਹਰ ਪ੍ਰਕਾਰ ਦੀ ਵਿੱਦਿਆ ਉਸ ਤੋਂ ਪ੍ਰਾਪਤ ਕਰ ਲਈ। ਮਾਧੋ ਦਾਸ ਉਸ ਦੀ ਬਹੁਤ ਸੇਵਾ ਕਰਦਾ ਸੀ। ਇਸ ਗੱਲ ਨੂੰ ਮੁੱਖ ਰੱਖ ਕੇ ਮਰਨ ਸਮੇਂ ਔਘੜ ਨਾਥ ਆਪਣੇ ਡੇਰੇ ਦੀ ਮਾਲਕੀ ਤੇ ਜੰਤਰ–ਮੰਤਰ ਦਾ ਕੀਮਤੀ ਗ੍ਰੰਥ ਵੀ ਉਸ ਨੂੰ ਸੌਂਪ ਗਿਆ।

ਤਾਂਤ੍ਰਿਕ ਵਿੱਦਿਆ ਵਿਚ ਨਿਪੁੰਨ ਹੋ ਕੇ ਮਾਧੋ ਦਾਸ ਨੇ ਆਪਣਾ ਡੇਰਾ ਨਾਸਕ ਦੇ ਨਜ਼ਦੀਕ ਗੋਦਾਵਰੀ ਕੰਢੇ ਵਸਾ ਲਿਆ। ਮੰਤਰਾਂ ਜੰਤਰਾਂ ਕਰਕੇ ਉਹ ਬਹੁਤ ਪ੍ਰਸਿੱਧ ਹੋ ਗਿਆ ਤੇ ਲੋੜਵੰਦ ਲੋਕਾਂ ਦੀ ਉਸ ਪਾਸ ਭੀੜ ਲੱਗੀ ਰਹਿੰਦੀ। ਉਸ ਦੇ ਬੜੇ ਚੇਲੇ ਬਣ ਗਏ ਤੇ ਉਸ ਦੇ ਡੇਰੇ ਵਿਚ ਕਈ ਕਮਰੇ ਬਣ ਗਏ ਅਤੇ ਮਾਲ ਧਨ ਦੀ ਕੋਈ ਤੋਟ ਨਾ ਰਹੀ। ਸ਼ਰਧਾਲੂਆਂ ਦੀ ਗਿਣਤੀ ਦਿਨ ਬਦਿਨ ਵਧਦੀ ਗਈ। ਮਾਧੋ ਦਾਸ ਬੜਾ ਘੁੰਮਡੀ ਹੋ ਗਿਆ ਤੇ ਉਹ ਆਏ ਗਏ ਸਾਧੂਆਂ ਦੀ ਸੇਵਾ ਕਰਨ ਦੀ ਥਾਂ ਉਨ੍ਹਾਂ ਦਾ ਮਖੌਲ ਉਡਾਉਂਦਾ। ਆਪਣੇ ਜੰਤਰਾਂ ਮੰਤਰਾਂ ਦੀ ਸ਼ਕਤੀ ਨਾਲ ਸਾਧੂਆਂ ਦੇ ਮੰਜੇ ਉਲਟਾ ਦਿੰਦਾ।

ਗੁਰੂ ਗੋਬਿੰਦ ਸਿੰਘ ਜੀ ਜਦ ਨਾਂਦੇੜ ਗਏ ਤਾਂ ਉਨ੍ਹਾਂ ਨੂੰ ਮਾਧੋ ਦਾਸ ਦੇ ਚਰਿੱਤਰ ਦਾ ਪਤਾ ਲੱਗਾ। ਉਹ ਕੁਰਾਹੇ ਪਏ ਮਾਧੋ ਦਾਸ ਨੂੰ ਸੁਧਾਰਨ ਵਾਸਤੇ ਉਸ ਦੇ ਡੇਰੇ ਗਏ। ਪਰ ਮਾਧੋ ਦਾਸ ਉਸ ਸਮੇਂ ਡੇਰੇ ਹਾਜ਼ਰ ਨਹੀਂ ਸੀ। ਗੁਰੂ ਜੀ ਆਰਾਮ ਕਰਨ ਲਈ ਉਸ ਦੇ ਪਲੰਘ 'ਤੇ ਲੇਟ ਗਏ ਤੇ ਗੁਰੂ ਦੇ ਸਿੰਘ ਰਾਸ਼ਨ ਪਾਣੀ

ਤਿਆਰ ਕਰਨ ਲੱਗ ਗਏ। ਜਦ ਮਾਧੋ ਦਾਸ ਦੇ ਚੇਲਿਆਂ ਨੇ ਇਹ ਕੁਝ ਵੇਖਿਆ ਤਾਂ ਉਹ ਮਾਧੋ ਦਾਸ ਪਾਸ ਸ਼ਕਾਇਤ ਕਰਨ ਚਲੇ ਗਏ। ਚੇਲਿਆਂ ਦੀ ਗੱਲ ਸੁਣ ਕੇ ਉਹ ਬੜੇ ਤੈਸ਼ ਵਿਚ ਆਇਆ ਅਤੇ ਡੇਰੇ ਵੱਲ ਚੱਲ ਪਿਆ। ਆਪਣੇ ਪਲੰਘ ਉਤੇ ਜਦ ਇਕ ਗ਼ੈਰ ਵਿਅਕਤੀ ਨੂੰ ਲੇਟਿਆ ਵੇਖਿਆ ਤਾਂ ਉਹ ਬੜੇ ਰੋਹ ਵਿਚ ਆ ਕੇ ਜੰਤਰਾਂ ਮੰਤਰਾਂ ਦੀ ਸਹਾਇਤਾ ਨਾਲ ਪਲੰਘ ਨੂੰ ਉਲਟਾਉਣ ਲੱਗਾ, ਪਰ ਉਸ ਦੀ ਕੋਈ ਪੇਸ਼ ਨਾ ਗਈ। ਉਸ ਦਾ ਸਾਰਾ ਹੰਕਾਰ ਜਾਂਦਾ ਰਿਹਾ ਅਤੇ ਉਹ ਗੁਰੂ ਜੀ ਦੇ ਚਰਨੀਂ ਜਾ ਲੱਗਾ। ਗੁਰੂ ਜੀ ਨੇ ਕਿਹਾ, "ਮਾਧੋ ਦਾਸ! ਤੂੰ ਆਪਣੀਆਂ ਸ਼ਕਤੀਆਂ ਨੂੰ ਮਾੜੇ ਕੰਮਾਂ ਵਿਚ ਵਰਤ ਰਿਹਾ ਹੈਂ। ਮੈਂ ਤੈਨੂੰ ਆਪਣਾ ਸਿੰਘ ਬਣਾਉਣ ਆਇਆ ਹਾਂ।" ਮਾਧੋ ਦਾਸ ਕਹਿਣ ਲੱਗਾ, "ਹਜ਼ੂਰ! ਮੈਂ ਆਪ ਦਾ ਬੰਦਾ ਹਾਂ, ਜਿਵੇਂ ਮਰਜ਼ੀ ਕਰੋ।"

ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਨੂੰ ਸਿੰਘ ਸਜਾ ਕੇ ਉਸ ਦਾ ਨਾਂ ਬੰਦਾ ਸਿੰਘ ਰੱਖ ਦਿੱਤਾ। ਇਸ ਤਰ੍ਹਾਂ ਮਾਧੋ ਦਾਸ ਦੀ ਕਾਇਆ ਹੀ ਪਲਟ ਗਈ ਤੇ ਇਕ ਸਾਧੂ ਤੋਂ ਉਹ ਇਕ ਦਲੇਰ ਸਿੰਘ ਬਣ ਗਿਆ।



ਬਾਬਾ ਬੰਦਾ ਸਿੰਘ ਪੰਜਾਬ ਵੱਲ

ਬਾਬਾ ਬੰਦਾ ਸਿੰਘ ਮੁਗ਼ਲਾਂ ਵੱਲੋਂ ਸਿੱਖਾਂ ਉਤੇ ਕੀਤੇ ਜ਼ੁਲਮਾਂ ਦੀ ਕਹਾਣੀ ਸੁਣ ਕੇ ਬੜੇ ਤੈਸ਼ ਵਿਚ ਆ ਗਿਆ। ਉਹ ਚਾਹੁੰਦਾ ਸੀ ਕਿ ਜੇ ਗੁਰੂ ਜੀ ਉਸ ਨੂੰ ਆਗਿਆ ਦੇਣ ਤਾਂ ਪੰਜਾਬ ਜਾ ਕੇ ਜ਼ਾਲਮ ਮੁਗਲਾਂ ਦਾ ਰਾਜ ਖਤਮ ਕਰੇ। ਪਰ ਉਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਵਾਪਰ ਗਈ। ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਜਦ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਉਸ ਵੇਲੇ ਦੇ ਬਾਦਸ਼ਾਹ ਬਹਾਦਰ ਸ਼ਾਹ ਦੇ ਬਹੁਤ ਨੇੜੇ ਹੋ ਗਏ ਹਨ ਤਾਂ ਉਹ ਬਹੁਤ ਡਰ ਗਿਆ ਕਿ ਗੁਰੂ ਗੋਬਿੰਦ ਸਿੰਘ ਜੇ ਪੰਜਾਬ ਵਿਚ ਵਾਪਿਸ ਆਏ ਤਾਂ ਉਸ ਦੀ ਖੈਰ ਨਹੀਂ ਸੀ। ਇਸ ਲਈ ਉਸ ਦੋ ਪਠਾਨ ਗੁਰੂ ਜੀ ਨੂੰ ਕਤਲ ਕਰਨ ਵਾਸਤੇ ਭੇਜੇ। ਇਹ ਪਠਾਨ ਕੁਝ ਦਿਨ ਗੁਰੂ ਜੀ ਪਾਸ ਠਹਿਰੇ ਤੇ ਇਕ ਦਿਨ ਮੌਕਾ ਮਿਲਣ 'ਤੇ ਇਕ ਪਠਾਨ ਨੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ ਅਤੇ ਗੁਰੂ ਜੀ ਨੂੰ ਜ਼ਖਮੀ ਕਰ ਦਿੱਤਾ। ਇਸ ਘਟਨਾ ਦਾ ਬਾਬਾ ਬੰਦਾ ਸਿੰਘ ਬਹਾਦਰ 'ਤੇ ਬੜਾ ਪ੍ਰਭਾਵ ਪਿਆ ਤੇ ਉਸ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਸ ਨੂੰ ਪੰਜਾਬ ਜਾਣ ਦਿੱਤਾ ਜਾਵੇ ਤਾਂਕਿ ਉਹ ਵੈਰੀਆਂ ਨੂੰ ਸੋਧ ਸਕੇ। ਗੁਰੂ ਜੀ ਆਪ ਵੀ ਪੰਜਾਬ ਆਉਣਾ ਚਾਹੁੰਦੇ ਸਨ, ਪਰ ਉਨ੍ਹਾਂ ਦੇ ਡੂੰਘਾ ਜ਼ਖਮ ਹੋਣ ਕਰਕੇ ਉਨ੍ਹਾਂ ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਣ ਦਾ ਫੈਸਲਾ ਕਰ ਲਿਆ।

ਗੁਰੂ ਜੀ ਨੇ ਬੰਦਾ ਸਿੰਘ ਨੂੰ ਆਪਣੇ ਪਾਸ ਬੁਲਾ ਕੇ ਬਹਾਦਰੀ ਦਾ ਥਾਪੜਾ ਦਿੱਤਾ; ਆਪਣੇ ਭੱਥੇ ਵਿਚੋਂ ਪੰਜ ਤੀਰ ਦਿੱਤੇ ਅਤੇ ਉਸ ਦੀ ਸਹਾਇਤਾ ਵਾਸਤੇ ਭਾਈ ਦਇਆ ਸਿੰਘ, ਭਾਈ ਬਾਜ ਸਿੰਘ, ਭਾਈ ਬਿਨੋਦ ਸਿੰਘ, ਭਾਈ ਫ਼ਤਹਿ ਸਿੰਘ, ਭਾਈ ਕਾਹਨ ਸਿੰਘ ਅਤੇ ਭਾਈ ਰਣ ਸਿੰਘ ਨੂੰ ਭੇਜਿਆ। ਇਕ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਦਿੱਤਾ। ਗੁਰੂ ਜੀ ਨੇ ਉਸ ਨੂੰ ਜ਼ਰੂਰੀ ਹਦਾਇਤਾਂ ਦੇ ਕੇ ਪੰਜਾਬ ਵਿਚ ਪ੍ਰਸਿੱਧ ਸਿੱਖਾਂ ਦੇ ਨਾਂ ਹੁਕਮਨਾਮੇ ਲਿਖ ਦਿੱਤੇ ਤਾਂ ਕਿ ਉਹ ਬੰਦਾ ਸਿੰਘ ਨੂੰ ਉਨ੍ਹਾਂ ਦਾ ਨੁਮਾਇੰਦਾ ਸਮਝ ਕੇ ਉਸ ਦੀ ਪੂਰੀ ਸਹਾਇਤਾ ਕਰਨ।

ਬਾਬਾ ਬੰਦਾ ਸਿੰਘ ਸੂਰਬੀਰ ਸਿੰਘਾਂ ਨੂੰ ਨਾਲ ਲੈ ਕੇ ਪੰਜਾਬ ਵੱਲ ਚੱਲ ਪਿਆ। ਦਿੱਲੀ ਦੀ ਹੱਦ ਤਕ ਪੁੱਜਦਿਆਂ ਉਸ ਕੋਈ ਕਾਰਵਾਈ ਨਾ ਕੀਤੀ। ਜਦ ਗੁਰੂ ਦੇ ਸਿੱਖਾਂ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਗੁਰੂ ਦਾ ਨੁਮਾਇੰਦਾ ਹੈ ਤਾਂ ਉਹ ਬੜੇ ਪਿਆਰ ਨਾਲ ਬੰਦਾ ਸਿੰਘ ਨੂੰ ਮਿਲਣ ਆਉਣ ਲੱਗੇ। ਉਹ ਜਿਸ ਪਿੰਡ ਵੀ ਠਹਿਰਦਾ ਉਸ ਪਿੰਡ ਦੇ ਲੋਕਾਂ ਨੂੰ ਹੌਸਲਾ ਦਿੰਦਾ ਅਤੇ ਜ਼ਾਲਮ ਹਕੂਮਤ ਨਾਲ ਟੱਕਰ ਲੈਣ ਲਈ ਪ੍ਰੇਰਦਾ।

ਇਕ ਦਿਨ ਜਦ ਉਹ ਇਕ ਪਿੰਡ ਵਿਚ ਠਹਿਰਿਆ ਹੋਇਆ ਸੀ ਤਾਂ ਉਸ ਨੂੰ ਪੱਤਾ ਲੱਗਾ ਕਿ ਪਿੰਡ ਦੇ ਵਸਨੀਕ, ਪਿੰਡ ਨੂੰ ਛੱਡ ਕੇ ਜਾ ਰਹੇ ਸਨ। ਜਦ ਉਸ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਰਾਤ ਨੂੰ ਧਾੜਵੀ ਪਿੰਡ ਨੂੰ ਲੁੱਟਣ ਆ ਰਹੇ ਹਨ। ਬੰਦਾ ਸਿੰਘ ਨੇ ਉਨ੍ਹਾਂ ਨੂੰ ਬੜਾ ਹੌਸਲਾ ਦਿੱਤਾ, ਪਰ ਸਦੀਆਂ ਤੋਂ ਲਤਾੜੇ ਹੋਏ ਕਿਵੇਂ ਧੀਰਜ ਕਰ ਸਕਦੇ ਸਨ? ਅਖੀਰ ਬੰਦਾ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਡਾਕੂਆਂ ਦਾ ਮੁਕਾਬਲਾ ਕਰਨ ਦਾ ਪ੍ਰੋਗਰਾਮ ਬਣਾਇਆ।

ਜਦ ਡਾਕੂ ਸ਼ਾਮ ਨੂੰ ਆਏ ਤਾਂ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਧਾੜਵੀਆਂ ਨੂੰ ਐਸਾ ਮਜ਼ਾ ਚਖਾਇਆ ਕਿ ਪਹਿਲਾ ਲੁੱਟਿਆ ਹੋਇਆ ਮਾਲ ਵੀ ਛੱਡ ਗਏ। ਫਿਰ ਪਿੰਡ ਦੇ ਲੋਕਾਂ ਵਿਚ ਵੀ ਹੌਸਲਾ ਜਾਗ ਪਿਆ ਤੇ ਉਨ੍ਹਾਂ ਡਾਕੂਆਂ ਦਾ ਪਿੱਛਾ ਕਰ ਕੇ ਉਨ੍ਹਾਂ ਨੂੰ ਮਾਰ ਮੁਕਾਇਆ। ਇਸ ਘਟਨਾ ਨੇ ਲਾਗਲੇ ਪਿੰਡਾਂ ਦੇ ਵੀ ਹੌਸਲੇ ਵਧਾ ਦਿੱਤੇ ਅਤੇ ਬੰਦਾ ਸਿੰਘ ਜਿਹੜੇ ਪਿੰਡ ਜਾਂਦਾ ਉਸ ਦਾ ਬੜਾ ਸਵਾਗਤ ਹੁੰਦਾ।

ਉਹ ਹਰ ਗਰੀਬ ਦੀ ਮੱਦਦ ਕਰਦਾ ਸੀ। ਜਿਹੜਾ ਉਸ ਪਾਸੋਂ ਧਨ ਮੰਗਣ ਆਉਂਦਾ ਤਾਂ ਇਕ ਮੋਹਰ ਤੋਂ ਘੱਟ ਨਾ ਦਿੰਦਾ। ਇਸ ਤਰ੍ਹਾਂ ਲੋਕ ਉਸ ਦੀ ਦਿਆਲਤਾ ਉੱਤੇ ਬਹੁਤ ਪ੍ਰਸੰਨ ਸਨ। ਉਸ ਮਾਲਵੇ, ਦੁਆਬੇ ਅਤੇ ਮਾਝੇ ਦੇ ਲੋਕਾਂ ਨੂੰ ਹੁਕਮਨਾਮੇ ਭੇਜੇ। ਹੋਰ ਸਿੰਘ ਵੀ ਉਸ ਦੀ ਸੈਨਾ ਵਿਚ ਸ਼ਾਮਲ ਹੋਣ ਲੱਗੇ। ਇਸ ਤਰ੍ਹਾਂ ਬੰਦਾ ਸਿੰਘ ਦੀ ਫ਼ੌਜ ਵਿਚ ਵੱਧਾ ਹੋਣ ਲੱਗਾ।

ਉਹ ਇਕਦਮ ਵੱਡੇ ਫ਼ੌਜਦਾਰਾਂ ਉਤੇ ਹਮਲਾ ਨਹੀਂ ਸੀ ਕਰਨਾ ਚਾਹੁੰਦਾ। ਇਸ ਲਈ ਕੁਝ ਸਮਾਂ ਪਿੰਡਾਂ ਵਿਚ ਹੀ ਰਹਿ ਕੇ ਉਹ ਸਿੰਘਾਂ ਨੂੰ ਤੀਰਅੰਦਾਜ਼ੀ, ਤਲਵਾਰਬਾਜੀ ਅਤੇ ਬੰਦੂਕ ਚਲਾਉਣ ਦਾ ਅਭਿਆਸ ਕਰਵਾਉਂਦਾ ਰਿਹਾ।



ਆਰੰਭਕ ਜਿੱਤਾਂ

ਕੁਝ ਸਮੇਂ ਵਿਚ ਹੀ ਬੰਦਾ ਸਿੰਘ ਪਾਸ ਕਾਫੀ ਵੱਡੀ ਗਿਣਤੀ ਵਿਚ ਸਿੰਘ ਸੂਰਮੇ ਇਕੱਠੇ ਹੋ ਗਏ। ਸਾਰੇ ਸਿੰਘ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਸੋਧਣ ਵਾਸਤੇ ਬਹੁਤ ਕਾਹਲੇ ਸਨ। ਪਰ ਬੰਦਾ ਸਿੰਘ ਜਾਣਦਾ ਸੀ ਕਿ ਸਰਹੰਦ ਦੇ ਸੂਬੇ ਪਾਸ ਇਕ ਵੱਡੀ ਹਥਿਆਰਬੰਦ ਫ਼ੌਜ ਸੀ ਤੇ ਉਸ ਨੂੰ ਬਾਕੀ ਫ਼ੌਜਦਾਰਾਂ ਪਾਸੋਂ ਸਹਾਇਤਾ ਮਿਲਣ ਦੀ ਆਸ ਸੀ। ਇਸ ਲਈ ਉਸ ਇਹ ਪ੍ਰੋਗਰਾਮ ਉਲੀਕਿਆ ਕਿ ਪਹਿਲਾਂ ਨੇੜੇ ਤੇੜੇ ਦੇ ਹਾਕਮਾਂ ਨੂੰ ਸੋਧ ਲਿਆ ਜਾਵੇ ਤਾਂਕਿ ਕੁਝ ਹਥਿਆਰ, ਘੋੜੇ ਅਤੇ ਮਾਇਆ ਵੀ ਪ੍ਰਾਪਤ ਹੋ ਸਕੇ।

ਪਹਿਲਾ ਹਮਲਾ ਉਨ੍ਹਾਂ ਸੋਨੀਪਤ 'ਤੇ ਕੀਤਾ। ਪਰ ਸੋਨੀਪਤ ਦਾ ਹਾਕਮ ਬੰਦਾ ਸਿੰਘ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਦਿੱਲੀ ਨੂੰ ਭੱਜ ਗਿਆ। ਸਿੰਘਾਂ ਦਾ ਸੋਨੀਪਤ 'ਤੇ ਕਬਜ਼ਾ ਹੋ ਗਿਆ। ਸੋਨੀਪਤ ਤੋਂ ਉਹ ਕੈਥਲ ਵੱਲ ਅੱਗੇ ਵਧੇ। ਕੈਥਲ ਦਾ ਫ਼ੌਜਦਾਰ ਵੀ ਹਾਰ ਗਿਆ ਤੇ ਸਿੰਘਾਂ ਦੇ ਹੱਥ ਕਾਫੀ ਗਿਣਤੀ ਵਿਚ ਘੋੜੇ ਅਤੇ ਮੋਹਰਾਂ ਲੱਗੀਆਂ।

ਫਿਰ ਬੰਦਾ ਸਿੰਘ ਨੇ ਸਮਾਣੇ ਨੂੰ ਸੋਧਣ ਦਾ ਮਨ ਬਣਾਇਆ। ਸਮਾਣੇ ਦੇ ਸੱਯਦ ਜਲਾਦ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ ਅਤੇ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਨੇ ਸਰਹੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਕੋਹ ਕੋਹ ਕੇ ਮਾਰਿਆ ਸੀ। ਸਮਾਣੇ ਵਿਚ ਬੜੇ ਅਮੀਰ ਸੱਯਦ ਵੱਸਦੇ ਸਨ, ਇਸ ਲਈ ਇਸ ਨੂੰ ਫ਼ਤਹਿ ਕਰਨ ਨਾਲ ਸਾਰੇ ਇਲਾਕੇ ਵਿਚ ਸਿੱਖਾਂ ਦੀ ਬੜੀ ਚੜ੍ਹਤ ਹੋ ਜਾਣੀ ਸੀ।

ਪਰ ਸਮਾਣੇ ਨੂੰ ਜਿੱਤਣਾ ਕੋਈ ਆਸਾਨ ਕੰਮ ਨਹੀਂ ਸੀ। ਉਹ ਪੁਰਾਣਾ ਸ਼ਹਿਰ ਸੀ ਤੇ ਉਸ ਦੇ ਚਾਰੇ ਪਾਸੇ ਇਕ ਮਜ਼ਬੂਤ ਦੀਵਾਰ ਸੀ। ਸ਼ਹਿਰ ਦੇ ਅੰਦਰ ਵੀ ਜਿਹੜੀਆਂ ਸੱਯਦਾਂ ਦੀਆਂ ਹਵੇਲੀਆਂ ਸਨ ਉਹ ਵੀ ਛੋਟੇ ਕਿਲ੍ਹੇ ਹੀ ਸਨ। ਏਥੋਂ ਦਾ ਫ਼ੌਜਦਾਰ ਆਪਣੇ ਆਪ ਨੂੰ ਅਜਿੱਤ ਸਮਝਦਾ ਸੀ। ਪਰ ਬੰਦਾ ਸਿੰਘ ਏਨੇ ਤੇਜ਼ ਤੂਫਾਨ ਵਾਂਗ ਚੜ੍ਹ ਕੇ ਆ ਗਿਆ ਕਿ ਸ਼ਹਿਰ ਵਾਲੇ ਦਰਵਾਜ਼ੇ ਬੰਦ ਕਰਨੇ ਵੀ ਭੁੱਲ ਗਏ। ਕਾਫੀ ਘਮਸਾਨ ਦਾ ਯੁੱਧ ਹੋਇਆ। ਸਿੰਘਾਂ ਸਾਰੇ ਜਲਾਦਾਂ ਦੇ ਘਰਾਂ ਨੂੰ ਸੋਧ ਦੇ ਫ਼ੌਜਦਾਰ ਦੇ ਦਵਾਲੇ ਹੋ ਗਏ। ਵੱਡੇ ਵੱਡੇ ਧਨਾਢਾਂ ਅਤੇ ਫ਼ੌਜਦਾਰ ਦੇ ਖ਼ਜਾਨੇ ਲੁੱਟ ਲਏ। ਹਥਿਆਰ ਅਤੇ ਘੋੜੇ ਆਪਣੇ ਕਾਬੂ ਵਿਚ ਕਰ ਲਏ। ਲਾਗਲੇ ਲਾਗਲੇ ਪਿੰਡਾਂ ਦੇ ਸਾਰੇ ਵਸਨੀਕ ਇਨ੍ਹਾਂ ਸੱਯਦਾਂ ਦੇ ਗਾਹਕ ਸਨ, ਇਸ ਲਈ ਉਨ੍ਹਾਂ ਵੀ ਗਿਣ-ਗਿਣ ਕੇ ਬਦਲੇ ਲਏ।

ਸੱਯਦਾਂ ਦੀਆਂ ਹਵੇਲੀਆਂ ਨੂੰ ਉਨ੍ਹਾਂ ਅੱਗਾਂ ਲਾ ਦਿੱਤੀਆਂ ਤੇ ਉਹ ਅੰਦਰ ਹੀ ਸੜ ਕੇ ਮਰ ਗਏ। ਸਮਾਣੇ ਸ਼ਹਿਰ ਦੇ ਵੱਡੇ-ਵੱਡੇ ਮਕਾਨ ਮਿੱਟੀ ਵਿਚ ਮਿਲ ਗਏ। ਸਮਾਣੇ ਨੂੰ ਜਿੱਤਣ ਵਿਚ ਭਾਈ ਫਤਹਿ ਸਿੰਘ ਨੇ ਬਹੁਤ ਦਲੇਰੀ ਵਿਖਾਈ ਸੀ। ਇਸ ਲਈ ਬੰਦਾ ਸਿੰਘ ਨੇ ਉਸ ਨੂੰ ਸਮਾਣੇ ਦਾ ਫ਼ੌਜਦਾਰ ਨਿਯੁਕਤ ਕਰ ਦਿੱਤਾ। ਇਸ ਜਿੱਤ ਵਿਚ ਮਾਇਆ ਦੇ ਖੁੱਲ੍ਹੇ ਗੱਫੇ ਪ੍ਰਾਪਤ ਹੋਏ ਸਨ, ਜਿਸ ਨੂੰ ਬੰਦਾ ਸਿੰਘ ਨੇ ਆਪਣੇ ਸਾਥੀਆਂ ਵਿਚ ਵੰਡ ਦਿੱਤਾ।

ਬੰਦਾ ਸਿੰਘ ਕੁਝ ਦਿਨ ਸਮਾਣੇ ਠਹਿਰ ਕੇ ਫਿਰ ਘੜਾਮ, ਠਸਕਾ, ਮੁਸਤਾਬਾਦ ਅਤੇ ਕਪੂਰੀ ਦੇ ਜ਼ਾਲਮ ਹਾਕਮਾਂ ਨੂੰ ਸੋਧਦਾ ਹੋਇਆ ਸਢੌਰੇ ਵੱਲ ਵਧਿਆ। ਸਢੌਰਾ ਉਹ ਸ਼ਹਿਰ ਸੀ ਜਿਥੋਂ ਦੇ ਹਾਕਮ ਉਸਮਾਨ ਖਾਂ ਨੇ ਪੀਰ ਬੁਧੂ ਸ਼ਾਹ ਨੂੰ ਤਸੀਹੇ ਦੇ ਕੇ ਮਰਵਾ ਦਿੱਤਾ ਸੀ। ਪੀਰ ਬੁਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਗੁਰੂ ਗੋਬਿੰਦ ਸਿੰਘ ਦੀ ਮੱਦਦ ਕੀਤੀ ਸੀ।

ਉਸਮਾਨ ਖਾਂ ਬੜਾ ਕੱਟੜ ਮੁਸਲਮਾਨ ਸੀ ਤੇ ਇਹ ਹਿੰਦੂਆਂ ਨੂੰ ਬੜੇ ਤਸੀਹੇ ਦਿਆ ਕਰਦਾ ਸੀ।

ਜਦ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਢੌਰੇ ਵੱਲ ਵਧੇ ਤਾਂ ਲਾਗਲੇ ਲਾਗਲੇ ਪਿੰਡਾਂ ਦੇ ਵਸਨੀਕ ਹਥਿਆਰ ਚੁੱਕ ਕੇ ਉਨ੍ਹਾਂ ਦੇ ਨਾਲ ਆ ਮਿਲੇ। ਇਨ੍ਹਾਂ ਲੋਕਾਂ ਬੰਦਾ ਸਿੰਘ ਤੋਂ ਵੀ ਪਹਿਲਾਂ ਜ਼ਾਲਮ ਸੱਯਦਾਂ ਅਤੇ ਸ਼ੇਖਾਂ ਨੂੰ ਜਾ ਦਬੋਚਿਆ। ਜੋ ਕੁਝ ਹੱਥ ਆਇਆ ਉਨ੍ਹਾਂ ਲੁੱਟਿਆ। ਕਈ ਸੱਯਦ ਅਤੇ ਸ਼ੇਖ ਪੀਰ ਬੁਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕੇ। ਉਹ ਜਾਣਦੇ ਸਨ ਕਿ ਪੀਰ ਬੁਧੂ ਸ਼ਾਹ ਦੀ ਪਾਕਦਾਮਨੀ ਕਰਕੇ ਸਿੰਘ ਉਨ੍ਹਾਂ ਨੂੰ ਕੁਝ ਨਹੀਂ ਕਹਿਣਗੇ। ਪਰ ਇਲਾਕੇ ਦੇ ਸਤਾਏ ਹੋਏ ਲੋਕ ਕਿਵੇਂ ਬਰਦਾਸਤ ਕਰ ਸਕਦੇ ਸਨ? ਉਹ ਹਵੇਲੀ ਅੰਦਰ ਦਾਖਲ ਹੋ ਗਏ ਅਤੇ ਸਭ ਜ਼ਾਲਮਾਂ ਨੂੰ ਕਤਲ ਕਰਕੇ ਹੀ ਦਮ ਲਿਆ। ਜਿਸ ਥਾਂ 'ਤੇ ਇਹ ਕਤਲੇਆਮ ਹੋਈ ਉਸ ਥਾਂ ਨੂੰ ਕਤਲਗੜ੍ਹੀ ਕਹਿੰਦੇ ਹਨ। ਬੰਦਾ ਸਿੰਘ ਕਿਉਂਕਿ ਉਸ ਜਗ੍ਹਾ ਦਾ ਵਾਕਿਫ ਨਹੀਂ ਸੀ ਇਸ ਕਰਕੇ ਉਹ ਸਥਾਨਕ ਵਸਨੀਕਾਂ ਨੂੰ ਕਿਸੇ ਗੱਲ ਤੋਂ ਵਰਜ ਨਾ ਸਕਿਆ।



ਸਰਹੰਦ ਦੀ ਲੜਾਈ

ਜਦ ਬੰਦਾ ਸਿੰਘ ਨੇ ਸਰਹੰਦ ਦੇ ਆਸ ਪਾਸ ਦੇ ਸਭ ਇਲਾਕੇ ਜਿੱਤ ਲਏ ਤਾਂ ਸਰਹੰਦ ਦਾ ਹਾਕਮ ਵਜ਼ੀਰ ਖਾਂ ਡਰ ਗਿਆ ਕਿ ਹੁਣ ਉਸ ਉੱਤੇ ਹੀ ਹਮਲਾ ਹੋਵੇਗਾ। ਜਦ ਉਸ ਨੂੰ ਪਤਾ ਲੱਗਾ ਕਿ ਮਾਝੇ ਅਤੇ ਦੁਆਬੇ ਦੇ ਸਿੰਘ ਵੀ ਬੰਦਾ ਸਿੰਘ ਦੀ ਸਹਾਇਤਾ ਵਾਸਤੇ ਪੁੱਜ ਰਹੇ ਹਨ ਤਾਂ ਉਸ ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੂੰ ਹੁਕਮ ਦਿੱਤਾ ਕਿ ਉਹ ਮਝੈਲਾਂ ਅਤੇ ਦੁਆਬੀਆਂ ਨੂੰ ਦਰਿਆ ਸਤਲੁਜ ਪਾਰ ਨਾ ਕਰਨ ਦੇਵੇ। ਰੋਪੜ ਵਿਖੇ ਨਵਾਬ ਮਲੇਰ ਕੋਟਲੇ ਦੀ ਸਿੱਖਾਂ ਨਾਲ ਬੜੀ ਭਿਆਨਕ ਜੰਗ ਹੋਈ ਅਤੇ ਸਿੱਖਾਂ ਨੂੰ ਜਿੱਤ ਪ੍ਰਾਪਤ ਹੋਈ। ਮਝੈਲੀਏ ਅਤੇ ਦੁਆਬੀਏ ਵੀ ਬੰਦਾ ਸਿੰਘ ਨੂੰ ਆ ਮਿਲੇ। ਹੁਣ ਬੰਦਾ ਸਿੰਘ ਦੀ ਤਾਕਤ ਬਹੁਤ ਵਧ ਗਈ ਸੀ। ਬਾਬਾ ਦੀਪ ਸਿੰਘ ਵੀ ਦਮਦਮਾ ਸਾਹਿਬ ਤੋਂ ਸਿਰਲੱਥ ਜੋਧਿਆਂ ਦੀ ਸੈਨਾ ਲੈ ਕੇ ਉਸ ਨੂੰ ਆ ਮਿਲਿਆ ਸੀ।

ਜਦ ਵਜ਼ੀਰ ਖਾਂ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਇਕ ਵੱਡੀ ਫ਼ੌਜ ਲੈ ਕੇ ਉਸ ਵੱਲ ਵਧ ਰਿਹਾ ਹੈ ਤਾਂ ਉਹ ਆਪਣੀ ਫ਼ੌਜ ਨੂੰ ਲੈ ਕੇ ਚੱਪੜ-ਚਿੜੀ ਦੇ ਮੈਦਾਨ 'ਤੇ ਆ ਡਟਿਆ। ਚੱਪੜ-ਚਿੜੀ ਦਾ ਮੈਦਾਨ ਸਰਹੰਦ ਤੋਂ ਦਸ ਮੀਲ ਦੂਰ ਹੈ। ਵਜ਼ੀਰ ਖਾਂ ਪਾਸ ਅਨੇਕਾਂ ਤੋਪਾਂ, ਬੰਦੂਕਾਂ ਹਾਥੀ ਅਤੇ ਘੋੜੇ ਸਨ। ਉਸ ਨੇ ਪਹਿਲੀ ਲਾਈਨ ਵਿਚ ਤੋਪਾਂ ਬੀੜ ਦਿੱਤੀਆਂ ਅਤੇ ਹਾਥੀ ਖੜ੍ਹੇ ਕਰ ਦਿੱਤੇ। ਬੰਦਾ ਸਿੰਘ ਵੀ ਹੁਣ ਤਕ ਕਈ ਲੜਾਈਆਂ ਲੜ ਚੁਕਾ ਸੀ ਤੇ ਇਸ ਖੇਤਰ ਵਿਚ ਉਹ ਕਾਫੀ ਤਜਰਬੇਕਾਰ ਹੋ ਗਿਆ ਸੀ।

ਉਸ ਨੇ ਫ਼ੌਜ ਦੀ ਕਮਾਂਡ ਬਾਜ ਸਿੰਘ, ਫਤਹਿ ਸਿੰਘ, ਬਿਨੋਦ ਸਿੰਘ, ਦੀਪ ਸਿੰਘ ਅਤੇ ਰਾਮ ਸਿੰਘ ਦੇ ਹਵਾਲੇ ਕੀਤੀ ਅਤੇ ਇਹ ਸਾਰੇ ਜਰਨੈਲ ਆਪਣੀਆਂ-ਆਪਣੀਆਂ ਫ਼ੌਜਾਂ ਲੈ ਕੇ ਵਜ਼ੀਰ ਖਾਂ ਦੀ ਫ਼ੌਜ ਦੇ ਚਾਰ ਚੁਫੇਰੇ ਛਾ ਗਏ। ਵਜ਼ੀਰ ਖਾਂ ਨੇ ਹਾਥੀਆਂ ਅਤੇ ਤੋਪਾਂ ਦੀ ਜਿਹੜੀ ਕੰਧ ਕੀਤੀ ਹੋਈ ਸੀ ਉਸ ਨੂੰ ਢਾਹੁਣ ਵਾਸਤੇ ਇਹ ਸਿਰਲੱਥ ਜੋਧਿਆਂ ਦਾ ਜਥਾ ਤਲਵਾਰਾਂ ਲੈ ਕੇ ਹੀ ਉਨ੍ਹਾਂ ਉੱਤੇ ਜਾ ਚੜ੍ਹਿਆ। ਜਦ ਤੋਪਾਂ ਦੇ ਗੋਲਿਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਉਹ ਹਾਥੀਆਂ ਦੀ ਫ਼ੌਜ ਵਿਚ ਦਾਖਿਲ ਹੋ ਗਏ ਅਤੇ ਤਲਵਾਰਾਂ ਅਤੇ ਨੇਜ਼ਿਆਂ ਨਾਲ ਕੁਝ ਹਾਥੀ ਥੱਲੇ ਡੇਗ ਲਏ ਤਾਂ ਜ਼ਖਮੀ ਹਾਥੀ ਪਿੱਛਾਂ ਨੂੰ ਭੱਜਦੇ ਹੋਏ ਆਪਣੀ ਫ਼ੌਜ ਨੂੰ ਹੀ ਲਤਾੜ ਗਏ। ਤੋਪਚੀਆਂ ਨੂੰ ਜਾ ਢਾਹਿਆ ਤੇ ਤੋਪਾਂ ਚੱਲਣੀਆਂ ਬੰਦ ਹੋ ਗਈਆਂ। ਬਸ ਇਹ ਕੰਧ ਢਹਿਣ ਦੀ ਦੇਰ ਸੀ ਕਿ ਸਿੱਖਾਂ ਚਾਰ ਚੁਫੇਰਿਉਂ ਵਜ਼ੀਰ ਖਾਂ ਦੀ ਫ਼ੌਜ ਨੂੰ ਘੇਰ ਲਿਆ। ਕੁਝ ਸਮੇਂ ਵਿਚ ਹੀ ਵਜ਼ੀਰ ਖਾਂ ਦੀ ਫ਼ੌਜ ਦੇ ਆਹੂ ਲਾਹ ਕੇ ਰੱਖ ਦਿੱਤੇ। ਵਜ਼ੀਰ ਖਾਂ ਨੂੰ ਹੁਣ ਬਹੁਤ ਪਛਤਾਵਾ ਹੋਇਆ ਕਿ ਉਸ ਸਰਹੰਦ ਤੋਂ ਬਾਹਰ ਨਿਕਲ ਕੇ ਸਿੱਖਾਂ ਨਾਲ ਲੜਨ ਦੀ ਵੱਡੀ ਭੁੱਲ ਕੀਤੀ ਸੀ। ਜੇ ਸਰਹੰਦ ਵਿਚ ਆਪਣੇ ਕਿਲ੍ਹੇ ਵਿਚ ਰਹਿ ਕੇ ਲੜਾਈ ਲੜਦਾ ਤਾਂ ਉਹ ਏਨੀ ਛੇਤੀ ਨਹੀਂ ਸੀ ਹਾਰ ਸਕਦਾ। ਉਸ ਪਾਸ ਬਹੁਤ ਤੋਪਾਂ ਸਨ ਜਿਹੜੀਆਂ ਕਈ ਦਿਨ ਮਾਰ ਕਰ ਸਕਦੀਆਂ ਸਨ। ਵਜ਼ੀਰ ਖਾਂ ਨੇ ਜਦ ਵੇਖਿਆ ਕਿ ਉਸ ਦੀ ਲਗਪਗ ਸਾਰੀ ਫ਼ੌਜ ਮਾਰੀ ਗਈ ਸੀ ਤਾਂ ਉਸ ਵੀ ਆਪਣੇ ਕੁਝ ਸਾਥੀਆਂ ਸਮੇਤ ਭੱਜਣ ਦੀ ਕੋਸ਼ਿਸ਼ ਕੀਤੀ। ਪਰ ਬਾਜ ਸਿੰਘ ਨੇ ਘੋੜਾ ਭਜਾ ਕੇ ਉਸ ਨੂੰ ਘੇਰ ਲਿਆ। ਬੰਦਾ ਸਿੰਘ ਚਾਹੁੰਦਾ ਸੀ ਕਿ ਉਸ ਨੂੰ ਜੀਉਂਦੇ ਨੂੰ ਫੜਿਆ ਜਾਵੇ, ਪਰ ਉਸ ਬਾਜ ਸਿੰਘ ਦੇ ਸਾਹਮਣੇ ਹੋ ਕੇ ਉਸ ਨੂੰ ਲਲਕਾਰਾ ਮਾਰਿਆ ਅਤੇ ਸਾਰੇ ਜ਼ੋਰ ਨਾਲ ਨੇਜਾ ਬਾਜ ਸਿੰਘ ਦੇ ਮਾਰਿਆ ਪਰ ਬਾਜ ਸਿੰਘ ਘੋੜੇ ਨੂੰ ਫੇਰ ਕੇ ਵਾਰ ਬਚਾ ਗਿਆ ਅਤੇ ਬਾਜ ਦੀ ਫੁਰਤੀ ਵਾਂਗ ਉਸ ਵਜ਼ੀਰ ਖਾਂ ਦੇ ਹੱਥੋਂ ਉਸ ਦਾ ਹੀ ਨੇਜਾ ਹੀ ਖੋਹ ਲਿਆ। ਉਸੇ ਨੇਜੇ ਨੂੰ ਉਸ ਏਨੇ ਜ਼ੋਰ ਨਾਲ ਉਸ ਦੇ ਹਾਥੀ ਦੇ ਮਾਰਿਆ ਕਿ ਹਾਥੀ ਤੋਂ ਵਜ਼ੀਰ ਖਾਂ ਥੱਲੇ

ਡਿੱਗ ਪਿਆ। ਵਜ਼ੀਰ ਖਾਂ ਨੇ ਉਸੇ ਵੇਲੇ ਸੰਭਲ ਕੇ ਇਕ ਤੀਰ ਬਾਜ ਸਿੰਘ ਨੂੰ ਮਾਰਿਆ ਜਿਹੜਾ ਉਸ ਦੀ ਬਾਂਹ ਨੂੰ ਵਿੰਨ੍ਹ ਕੇ ਲੈ ਗਿਆ। ਬਾਜ ਸਿੰਘ ਨੂੰ ਜ਼ਖਮੀ ਹੋਇਆ ਵੇਖ ਕੇ ਉਹ ਤਲਵਾਰ ਲੈ ਕੇ ਅੱਗੇ ਵਧਿਆ। ਇਹ ਹੋ ਸਕਦਾ ਸੀ ਕਿ ਉਹ ਬਾਜ ਸਿੰਘ ਨੂੰ ਸ਼ਹੀਦ ਕਰ ਦਿੰਦਾ। ਇਸ ਲਈ ਜੀਉਂਦਾ ਫੜਨ ਦਾ ਖਿਆਲ ਛੱਡ ਕੇ ਫ਼ਤਹਿ ਸਿੰਘ ਦੌੜ ਕੇ ਉਸ ਵੱਲ ਹੋਇਆ ਅਤੇ ਆਪਣੀ ਤਲਵਾਰ ਏਨੇ ਜ਼ੋਰ ਨਾਲ ਉਸ ਦੇ ਮੋਢੇ 'ਤੇ ਮਾਰੀ ਕਿ ਉਹ ਵਜ਼ੀਰ ਖਾਂ ਨੂੰ ਆਰੇ ਵਾਂਗ ਦੋ ਭਾਗ ਵਿਚ ਚੀਰ ਗਈ। ਵਜ਼ੀਰ ਖਾਂ ਦੋ ਟੁਕੜੇ ਹੋ ਕੇ ਧਰਤੀ 'ਤੇ ਡਿੱਗ ਪਿਆ। ਸਿੱਖਾਂ ਨੇ ਇਸ ਤਰ੍ਹਾਂ ਘੇਰਾ ਪਾਇਆ ਹੋਇਆ ਸੀ ਕਿ ਕੋਈ ਸੈਨਿਕ ਵੀ ਬਚ ਕੇ ਨਾ ਨਿਕਲ ਸਕਿਆ। ਜੰਗ ਜਿੱਤ ਕੇ ਸਾਰੇ ਸਿੰਘਾਂ ਨੇ ਵਾਹਿਗੁਰੂ ਦਾ ਸ਼ੁਕਰੀਆ ਅਦਾ ਕੀਤਾ ਅਤੇ ਸਾਰਿਆਂ ਨੇ ਸਰਹੰਦ ਸ਼ਹਿਰ ਵੱਲ ਕੂਚ ਕਰ ਦਿੱਤਾ। ਸਰਹੰਦ ਵਿਚ ਦਾਖਲ ਹੁੰਦਿਆਂ ਹੀ ਸਿੰਘਾਂ ਨੂੰ ਸਾਹਿਬਜ਼ਾਦਿਆਂ ਦੇ ਕਤਲ ਦੀ ਘਟਨਾ ਸਾਹਮਣੇ ਆ ਗਈ। ਬਸ ਫਿਰ ਉਹ ਏਨੇ ਜੋਸ਼ ਵਿਚ ਆਏ ਕਿ ਉਨ੍ਹਾਂ ਨੂੰ ਰੋਕਣਾ ਅਸੰਭਵ ਸੀ।

ਸਰਹੰਦ ਆਪਣੇ ਕਬਜ਼ੇ ਵਿਚ ਕਰਕੇ ਬੰਦਾ ਸਿੰਘ ਨੇ ਬਾਜ ਸਿੰਘ ਨੂੰ ਸਰਹੰਦ ਦਾ ਹਾਕਮ ਨਿਯੁਕਤ ਕਰ ਦਿੱਤਾ।



ਲੋਹਗੜ੍ਹ

ਬੰਦਾ ਸਿੰਘ ਨੇ ਸਰਹੰਦ ਨੂੰ ਪੂਰੀ ਤਰ੍ਹਾਂ ਤਬਾਹ ਹੋਣ ਤੋਂ ਬਚਾ ਲਿਆ ਸੀ ਪਰ ਉਹ ਸਰਹੰਦ ਨੂੰ ਆਪਣੀ ਰਾਜਧਾਨੀ ਨਹੀਂ ਸੀ ਬਣਾਉਣਾ ਚਾਹੁੰਦਾ। ਸਰਹੰਦ ਕਿਉਂਕਿ ਜਰਨੈਲੀ ਸੜਕ 'ਤੇ ਸਥਿਤ ਸੀ ਇਸ ਵਾਸਤੇ ਕਿਸੇ ਸਮੇਂ ਵੀ ਉਸ ਨੂੰ ਸ਼ਾਹੀ ਲਸ਼ਕਰ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਇਸ ਲਈ ਉਸ ਨੇ ਮੁਖ਼ਲਸ ਗੜ੍ਹ ਦੇ ਕਿਲ੍ਹੇ ਨੂੰ ਆਪਣੀ ਰਾਜਧਾਨੀ ਬਣਾਇਆ।

ਇਹ ਕਿਲ੍ਹਾ ਬਾਦਸ਼ਾਹ ਸ਼ਾਹ ਜਹਾਨ ਦੇ ਹੁਕਮ ਨਾਲ ਮੁਖ਼ਲਿਸ ਖਾਂ ਨੇ ਬਣਾਇਆ ਸੀ। ਇਹ ਕਿਲ੍ਹਾ ਆਮੂਵਾਲ ਪਿੰਡ ਦੀ ਹੱਦ ਵਿਚ ਹਿਮਾਲੀਆ ਪਰਬਤ ਦੀਆਂ ਉਚੀਆਂ ਚੜ੍ਹਾਈਆਂ ਵਿਚ ਖੜ੍ਹਾ ਹੈ। ਇਸ ਤਕ ਪੁੱਜਣ ਲਈ ਬੜੀਆਂ ਕਠਨ ਚਟਾਨਾਂ ਅਤੇ ਟਿੱਲਿਆਂ ਨੂੰ ਪਾਰ ਕਰਨਾ ਪੈਂਦਾ ਹੈ।

ਬੰਦਾ ਸਿੰਘ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕਰ ਕੇ ਇਸ ਨੂੰ ਮੁਰੰਮਤ ਕਰਵਾਉਣਾ ਸ਼ੁਰੂ ਕਰ ਦਿੱਤਾ। ਜਦ ਇਹ ਠੀਕ ਬਣ ਗਿਆ ਤਾਂ ਇਸ ਦਾ ਨਾਂ ਲੋਹਗੜ੍ਹ ਰਖਿਆ ਗਿਆ। ਇਸ ਕਿਲ੍ਹੇ ਵਿਚ ਉਹ ਜੰਗੀ ਸਾਮਾਨ ਅਤੇ ਆਪਣਾ ਖ਼ਜ਼ਾਨਾ ਰਖਦਾ ਸੀ।

ਬੰਦਾ ਸਿੰਘ ਹੁਣ ਇਕ ਰਾਜਾ ਬਣ ਗਿਆ ਸੀ। ਇਸ ਲਈ ਆਪਣੇ ਰਾਜ ਨੂੰ ਚਲਾਉਣ ਲਈ ਉਸ ਗੁਰੂ ਨਾਨਕ– ਗੁਰੂ ਗੋਬਿੰਦ ਪਾਤਸ਼ਾਹ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ ਅਤੇ ਆਪਣੀ ਇਕ ਮੋਹਰ ਵੀ ਬਣਵਾਈ। ਮੁਗ਼ਲ ਬਾਦਸ਼ਾਹ ਵਾਂਗ ਉਸ ਸਰਹੰਦ ਦੀ ਫਤਹਿ ਵਾਲੇ ਦਿਨ ਤੋਂ ਇਕ ਸੰਮਤ ਵੀ ਜਾਰੀ ਕਰ ਦਿੱਤਾ। ਉਹ ਹਰ ਪੱਖ ਤੋਂ ਮੁਗ਼ਲਾਂ ਦੀ ਬਰਾਬਰੀ ਕਰਨਾ ਚਾਹੁੰਦਾ ਸੀ ਅਤੇ ਸਿੰਘਾਂ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਮੁਗ਼ਲ ਬਾਦਸ਼ਾਹਾਂ ਨਾਲੋਂ ਉਹ ਕਿਸੇ ਗੱਲੋਂ ਘੱਟ ਨਹੀਂ ਸਨ।

ਬਾਦਸ਼ਾਹ ਬਣਦਿਆਂ ਹੀ ਬੰਦਾ ਸਿੰਘ ਨੇ ਪਹਿਲਾ ਇਹ ਕੰਮ ਕੀਤਾ ਕਿ ਮੁਗ਼ਲਾਂ ਵੱਲੋਂ ਚਲਾਇਆ ਜ਼ਿਮੀਂਦਾਰੀ ਸਿਸਟਮ ਖਤਮ ਕਰ ਦਿੱਤਾ। ਮੁਗ਼ਲ ਬਾਦਸ਼ਾਹ ਇਕ ਜ਼ਿਮੀਂਦਾਰ ਨੂੰ ਕਈ ਕਈ ਪਿੰਡ ਅਤੇ ਪਰਗਣੇ ਦੇ ਦਿੰਦੇ ਸਨ। ਉਹ ਜ਼ਿਮੀਂਦਾਰ ਇਕ ਪ੍ਰਕਾਰ ਦਾ ਆਪਣੇ ਇਲਾਕੇ ਦਾ ਮਾਲਕ ਹੀ ਹੁੰਦਾ ਸੀ। ਬਾਦਸ਼ਾਹ ਉਸ ਦੇ ਕੰਮ ਵਿਚ ਦਖਲ ਨਹੀਂ ਸੀ ਦਿੰਦਾ। ਉਸ ਦਾ ਕੰਮ ਤਾਂ ਕੇਵਲ ਮਾਲੀਆ ਉਗਰਾਹੁਣਾ ਹੀ ਹੁੰਦਾ ਸੀ। ਇਸ ਲਈ ਇਹ ਜ਼ਿਮੀਂਦਾਰ ਆਪਣੇ ਰਾਹਕਾਂ ਉਤੇ ਬਹੁਤ ਜ਼ੁਲਮ ਕਰਦੇ ਸਨ, ਜਿਸ ਕਰਕੇ ਪਰਜਾ ਬਹੁਤ ਦੁਖੀ ਰਹਿੰਦੀ ਸੀ। ਇਹੋ ਕਾਰਨ ਸੀ ਕਿ ਜਦ ਬੰਦਾ ਸਿੰਘ ਕਿਸੇ ਸ਼ਹਿਰ 'ਤੇ ਹਮਲਾ ਕਰਦਾ ਸੀ ਤਾਂ ਉਸ ਇਲਾਕੇ ਦੇ ਕਿਸਾਨ ਉਸ ਦੀ ਪੂਰੀ ਮੱਦਦ ਕਰਦੇ ਸਨ ਅਤੇ ਜ਼ਿਮੀਂਦਾਰਾਂ ਤੋਂ ਬਦਲੇ ਵੀ ਲੈਂਦੇ ਸਨ। ਬੰਦਾ ਸਿੰਘ ਦੇ ਹੁਕਮ ਨਾਲ ਸਾਰੇ ਰਾਹਕ ਜ਼ਮੀਨਾਂ ਦੇ ਮਾਲਕ ਬਣ ਗਏ।

ਬੰਦਾ ਸਿੰਘ ਦਾ ਰਾਜ ਬੇਸ਼ਕ ਥੋੜ੍ਹੀ ਦੇਰ ਹੀ ਰਿਹਾ, ਪਰ ਹਰ ਦੁਖੀ ਉਸ ਨੂੰ ਆਪਣਾ ਮਸੀਹਾ ਸਮਝਦਾ ਸੀ ਅਤੇ ਜਦ ਉਹ ਬੰਦਾ ਸਿੰਘ ਪਾਸ ਪੇਸ਼ ਹੁੰਦਾ ਸੀ ਤਾਂ ਉਹ ਉਸ ਦੀ ਪੂਰੀ ਸਹਾਇਤਾ ਕਰਦਾ ਸੀ। ਸਿੰਘਾਂ ਨੇ ਦੁਖੀ ਦੇਸ਼ਵਾਸੀਆਂ ਦੀ ਸੇਵਾ ਨੂੰ ਆਪਣਾ ਧਾਰਮਿਕ ਫਰਜ਼ ਬਣਾ ਲਿਆ। ਜਿਸ ਕਰਮਚਾਰੀ ਜਾਂ ਅਫਸਰ ਬਾਰੇ ਉਹ ਸ਼ਕਾਇਤ ਸੁਣਦੇ ਤਾਂ ਉਸ ਨੂੰ ਅਜੇਹਾ ਸੋਧਦੇ ਕਿ ਉਹ ਮੁੜ ਸਿਰ ਨਾ ਚੁੱਕਦਾ। ਬੰਦਾ ਸਿੰਘ ਨੇ ਸਾਰੇ ਮੁਗ਼ਲ ਕਰਮਚਾਰਿਆਂ ਨੂੰ ਜ਼ਿੰਮੇਵਾਰ ਅਹੁਦਿਆਂ ਤੋਂ ਹਟਾ ਦਿੱਤਾ ਅਤੇ ਉਨ੍ਹਾਂ ਦੀ ਥਾਂ ਧਰਮੀ ਸਿੰਘਾਂ ਨੂੰ ਨਿਯੁਕਤ ਕਰ ਦਿੱਤਾ। ਸਿੰਘਾਂ ਦਾ ਮਾਣ ਏਨਾ ਵਧ ਗਿਆ ਕਿ ਮੁਗ਼ਲਾਂ ਦੇ ਉਨ੍ਹਾਂ ਵੱਲ ਵੇਖ ਕੇ ਪ੍ਰਾਣ ਹੀ ਸੁੱਕ ਜਾਂਦੇ ਸਨ। ਸਿੰਘਾਂ ਵਿਚ ਉਚ ਨੀਚ ਦੀ ਕੋਈ ਥਾਂ ਨਹੀਂ ਸੀ; ਹਰ ਇਕ ਬਰਾਬਰ ਸੀ; ਕਿਸੇ ਵੀ ਜਾਤ ਬਰਾਦਰੀ ਦਾ ਵਿਅਕਤੀ ਜਦ ਸਿੰਘ ਸਜ ਜਾਂਦਾ ਤਾਂ ਉਹ ਕੇਵਲ ਸਿੰਘ ਹੀ ਹੁੰਦਾ; ਜਾਤ ਉਸ

ਦੇ ਬਹੁਤ ਪਿੱਛੇ ਰਹਿ ਜਾਂਦੀ।

ਇਕ ਵਾਰ ਇਕ ਨੀਵੀਂ ਜਾਤ ਦਾ ਗਭਰੂ, ਬੰਦਾ ਸਿੰਘ ਪਾਸ ਆਇਆ ਅਤੇ ਉਸ ਸਿੰਘ ਬਣਨ ਵਾਸਤੇ ਬੇਨਤੀ ਕੀਤੀ। ਬੰਦਾ ਸਿੰਘ ਨੇ ਉਸ ਨੂੰ ਸਿੰਘ ਸਜਾਇਆ ਅਤੇ ਕਿਹਾ, "ਤੇਰੇ ਪਿੰਡ ਹੋਰ ਕਿੰਨੇ ਸਿੰਘ ਹਨ?" ਉਸ ਵਿਅਕਤੀ ਨੇ ਕਿਹਾ ਕਿ ਉਸ ਦੇ ਪਿੰਡ ਕੋਈ ਵੀ ਸਿੰਘ ਜਾਂ ਸਿੱਖ ਨਹੀਂ ਹੈ। ਬੰਦਾ ਸਿੰਘ ਨੇ ਉਸ ਨੂੰ ਪਿੰਡ ਦਾ ਮੁਖਤਾਰ ਥਾਪ ਦਿੱਤਾ ਤੇ ਉਸ ਨੂੰ ਆਪਣੀ ਮੋਹਰ ਲਾ ਕੇ ਪ੍ਰਵਾਨਾ ਲਿਖ ਦਿੱਤਾ। ਜਦ ਉਹ ਸਿੰਘ ਆਪਣੇ ਪਿੰਡ ਗਿਆ ਤਾਂ ਬੰਦਾ ਸਿੰਘ ਦਾ ਲਿਖਿਆ ਪ੍ਰਵਾਨਾ ਵਿਖਾਇਆ ਤਾਂ ਪਿੰਡ ਦੇ ਸਾਰੇ ਅਮੀਰ ਅਤੇ ਗਰੀਬ ਉਸ ਦੇ ਸੁਆਗਤ ਲਈ ਆਏ। ਉਹ ਸਾਰੇ ਹੱਥ ਬੰਨ੍ਹ ਕੇ ਉਸ ਦੇ ਅੱਗੇ ਖਲੋ ਗਏ ਅਤੇ ਕਹਿਣ ਲੱਗੇ, "ਜਨਾਬ! ਹੁਕਮ ਕਰੋ, ਅਸੀਂ ਕੀ ਸੇਵਾ ਕਰੀਏ?"



ਸਹਾਰਨਪੁਰ

ਸਰਹੰਦ ਨੂੰ ਫ਼ਤਹਿ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੇ ਬਾਹੂ-ਬਲ ਦੀਆਂ ਧੁੰਮਾਂ ਦੂਰ-ਦੂਰ ਤਕ ਪੈ ਗਈਆਂ। ਕਈ ਮੁਸਲਮਾਨ ਤੇ ਹਿੰਦੂ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗੇ। ਉਸ ਸਮੇਂ ਹੀ ਉਨਾਰਸਾ ਪਿੰਡ ਦੇ ਬਹੁਤ ਸਾਰੇ ਮੁਸਲਮਾਨ ਅਤੇ ਹਿੰਦੂ ਸਿੰਘ ਸਜ ਗਏ। ਉਸ ਇਲਾਕੇ ਦੇ ਫ਼ੌਜਦਾਰ ਜਲਾਲਦੀਨ ਨੂੰ ਇਹ ਪਤਾ ਲੱਗਾ ਤਾਂ ਉਸ ਸਾਰੇ ਸਿੰਘ ਕੈਦ ਕਰ ਲਏ ਤੇ ਤਸੀਹੇ ਦੇਣ ਲੱਗਾ। ਜਦ ਬੰਦਾ ਸਿੰਘ ਬਹਾਦਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣੇ ਸਿੰਘ ਲੈ ਕੇ ਉਨਾਰਸੇ ਵੱਲ ਚੱਲ ਪਿਆ।

ਰਾਹ ਦੇ ਵਿਚ ਸਹਾਰਨਪੁਰ ਆਉਂਦਾ ਸੀ। ਇਹ ਸ਼ਹਿਰ ਵੀ ਮੁਸਲਮਾਨਾਂ ਦਾ ਇਕ ਵੱਡਾ ਗੜ੍ਹ ਸੀ। ਸਿੰਘਾਂ ਜਮਨਾ ਪਾਰ ਕਰਕੇ ਸਹਾਰਨਪੁਰ ਵੱਲ ਘੋੜੇ ਭਜਾ ਲਏ। ਉਸ ਸਮੇਂ ਸਹਾਰਨਪੁਰ ਦਾ ਹਾਕਮ ਅਲੀ ਅਹਿਮਦ ਖਾਂ ਸੀ। ਜਦ ਉਸ ਨੂੰ ਪਤਾ ਲੱਗਾ ਕਿ ਸਿੰਘ ਸਹਾਰਨਪੁਰ ਵੱਲ ਵਧ ਰਹੇ ਹਨ ਤਾਂ ਉਹ ਆਪਣਾ ਮਾਲ ਅਸਬਾਬ ਲੈ ਕੇ ਦਿੱਲੀ ਵੱਲ ਭੱਜ ਗਿਆ। ਪਰ ਸਹਾਰਨਪੁਰ ਦੇ ਲੋਕਾਂ ਸਿੰਘਾਂ ਦਾ ਡੱਟ ਕੇ ਮੁਕਾਬਲਾ ਕੀਤਾ, ਪਰ ਛੇਤੀ ਹੀ ਹਾਰ ਗਏ। ਸਿੰਘਾਂ ਨੇ ਹੰਕਾਰੀਆਂ ਨੂੰ ਚੁਣ ਚੁਣ ਕੇ ਮਾਰਿਆ ਤੇ ਸਹਾਰਨਪੁਰ ਉਤੇ ਕਬਜ਼ਾ ਕਰਕੇ ਉਸ ਦਾ ਨਾਂ ਹੀ ਭਾਗ ਨਗਰ ਰਖ ਦਿੱਤਾ।

ਸਹਾਰਨਪੁਰ ਬੈਠੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪਤਾ ਲੱਗਾ ਕਿ 'ਬਿਹਤ' ਨਗਰ ਦੇ ਮੁਸਲਮਾਨ ਹਿੰਦੂਆਂ ਉਤੇ ਬਹੁਤ ਜ਼ੁਲਮ ਢਾਹ ਰਹੇ ਸਨ। ਬਾਬਾ ਜੀ ਨੇ ਸਿੰਘਾਂ ਦੀ ਇਕ ਟੁਕੜੀ ਬਿਹਤ ਦੇ ਪੀਰਜ਼ਾਦਿਆਂ ਨੂੰ ਸੋਧਣ ਲਈ ਭੇਜੀ। ਇਹ ਪੀਰਜ਼ਾਦੇ ਗਲੀਆਂ ਬਾਜ਼ਾਰਾਂ ਵਿਚ ਗਊਆਂ ਮਾਰਦੇ ਸਨ। ਸਿੰਘਾਂ ਨੇ ਪੀਰਜ਼ਾਦਿਆਂ ਅਤੇ ਧਨਾਢ ਜ਼ਿਮੀਂਦਾਰਾਂ ਨੂੰ ਕਤਲ ਕਰ ਦਿੱਤਾ।

ਪੀਰਜ਼ਾਦਿਆਂ ਦਾ ਖਾਤਮਾ ਕਰਕੇ ਸਿੰਘ ਵਾਪਸ ਸਹਾਰਨਪੁਰ ਆ ਗਏ। ਜਦ ਸਾਰੇ ਸਿੰਘ ਇਕੱਠੇ ਹੋ ਗਏ ਤਾਂ ਬੰਦਾ ਸਿੰਘ ਬਹਾਦਰ ਨੇ ਜਲਾਲਾਬਾਦ ਨੂੰ ਸੋਧਣ ਦਾ ਪ੍ਰੋਗਰਾਮ ਉਲੀਕਿਆ। ਜਲਾਲਾਬਾਦ ਦੇ ਰਾਹ ਵਿਚ ਨਨੌਤਾ ਆਉਂਦਾ ਸੀ। ਏਥੋਂ ਦੇ ਸ਼ੇਖ ਬੜਾ ਜ਼ੁਲਮ ਢਾਹ ਰਹੇ ਸਨ। ਇਸ ਲਈ ਸਿੰਘਾਂ ਨੇ ਪਹਿਲਾਂ ਨਨੌਤੇ ਦੇ ਸ਼ੇਖਾਂ ਨੂੰ ਸੋਧਣ ਦਾ ਮਨ ਬਣਾਇਆ। ਪਰ ਜਦ ਸਿੰਘਾਂ ਨੇ ਨਨੌਤੇ ਉਤੇ ਹਮਲਾ ਕੀਤਾ ਤਾਂ ਸ਼ੇਖਾਂ ਨੇ ਤੀਰਾਂ ਦੀ ਐਸੀ ਵਾਛੜ ਛੱਡੀ ਕਿ ਕਾਫੀ ਸਿੰਘ ਸ਼ਹੀਦ ਹੋ ਗਏ। ਇਸ ਨੁਕਸਾਨ ਨੇ ਸਿੰਘਾਂ ਵਿਚ ਅਥਾਹ ਰੋਹ ਭਰ ਦਿੱਤਾ। ਉਨ੍ਹਾਂ ਫਿਰ ਅਜੇਹੇ ਜ਼ੋਰ ਨਾਲ ਤਲਵਾਰ ਚਲਾਈ ਕਿ ਨਨੌਤੇ ਦੀ ਨਗਰੀ ਢਹਿ ਢੇਰੀ ਹੋ ਗਈ। ਦੱਸਿਆ ਜਾਂਦਾ ਹੈ ਕਿ ਤਿੰਨ ਸੌ ਸ਼ੇਖ, ਇਕ ਸ਼ੇਖ ਦੀ ਹਵੇਲੀ ਵਿਚ ਹੀ ਮਾਰੇ ਗਏ।

ਨਨੌਤੇ ਤੋਂ ਸਿੰਘ ਜਲਾਲਾਬਾਦ ਵੱਲ ਵਧੇ। ਉਨ੍ਹਾਂ ਜਲਾਲ ਖਾਂ ਨੂੰ ਇਕ ਚਿੱਠੀ ਲਿਖੀ ਕਿ ਉਹ ਉਨਾਰਸੇ ਦੇ ਕੈਦ ਕੀਤੇ ਹੋਏ ਸਿੰਘਾਂ ਨੂੰ ਛੱਡ ਦੇਵੇ ਅਤੇ ਖਾਲਸੇ ਦੀ ਈਨ ਮੰਨ ਲਵੇ। ਪਰ ਜਲਾਲ ਖਾਂ ਨੇ ਨਾ ਹੀ ਸਿੰਘ ਛੱਡੇ ਅਤੇ ਨਾ ਹੀ ਈਨ ਮੰਨਣ ਨੂੰ ਤਿਆਰ ਹੋਇਆ। ਜਲਾਲ ਖਾਂ ਨੂੰ ਬਹੁਤ ਦੇਰ ਦਾ ਪਤਾ ਲੱਗ ਚੁਕਾ ਸੀ ਕਿ ਸਿੰਘ ਉਸ ਉਤੇ ਹਮਲਾ ਕਰਨ ਆ ਰਹੇ ਹਨ, ਇਸ ਲਈ ਉਸ ਜਲਾਲਾਬਾਦ ਕਿਲ੍ਹੇ ਨੂੰ ਬੜਾ ਮਜ਼ਬੂਤ ਕਰ ਲਿਆ ਅਤੇ ਕਾਫੀ ਗਿਣਤੀ ਵਿਚ ਅਸਲਾ ਅਤੇ ਖਾਣ-ਪੀਣ ਦਾ ਸਾਮਾਨ ਜਮ੍ਹਾ ਕਰ ਰਖਿਆ ਸੀ।

ਸਿੰਘਾਂ ਨੇ ਜਲਾਲਾਬਾਦ ਕਿਲ੍ਹੇ ਨੂੰ ਜਾ ਘੇਰਾ ਪਾਇਆ। ਜਲਾਲ ਖਾਂ ਨੇ ਆਪਣੇ ਪੋਤਰੇ ਗ਼ੁਲਾਮ ਮੁਹੰਮਦ ਖਾਂ ਅਤੇ ਭਤੀਜੇ ਹੱਯਬਰ ਖਾਂ ਨੂੰ ਸਿੰਘਾਂ ਦਾ ਮੁਕਾਬਲਾ ਕਰਨ ਲਈ ਭੇਜਿਆ। ਬੜੀ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਹੱਯਬਰ ਖਾਂ ਮਾਰਿਆ ਗਿਆ। ਜਲਾਲ ਖਾਂ ਦੇ ਭਤੀਜੇ ਜਮਾਲ ਖਾਂ ਅਤੇ ਪੀਰ

ਖਾਂ ਵੀ ਸਿੰਘਾਂ ਨੂੰ ਰੋਕਣ ਵਾਸਤੇ ਆਏ ਪਰ ਦੋਵੇਂ ਮਾਰੇ ਗਏ।

ਪਰ ਜਲਾਲਾਬਾਦ ਦਾ ਕਿਲ੍ਹਾ ਏਨਾ ਮਜ਼ਬੂਤ ਸੀ ਕਿ ਉਸ ਨੂੰ ਜਿੱਤ ਲੈਣਾ ਕੋਈ ਆਸਾਨ ਕੰਮ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਬਰਸਾਤ ਬਹੁਤ ਹੋਈ ਜਿਸ ਕਰਕੇ ਕਿਲ੍ਹੇ ਦੇ ਚਾਰ ਚੁਫੇਰੇ ਪਾਣੀ ਭਰ ਗਿਆ। ਹੁਣ ਸਿੰਘਾਂ ਲਈ ਕਿਲ੍ਹੇ ਦੇ ਪਾਸ ਪੁੱਜਣਾ ਬੜਾ ਕਠਨ ਹੋ ਗਿਆ। ਸਿੰਘਾਂ ਨੇ ਵੀਹ ਦਿਨ ਤਕ ਘੇਰਾ ਪਾਈ ਰਖਿਆ। ਪਰ ਉਸ ਨੂੰ ਸਰ ਕਰਨ ਵਿਚ ਕਾਮਯਾਬ ਨਾ ਹੋ ਸਕੇ। ਅਖੀਰ ਉਨ੍ਹਾਂ ਨੇ ਲੱਕੜੀ ਦੇ ਫੱਟਿਆਂ ਦੇ ਮੋਰਚੇ ਬਣਾ ਕੇ ਗੱਡਿਆਂ ਉਤੇ ਰੱਖ ਕੇ ਦਰਵਾਜ਼ੇ ਤਕ ਪਹੁੰਚ ਗਏ ਅਤੇ ਕੰਧ ਵਿਚ ਪਾੜ ਪਾ ਕੇ ਉਪਰ ਚੜ੍ਹ ਗਏ। ਉਨ੍ਹਾਂ ਦਰਵਾਜ਼ੇ ਨੂੰ ਤੋੜਨ ਅਤੇ ਸਾੜਨ ਦਾ ਵੀ ਯਤਨ ਕੀਤਾ ਪਰ ਦਰਵਾਜ਼ਾ ਏਨਾ ਮਜ਼ਬੂਤ ਸੀ ਕਿ ਟੁੱਟ ਨਾ ਸਕਿਆ। ਜਦ ਬੰਦਾ ਸਿੰਘ ਬਹਾਦਰ ਵੱਲੋਂ ਘੇਰਾ ਛੱਡ ਕੇ ਵਾਪਸ ਸਹਾਰਨਪੁਰ ਆਉਣ ਦਾ ਆਦੇਸ਼ ਮਿਲਿਆ ਤਾਂ ਸਿੰਘ ਵਾਪਸ ਆ ਗਏ। ਉਸ ਸਮੇਂ ਜਲੰਧਰ ਦੇ ਹਾਕਮ ਸਮਸ ਖਾਂ ਦੀ ਸਿੱਖਾਂ ਨਾਲ ਲੜਾਈ ਹੋ ਰਹੀ ਸੀ, ਇਸ ਲਈ ਦੁਆਬੇ ਦੇ ਸਿੰਘਾਂ ਦੀ ਮੱਦਦ ਕਰਨ ਦੀ ਬੜੀ ਲੋੜ ਸੀ।



ਦੁਆਬੇ ਵਿਚ

ਸਹਾਰਨਪੁਰ ਦੇ ਇਰਦ ਗਿਰਦ ਸਾਰੇ ਇਲਾਕੇ ਆਪਣੇ ਅਧੀਨ ਕਰਕੇ ਸਿੰਘਾਂ ਨੇ ਇਹ ਮਤਾ ਪਕਾਇਆ ਕਿ ਹੁਣ ਸਤਲੁਜ ਤੋਂ ਪਾਰ ਦੁਆਬੇ ਨੂੰ ਵੀ ਆਪਣੇ ਅਧੀਨ ਕੀਤਾ ਜਾਵੇ। ਦੁਆਬੇ ਵਿਚ ਜਲੰਧਰ ਅਤੇ ਹੁਸ਼ਿਆਰਪੁਰ ਦੇ ਇਲਾਕੇ ਆਉਂਦੇ ਸਨ। ਉਸ ਵੇਲੇ ਸਮਸ ਖਾਂ ਜਲੰਧਰ ਦਾ ਫ਼ੌਜਦਾਰ ਸੀ। ਉਸ ਨੇ ਸੁਲਤਾਨਪੁਰ ਲੋਧੀ ਨੂੰ ਆਪਣਾ ਹੈਡ ਕੁਆਟਰ ਬਣਾਇਆ ਹੋਇਆ ਸੀ। ਦੁਆਬੇ ਦੇ ਇਲਾਕੇ ਵਿਚ ਸਿੰਘਾਂ ਨੂੰ ਜ਼ਿਆਦਾ ਮੁਸ਼ਕਲ ਪੇਸ਼ ਨਾ ਆਈ। ਜਿਧਰ ਵੀ ਜਾਂਦੇ ਉਸ ਇਲਾਕੇ ਦੇ ਹਾਕਮ ਝਟ ਅਧੀਨਗੀ ਪ੍ਰਵਾਨ ਕਰ ਲੈਂਦੇ। ਸਮਸ ਖਾਂ ਉੱਤੇ ਹਮਲਾ ਕਰਨ ਤੋਂ ਪਹਿਲਾਂ ਉਨ੍ਹਾਂ ਉਸ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਸਾਫ ਲਿਖ ਦਿੱਤਾ ਕਿ ਜਾਂ ਈਨ ਮੰਨ ਲਵੇ ਜਾਂ ਲੜਾਈ ਲਈ ਤਿਆਰ ਹੋ ਜਾਵੇ। ਸਮਸ ਖਾਂ ਨੇ ਚਿੱਠੀ ਪੜ੍ਹ ਕੇ ਆਪਣੇ ਅਹਿਲਕਾਰਾਂ ਨਾਲ ਸਲਾਹ ਮਸ਼ਵਰਾ ਕੀਤਾ। ਉਨ੍ਹਾਂ ਸਾਰਿਆਂ ਨੇ ਇਹ ਸਲਾਹ ਦਿੱਤੀ ਕਿ ਸਿੰਘਾਂ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਪਰ ਸਮਸ ਖਾਂ ਡਰਦਾ ਵੀ ਸੀ ਕਿ ਉਸ ਨੇ ਤੁਰੰਤ ਨਾਂਹ ਭੇਜ ਦਿੱਤੀ ਤਾਂ ਸਿੰਘਾਂ ਨੇ ਝਟ ਹਮਲਾ ਕਰ ਦੇਣਾ ਹੈ। ਇਸ ਲਈ ਤਿਆਰੀ ਵਾਸਤੇ ਕੁਝ ਸਮਾਂ ਪਾਉਣ ਲਈ ਉਸ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਛੇਤੀ ਹੀ ਖ਼ਜ਼ਾਨਾ ਅਤੇ ਸਿੱਕਾ ਬਾਰੂਦ ਲੈ ਕੇ ਉਨ੍ਹਾਂ ਨੂੰ ਮਿਲੇਗਾ। ਕੁਝ ਮੋਹਰਾਂ ਅਤੇ ਸਿੱਕਾ ਬਾਰੂਦ ਉਸ ਭੇਜਿਆ ਵੀ। ਇਸ ਤੋਂ ਬਾਅਦ ਉਸ ਲੜਾਈ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ। ਇਸ ਦੇ ਨਾਲ ਹੀ ਉਸ ਜਹਾਦ ਦਾ ਢੋਲ ਵਜਾ ਦਿੱਤਾ ਅਤੇ ਮੁਸਲਮਾਨਾਂ ਨੂੰ ਹੈਦਰੀ ਝੰਡੇ ਥੱਲੇ ਖੜ੍ਹੇ ਹੋਣ ਲਈ ਕਿਹਾ। ਇਸ ਤਰ੍ਹਾਂ ਸਮਸ ਖਾਂ ਨੇ ਇਕ ਲੱਖ ਦੇ ਲਗਪਗ ਫ਼ੌਜ ਇਕੱਠੀ ਕਰ ਲਈ। ਇਸ ਤਰ੍ਹਾਂ ਉਹ ਇਕ ਲੱਖ ਫ਼ੌਜ ਲੈ ਕੇ ਸੁਲਤਾਨਪੁਰ ਲੋਧੀ ਤੋਂ ਚੱਲ ਪਿਆ।

ਪਰ ਦੂਸਰੇ ਪਾਸੇ ਸਿੰਘ ਇਹੀ ਸਮਝ ਰਹੇ ਸਨ ਕਿ ਸਮਸ ਖਾਂ ਨੇ ਈਨ ਮੰਨ ਲਈ ਹੈ ਤੇ ਛੇਤੀ ਹੀ ਉਹ ਖ਼ਜ਼ਾਨਾ ਲੈ ਕੇ ਹਾਜ਼ਰ ਹੋ ਜਾਵੇਗਾ। ਪਰ ਉਨ੍ਹਾਂ ਨੂੰ ਅਸਲ ਗੱਲ ਦਾ ਉਸ ਸਮੇਂ ਪਤਾ ਲੱਗਾ ਜਦ ਸਮਸ ਖਾਂ ਨੇ ਢੋਲ ਵਜਾ ਕੇ ਇਕ ਲੱਖ ਸੈਨਾ ਇਕੱਠੀ ਕਰ ਲਈ। ਪਰ ਸਿੰਘਾਂ ਪਾਸ ਬਹੁਤ ਥੋੜ੍ਹੀ ਫ਼ੌਜ ਸੀ। ਇਸ ਲਈ ਸਿੰਘਾਂ ਨੇ ਬੰਦਾ ਸਿੰਘ ਬਹਾਦਰ ਨੂੰ ਸਨੇਹਾ ਭੇਜਿਆ। ਪਰ ਬੰਦਾ ਸਿੰਘ ਹਾਲਾਤ ਨੂੰ ਮੁੱਖ ਰੱਖ ਕੇ ਆਪ ਤਾਂ ਨਾ ਆਇਆ ਪਰ ਉਸ ਨੇ ਜਲਾਲਾਬਾਦ ਦਾ ਘੇਰਾ ਚੁਕਵਾ ਦਿੱਤਾ ਤੇ ਸਿੰਘਾਂ ਨੂੰ ਦੁਆਬੇ ਪੁੱਜਣ ਦਾ ਆਦੇਸ਼ ਕਰ ਦਿੱਤਾ।

ਪਰ ਸਮਸ ਖਾਂ ਨੂੰ ਵੀ ਇਹ ਸੂਹ ਮਿਲ ਗਈ ਕਿ ਜਲਾਲਾਬਾਦ ਦੇ ਘੇਰੇ ਵਾਲੀ ਸਿੰਘ ਸੈਨਾ ਮਾਛੀਵਾੜੇ ਰਾਹੀਂ ਦੁਆਬੇ ਪੁੱਜ ਰਹੀ ਹੈ। ਇਸ ਲਈ ਉਨ੍ਹਾਂ ਨੂੰ ਦਰਿਆ ਪਾਰ ਕਰਨ ਤੋਂ ਰੋਕਣ ਲਈ, ਉਸ ਪਾਸੇ ਵੱਲ ਵਧਿਆ। ਪਰ ਸਿੰਘ ਉਸ ਦੇ ਪੁੱਜਣ ਤੋਂ ਪਹਿਲਾਂ ਹੀ ਦਰਿਆ ਪਾਰ ਕਰ ਚੁਕੇ ਸਨ। ਰਾਹੋਂ ਪੁੱਜ ਕੇ ਸਿੰਘਾਂ ਨੇ ਵੇਖਿਆ ਕਿ ਲੱਖਾਂ ਜਹਾਦੀ ਲੋਕ ਉਨ੍ਹਾਂ ਵੱਲ ਵਧੇ ਆ ਰਹੇ ਸਨ। ਸਿੰਘਾਂ ਦੀ ਗਿਣਤੀ ਬਹੁਤ ਥੋੜ੍ਹੀ ਹੋਣ ਕਰਕੇ ਉਨ੍ਹਾਂ ਵੱਖ-ਵੱਖ ਥਾਵਾਂ 'ਤੇ ਮੋਰਚੇ ਸੰਭਾਲ ਲਏ। ਪਰ ਏਡੀ ਵੱਡੀ ਗਿਣਤੀ ਵਿਚ ਜਹਾਦੀਆਂ ਦੀ ਫ਼ੌਜ ਨੂੰ ਵੇਖ ਕੇ ਉਨ੍ਹਾਂ ਰਾਹੋਂ ਦਾ ਕਿਲ੍ਹਾ ਮੱਲ ਲਿਆ। ਜਹਾਦੀਆਂ ਨੇ ਕਿਲ੍ਹੇ ਨੂੰ ਘੇਰ ਲਿਆ ਪਰ ਸਿੰਘਾਂ ਨੇ ਰਾਤ ਨਿਕਲ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦਾ ਕਾਫੀ ਨੁਕਸਾਨ ਕਰ ਦਿੱਤਾ। ਪਰ ਜਹਾਦੀਆਂ ਦੇ ਟਿੱਡੀ ਦਲ ਨੂੰ ਖਤਮ ਕਰਨਾ ਬੜਾ ਔਖਾ ਸੀ। ਇਸ ਲਈ ਇਕ ਰਾਤ ਹਨ੍ਹੇਰੇ ਵਿਚ ਨਿਕਲ ਕੇ ਦੂਰ ਚਲੇ ਗਏ। ਸਮਸ ਖਾਂ ਨੇ ਇਹ ਸਮਝਿਆ ਕਿ ਸਿੱਖ ਹਾਰ ਖਾ ਕੇ ਭੱਜ ਗਏ ਹਨ। ਇਸ ਲਈ ਉਹ ਸੁਲਤਾਨਪੁਰ ਨੂੰ ਮੁੜ ਗਿਆ। ਪਰ ਸਿੰਘ ਲਾਗੇ ਹੀ ਝੱਲਾਂ ਵਿਚ ਲੁਕੇ ਹੋਏ ਸਨ। ਇਸ ਲਈ

ਅਗਲੇ ਦਿਨ ਉਹ ਰਾਹੋਂ ਵਾਪਸ ਆ ਗਏ ਅਤੇ ਸਮਸ ਖਾਂ ਦੇ ਆਦਮੀਆਂ ਨੂੰ ਕਤਲ ਕਰਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸਮਸ ਖਾਂ ਸਿੰਘਾਂ ਦੀ ਇਸ ਚਲਾਕੀ 'ਤੇ ਬਹੁਤ ਹੈਰਾਨ ਹੋਇਆ।

ਰਾਹੋਂ ਉਤੇ ਕਬਜ਼ਾ ਕਰ ਕੇ ਸਿੰਘ ਫਿਰ ਜਲੰਧਰ ਵੱਲ ਵਧੇ। ਜਲੰਧਰ ਦੇ ਪਠਾਣ, ਸਿੰਘਾਂ ਦੇ ਆਉਣ ਦੀ ਖਬਰ ਸੁਣ ਕੇ ਹੀ ਭੱਜ ਗਏ ਅਤੇ ਜਲੰਧਰ ਉਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਇਸ ਤੋਂ ਬਾਅਦ ਸਿੰਘ ਹੁਸ਼ਿਆਰਪੁਰ ਵੱਲ ਗਏ। ਪਰ ਉਥੋਂ ਦੇ ਸਰਕਾਰੀ ਅਹਿਲਕਾਰਾਂ ਮੁਕਾਬਲਾ ਨਾ ਕੀਤਾ ਤੇ ਈਨ ਮੰਨ ਲਈ। ਇਸ ਤਰ੍ਹਾਂ ਸਿੰਘਾਂ ਦਾ ਸਾਰੇ ਦੁਆਬੇ 'ਤੇ ਕਬਜ਼ਾ ਹੋ ਗਿਆ। ਬਾਅਦ ਵਿਚ ਸਮਸ ਖਾਂ ਅਤੇ ਸਿੱਖਾਂ ਦੀਆਂ ਕਈ ਲੜਾਈਆਂ ਹੋਈਆਂ ਪਰ ਉਹ ਸਿੰਘਾਂ ਨੂੰ ਹਰਾ ਨਾ ਸਕਿਆ।



ਕਿਲ੍ਹਾ ਲੋਹਗੜ੍ਹ ਦੀ ਘੇਰਾਬੰਦੀ

ਜਦ ਬਾਦਸ਼ਾਹ ਬਹਾਦਰ ਸ਼ਾਹ ਦੱਖਣ ਤੋਂ ਵਾਪਸ ਆਇਆ ਤਾਂ ਉਸ ਨੂੰ ਪਤਾ ਲੱਗਾ ਕਿ ਸਿੱਖਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ ਹੈ। ਪੰਜਾਬ ਨੂੰ ਦੁਬਾਰਾ ਆਪਣੇ ਕਬਜ਼ੇ ਵਿਚ ਕਰਨ ਲਈ ਬਾਦਸ਼ਾਹ ਆਪ ਪੰਜਾਬ ਆਇਆ। ਉਸ ਨੇ ਸਰਹੰਦ ਨੂੰ ਫ਼ਤਹਿ ਕਰਨ ਲਈ ਮੁਹੰਮਦ ਅਮੀਨ ਖਾਂ ਨੂੰ ਇਕ ਵੱਡੀ ਫ਼ੌਜ ਦੇ ਕੇ ਭੇਜਿਆ। ਪਰ ਇਸ ਤੋਂ ਪਹਿਲਾਂ ਹੀ ਸਮਸ ਖਾਂ ਸਰਹੰਦ 'ਤੇ ਕਬਜ਼ਾ ਕਰਨ ਵਾਸਤੇ ਪਹੁੰਚ ਚੁੱਕਾ ਸੀ। ਉਸ ਸਮੇਂ ਬਾਜ ਸਿੰਘ ਤਾਂ ਕਿਲ੍ਹੇ ਵਿਚ ਨਹੀਂ ਸੀ ਪਰ ਉਥੇ ਮੌਜੂਦ ਸੁੱਖਾ ਸਿੰਘ ਅਤੇ ਸ਼ਾਮ ਸਿੰਘ ਨੇ ਡੱਟ ਕੇ ਮੁਕਾਬਲਾ ਕੀਤਾ। ਇਸ ਲੜਾਈ ਵਿਚ ਸੁੱਖਾ ਸਿੰਘ ਤਾਂ ਸ਼ਹੀਦ ਹੋ ਗਿਆ ਪਰ ਸ਼ਾਮ ਸਿੰਘ ਬਾਕੀ ਸਿੰਘਾਂ ਨੂੰ ਲੈ ਕੇ ਲੋਹਗੜ ਦੇ ਕਿਲ੍ਹੇ ਵਿਚ ਚਲਾ ਗਿਆ। ਜਦ 4 ਦਸੰਬਰ 1710 ਨੂੰ ਬਹਾਦਰ ਸ਼ਾਹ ਸਢੌਰੇ ਪੁੱਜਾ ਤਾਂ ਉਸ ਵੇਲੇ ਸਾਰੇ ਸਿੰਘ ਲੋਹਗੜ੍ਹ ਦੇ ਕਿਲ੍ਹੇ ਵਿਚ ਇਕੱਠੇ ਹੋ ਗਏ ਸਨ। ਉਸ ਸਮੇਂ ਬੰਦਾ ਸਿੰਘ ਬਹਾਦਰ ਵੀ ਉਨ੍ਹਾਂ ਦੀ ਸਹਾਇਤਾ ਵਾਸਤੇ ਪਹੁੰਚ ਗਿਆ ਸੀ।

ਮੁਗ਼ਲ ਫ਼ੌਜ ਦੇ ਸਾਰੇ ਸਰਦਾਰ ਅਤੇ ਸਿਪਾਹੀ ਬੰਦਾ ਸਿੰਘ ਬਹਾਦਰ ਨੂੰ ਇਕ ਜਾਦੂਗਰ ਸਮਝਦੇ ਸਨ। ਉਹ ਬੰਦਾ ਸਿੰਘ ਨੂੰ ਇਕ ਕਰਣੀ ਵਾਲਾ ਸ਼ਕਤੀਸ਼ਾਲੀ ਮਹਾਂਬਲੀ ਮੰਨਦੇ ਸਨ। ਉਹ ਕਹਿੰਦੇ ਸਨ ਕਿ ਤਲਵਾਰ, ਤੀਰ ਅਤੇ ਗੋਲੀਆਂ ਉਸ ਦੇ ਸਿੰਘਾਂ 'ਤੇ ਕੋਈ ਅਸਰ ਨਹੀਂ ਕਰਦੀਆਂ ਹਨ। ਇਹੋ ਜਿਹੀਆਂ ਖ਼ਬਰਾਂ ਸੁਣ ਕੇ ਬਾਦਸ਼ਾਹ ਅਤੇ ਉਸ ਦੇ ਜਰਨੈਲ ਬੜੇ ਘਬਰਾਏ ਹੋਏ ਸਨ।

ਪਰ ਓਧਰ ਬੰਦਾ ਸਿੰਘ ਦੇ ਆ ਜਾਣ ਕਰਕੇ ਸਿੰਘਾਂ ਦੇ ਹੌਸਲੇ ਵਧ ਗਏ ਸਨ।

4 ਦਸੰਬਰ 1710 ਨੂੰ ਬਾਦਸ਼ਾਹ ਨੇ ਰੁਸਤਮ ਖਾਂ ਅਤੇ ਫੀਰੋਜ਼ ਖਾਂ ਮੇਵਾਤੀ ਨੂੰ ਕਿਲ੍ਹੇ ਉਤੇ ਕਬਜ਼ਾ ਕਰਨ ਲਈ ਭੇਜਿਆ। ਪਰ ਰੁਸਤਮ ਖਾਂ ਆਪਣੇ ਦਸਤੇ ਨੂੰ ਲੈ ਕੇ ਅੱਗੇ ਵਧਿਆ ਹੀ ਸੀ ਕਿ ਸਿੰਘਾਂ ਨੇ ਉਸ ਉਤੇ ਤੀਰਾਂ ਦੀ ਵਾਛੜ ਕਰ ਦਿੱਤੀ। ਬਾਦਸ਼ਾਹ ਦੀ ਅਣਗਿਣਤ ਫ਼ੌਜ ਵਿਚ ਦਹਿਸ਼ਤ ਫੈਲ ਗਈ। ਫੀਰੋਜ਼ ਖਾਂ ਮੇਵਾਤੀ ਦਾ ਭਤੀਜਾ ਮਾਰਿਆ ਗਿਆ ਅਤੇ ਉਸ ਦਾ ਪੁੱਤਰ ਘਾਇਲ ਹੋ ਗਿਆ।

ਸਿੰਘ ਸ਼ਹੀਦੀ ਜਾਮ ਪੀਣ ਲਈ ਸ਼ੇਰਾਂ ਵਾਂਗ ਅੱਗੇ ਵਧੀ ਜਾ ਰਹੇ ਸਨ। ਰੁਸਤਮ ਖਾਂ ਦੇ ਅਨੇਕਾਂ ਸਿਪਾਹੀ ਮਾਰੇ ਗਏ ਜਾਂ ਭੱਜ ਗਏ। ਸ਼ਾਮ ਪੈਣ ਤਕ ਸਿੰਘ ਪੂਰੀ ਦਲੇਰੀ ਨਾਲ ਲੜਦੇ ਰਹੇ ਅਤੇ ਰਾਤ ਹੋਣ 'ਤੇ ਕਿਲ੍ਹੇ ਅੰਦਰ ਚਲੇ ਗਏ।

ਆਪਣੇ ਬਹਾਦਰ ਯੋਧਿਆਂ ਦੀ ਮੌਤ ਦੀ ਖਬਰ ਸੁਣ ਕੇ ਬਾਦਸ਼ਾਹ ਹੋਰ ਫ਼ੌਜ ਭੇਜੀ ਜਾ ਰਿਹਾ ਸੀ। ਸੱਠ ਹਜ਼ਾਰ ਮੁਗ਼ਲੀ ਫ਼ੌਜ ਨੇ ਕਿਲ੍ਹੇ ਨੂੰ ਘੇਰਾ ਪਾਇਆ ਹੋਇਆ ਸੀ। ਇਸ ਤੋਂ ਉਪਰੰਤ ਉਸ ਇਲਾਕੇ ਦੇ ਮੁਸਲਮਾਨ ਲੁੱਟ-ਮਾਰ ਕਰਨ ਲਈ ਉਨ੍ਹਾਂ ਦੇ ਨਾਲ ਆ ਰਲੇ ਸਨ। ਉਸ ਸਮੇਂ ਵਜ਼ੀਰ ਮੁਨੀਮ ਖਾਂ ਨੇ ਅੱਗੇ ਵਧਣ ਦੀ ਆਗਿਆ ਮੰਗੀ ਪਰ ਬਾਦਸ਼ਾਹ ਨੇ ਉਸ ਨੂੰ ਇਸ ਸ਼ਰਤ 'ਤੇ ਆਗਿਆ ਦਿੱਤੀ ਕਿ ਉਹ ਆਪ ਪਹਿਲਾਂ ਲੋਹਗੜ੍ਹ ਦੇ ਕਿਲ੍ਹੇ 'ਤੇ ਹਮਲਾ ਨਹੀਂ ਕਰੇਗਾ। ਪਰ ਜਦ ਉਹ ਅੱਗੇ ਵਧਿਆ ਤਾਂ ਸਿੰਘਾਂ ਨੇ ਤੀਰਾਂ ਅਤੇ ਗੋਲੀਆਂ ਦੀਆਂ ਵਾਛੜਾਂ ਛੱਡ ਦਿੱਤੀਆਂ। ਸ਼ਾਹੀ ਫ਼ੌਜ ਵਿਚ ਤਰਥੱਲੀ ਮੱਚ ਗਈ। ਸਿੰਘ ਭਾਵੇਂ ਬਹੁਤ ਥੋੜ੍ਹੀ ਗਿਣਤੀ ਵਿਚ ਸਨ ਪਰ ਸ਼ਾਹੀ ਫ਼ੌਜ ਦਾ ਉਨ੍ਹਾਂ ਨੇ ਬਹੁਤ ਨੁਕਸਾਨ ਕੀਤਾ। ਇਸ ਲੜਾਈ ਵਿਚ ਵਜ਼ੀਰ ਸੁੱਚਾ ਨੰਦ ਦਾ ਲੜਕਾ ਵੀ ਮਾਰਿਆ ਗਿਆ ਅਤੇ ਸੈਂਕੜੇ ਮੁਸਲਮਾਨ ਸਰਦਾਰ ਕਤਲ ਹੋਏ। ਉਨ੍ਹਾਂ ਦੀਆਂ ਲਾਸ਼ਾਂ ਭੇਡਾਂ ਬੱਕਰੀਆਂ ਵਾਂਗ ਘੱਟੇ ਵਿਚ ਰੁਲ ਰਹੀਆਂ ਸਨ।

ਦੋ ਦਿਨ ਤੇ ਦੋ ਰਾਤਾਂ ਲੜਾਈ ਚਲਦੀ ਰਹੀ। ਲੋਹਗੜ੍ਹ ਦੇ ਕਿਲ੍ਹੇ ਵਿੱਚੋਂ ਰਾਸ਼ਨ ਅਤੇ ਸਿੱਕਾ ਬਾਰੂਦ

ਖਤਮ ਹੋ ਗਿਆ। ਸ਼ਾਹੀ ਫ਼ੌਜ ਨੇ ਕਿਲ੍ਹੇ ਨੂੰ ਇਸ ਤਰ੍ਹਾਂ ਘੇਰਿਆ ਹੋਇਆ ਸੀ ਕਿ ਇਕ ਚਿੜੀ ਦਾ ਵੀ ਬਾਹਰ ਨਿਕਲਣਾ ਮੁਸ਼ਕਿਲ ਸੀ।

ਪਰ ਉਸ ਸਮੇਂ ਬਖਸ਼ੀ ਗੁਲਾਬ ਸਿੰਘ ਨੇ ਬੰਦਾ ਸਿੰਘ ਬਹਾਦਰ ਵਾਲਾ ਪੋਸ਼ਾਕਾ ਪਹਿਨਿਆ ਅਤੇ ਆਪਣੇ ਕੁਝ ਬਹਾਦਰ ਸਿੰਘਾਂ ਨੂੰ ਨਾਲ ਲੈ ਕੇ ਤਲਵਾਰ ਚਲਾਉਂਦਾ ਹੋਇਆ ਅੱਗੇ ਵਧਣ ਲੱਗਾ। ਸ਼ਾਹੀ ਫ਼ੌਜਾਂ ਇਹ ਸਮਝ ਰਹੀਆਂ ਸਨ ਕਿ ਬੰਦਾ ਸਿੰਘ ਬਹਾਦਰ ਅੱਗੇ ਵਧਦਾ ਆ ਰਿਹਾ ਹੈ। ਇਸ ਲਈ ਉਹ ਡਰਦੇ ਮਾਰੇ ਪਿੱਛੇ ਹਟਦੇ ਜਾ ਰਹੇ ਸਨ।

ਉਸ ਸਮੇਂ ਕਿਲ੍ਹੇ ਵਿਚੋਂ ਬੰਦਾ ਸਿੰਘ ਬਹਾਦਰ ਨੇ ਇਕ ਵੱਡੀ ਤੋਪ ਦਾ ਗੋਲਾ ਦਾਗਿਆ ਜਿਸ ਨੇ ਸ਼ਾਹੀ ਫ਼ੌਜ ਵਿਚ ਭਾਜੜਾਂ ਪਾ ਦਿੱਤੀਆਂ। ਬੰਦਾ ਸਿੰਘ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਕਿਲ੍ਹੇ ਵਿਚੋਂ ਨਿਕਲ ਗਿਆ। ਸਵੇਰੇ ਇਹ ਅਫਵਾਹ ਫੈਲ ਗਈ ਕਿ ਬੰਦਾ ਸਿੰਘ ਬਹਾਦਰ ਫੜਿਆ ਗਿਆ ਹੈ। ਸ਼ਾਹੀ ਫ਼ੌਜ ਵਿਚ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਪਰ ਪੜਤਾਲ ਕੀਤੀ ਤਾਂ ਜ਼ਖ਼ਮੀ ਸਿੰਘਾਂ ਵਿਚ ਬੰਦਾ ਸਿੰਘ ਮੌਜੂਦ ਨਹੀਂ ਸੀ।

ਸ਼ਾਹੀ ਫ਼ੌਜ ਨੇ ਕਿਲ੍ਹੇ 'ਤੇ ਤਾਂ ਕਬਜ਼ਾ ਕਰ ਲਿਆ ਪਰ ਬੰਦਾ ਸਿੰਘ ਨੂੰ ਨਾ ਫੜ ਸਕੇ।



ਬਿਲਾਸਪੁਰ ਦੀ ਜਿੱਤ

ਬਾਬਾ ਬੰਦਾ ਸਿੰਘ ਬਹਾਦਰ ਦਾ ਲੋਹਗੜ੍ਹ ਕਿਲ੍ਹੇ ਵਿੱਚੋਂ ਬਚ ਕੇ ਨਿਕਲ ਜਾਣਾ ਸਿੰਘਾਂ ਦੀ ਹਾਰ ਨਹੀਂ ਸੀ ਬਲਕਿ ਇਕ ਵੱਡੀ ਜਿੱਤ ਸੀ। ਬਾਦਸ਼ਾਹ ਬਹਾਦਰ ਸ਼ਾਹ ਬੰਦਾ ਸਿੰਘ ਨੂੰ ਫੜਨ ਵਾਸਤੇ ਇਕ ਲੋਹੇ ਦਾ ਪਿੰਜਰਾ ਵੀ ਬਣਵਾ ਕੇ ਲਿਆਇਆ ਸੀ। ਵਜ਼ੀਰ ਮੁਨੀਮ ਖਾਂ ਨੇ ਬਾਦਸ਼ਾਹ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਬੰਦਾ ਸਿੰਘ ਨੂੰ ਫੜ ਕੇ ਉਸ ਅੱਗੇ ਹਾਜ਼ਰ ਕਰੇਗਾ। ਬਾਦਸ਼ਾਹ ਨੇ ਆਪਣੇ ਵੱਡੇ ਵੱਡੇ ਤਜਰਬੇਕਾਰ ਜਰਨੈਲ ਇਸ ਕਾਰਜ ਵਾਸਤੇ ਭੇਜੇ ਸਨ। ਪਰ ਸਭ ਨਾਕਾਮ ਰਹੇ। ਸਭ ਤੋਂ ਵੱਡੀ ਗੱਲ ਇਹ ਸੀ ਕਿ ਇਸ ਲੜਾਈ ਵਿਚ ਬਾਦਸ਼ਾਹ ਖੁਦ ਮੌਜੂਦ ਸੀ ਅਤੇ ਆਪ ਹੁਕਮ ਦੇ ਰਿਹਾ ਸੀ। ਬਾਦਸ਼ਾਹ ਨੇ ਇਸ ਨਾਕਾਮੀ ਕਾਰਨ ਆਪਣੇ ਵੱਡੇ ਵਜ਼ੀਰ ਦੀ ਬਹੁਤ ਬੇਇਜ਼ਤੀ ਕੀਤੀ।

ਬਾਬਾ ਬੰਦਾ ਸਿੰਘ ਆਪਣੇ ਕਿਲ੍ਹੇ ਅਤੇ ਖ਼ਜ਼ਾਨੇ ਦੇ ਹੱਥੋਂ ਨਿਕਲ ਜਾਣ 'ਤੇ ਵੀ ਦੁਖੀ ਨਹੀਂ ਹੋਇਆ। ਲੋਹਗੜ੍ਹ ਦੇ ਕਿਲ੍ਹੇ ਵਿਚੋਂ ਨਿਕਲਣ ਦੇ ਬਾਰ੍ਹਵੇਂ ਦਿਨ ਹੀ ਉਸ ਸਿੱਖਾਂ ਨੂੰ ਹੁਕਮਨਾਮੇ ਜਾਰੀ ਕਰ ਦਿੱਤੇ ਸਨ। ਹੁਕਮਨਾਮੇ ਮਿਲਦੇ ਹੀ ਸਾਰੇ ਸਿੱਖ ਕੀਰਤਪੁਰ ਵਿਖੇ ਇਕੱਠੇ ਹੋਣ ਲੱਗ ਗਏ। ਬੰਦਾ ਸਿੰਘ ਦਾ ਹੌਸਲਾ ਵਧ ਗਿਆ। ਉਸ ਨੇ ਪਹਾੜੀ ਰਾਜਿਆਂ ਨੂੰ ਸੋਧਣ ਦਾ ਮਨ ਬਣਾ ਲਿਆ। ਸਭ ਤੋਂ ਪਹਿਲਾਂ ਉਸ ਕਹਿਲੂਰ ਦੇ ਰਾਜੇ ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਨੂੰ ਸੋਧਣ ਦਾ ਫੈਸਲਾ ਕੀਤਾ। ਭੀਮ ਚੰਦ ਅਤੇ ਅਜਮੇਰ ਚੰਦ ਨੇ ਹੀ ਸ਼ਾਹੀ ਫ਼ੌਜਾਂ ਦੀ ਅਨੰਦਪੁਰ ਦੇ ਕਿਲ੍ਹੇ ਉਤੇ ਚੜ੍ਹਾਈ ਕਰਵਾਈ ਸੀ। ਇਹੋ ਹੀ ਪਹਾੜੀ ਰਾਜਿਆਂ ਨੂੰ ਇਕੱਠਾ ਕਰਦਾ ਸੀ। ਸਰਹੰਦ ਉਤੇ ਸਿੰਘਾਂ ਦੀ ਜਿੱਤ ਨੂੰ ਵੇਖ ਕੇ ਅਜਮੇਰ ਚੰਦ ਅੱਗੇ ਹੀ ਡਰਿਆ ਹੋਇਆ ਸੀ। ਉਸ ਨੂੰ ਵੀ ਉਮੀਦ ਸੀ ਕਿ ਉਸ ਉਤੇ ਜ਼ਰੂਰ ਹਮਲਾ ਹੋਵੇਗਾ। ਬੰਦਾ ਸਿੰਘ ਨੇ ਇਕ ਚਿੱਠੀ ਲਿਖ ਕੇ ਅਜਮੇਰ ਚੰਦ ਵੱਲ ਭੇਜੀ ਕਿ ਉਹ ਜਾਂ ਈਨ ਮੰਨ ਲਵੇ ਜਾਂ ਲੜਾਈ ਲਈ ਤਿਆਰ ਹੋ ਜਾਵੇ। ਪਰ ਅਜਮੇਰ ਚੰਦ ਨੇ ਕੋਈ ਜਵਾਬ ਨਾ ਦਿੱਤਾ ਤੇ ਹੋਰ ਪਹਾੜੀ ਰਾਜਿਆਂ ਅਤੇ ਮੁਸਲਮਾਨਾਂ ਹਾਕਮਾਂ ਨੂੰ ਮੱਦਦ ਕਰਨ ਦੀ ਬੇਨਤੀ ਕੀਤੀ। ਉਸ ਨੇ ਬਿਲਾਸਪੁਰ ਦੀ ਕਿਲ੍ਹਾਬੰਦੀ ਹੋਰ ਮਜ਼ਬੂਤ ਕਰ ਲਈ।

ਜਦ ਬੰਦਾ ਸਿੰਘ ਨੂੰ ਕੋਈ ਉੱਤਰ ਨਾ ਮਿਲਿਆ ਤਾਂ ਉਸ ਬਿਲਾਸਪੁਰ ਉਤੇ ਹਮਲਾ ਕਰ ਦਿੱਤਾ। ਬੰਦਾ ਸਿੰਘ ਨੇ ਏਨੇ ਜ਼ੋਰ ਨਾਲ ਹਮਲਾ ਕੀਤਾ ਕਿ ਪਹਾੜੀਆਂ ਨੂੰ ਭੱਜਣ ਨੂੰ ਰਾਹ ਨਾ ਲੱਭਾ। ਪਹਿਲੇ ਹੱਲੇ ਵਿਚ ਹੀ ਤੇਰਾਂ ਸੌ ਰਾਜਪੂਤ ਮਾਰੇ ਗਏ ਅਤੇ ਮੁਸ਼ਕਿਲ ਨਾਲ ਹੀ ਕੋਈ ਬਚ ਕੇ ਨਿਕਲ ਸਕਿਆ।

ਸਿੰਘਾਂ ਨੇ ਸ਼ਹਿਰ ਬਿਲਾਸਪੁਰ ਨੂੰ ਦਿਲ ਖੋਲ੍ਹ ਕੇ ਲੁੱਟਿਆ। ਚੰਗਾ ਮਾਲ ਧਨ ਉਨ੍ਹਾਂ ਦੇ ਹੱਥ ਆਇਆ।

ਰਾਜਾ ਅਜਮੇਰ ਚੰਦ ਦੀ ਹਾਰ ਨੂੰ ਵੇਖ ਕੇ ਬਾਕੀ ਪਹਾੜੀ ਰਾਜੇ ਬਹੁਤ ਡਰ ਗਏ। ਉਹ ਕਹਿਲੂਰੀਏ ਰਾਜੇ ਵਾਲਾ ਹਾਲ ਹੁੰਦਾ ਨਹੀਂ ਸੀ ਵੇਖਣਾ ਚਾਹੁੰਦੇ। ਉਹ ਸਾਰੇ ਬੰਦਾ ਸਿੰਘ ਦੇ ਡੇਰੇ ਆਏ ਅਤੇ ਬੜੇ ਤੋਹਫੇ ਅਤੇ ਨਜ਼ਰਾਨੇ ਭੇਟ ਕੀਤੇ। ਉਨ੍ਹਾਂ ਬੰਦਾ ਸਿੰਘ ਬਹਾਦਰ ਦੀ ਈਨ ਮੰਨ ਲਈ।

ਜਿਹੜੇ ਰਾਜਿਆਂ ਨੇ ਈਨ ਮੰਨੀ ਉਨ੍ਹਾਂ ਵਿਚ ਮੰਡੀ ਦਾ ਰਾਜਾ ਸਿੱਧ ਸੈਨ ਵੀ ਸੀ। ਰਾਜਾ ਸਿੱਧ ਸੈਨ ਦੇ ਸੱਦੇ ਉਤੇ ਬਾਬਾ ਬੰਦਾ ਸਿੰਘ ਕੁਝ ਦਿਨ ਮੰਡੀ ਵਿਖੇ ਠਹਿਰਿਆ। ਉਸ ਤੋਂ ਬਾਅਦ ਉਹ ਕੁੱਲੂ ਦੇ ਰਾਜੇ ਨੂੰ ਮਿਲਣ ਗਿਆ ਪਰ ਕੁੱਲੂ ਦੇ ਰਾਜੇ ਨੇ ਧੋਖੇ ਨਾਲ ਉਸ ਨੂੰ ਕੈਦ ਕਰ ਲਿਆ। ਬਾਬਾ ਬੰਦਾ ਸਿੰਘ ਆਪਣੀ ਸ਼ਕਤੀ ਨਾਲ ਆਜ਼ਾਦ ਹੋ ਗਿਆ। ਕੁੱਲੂ ਦਾ ਰਾਜਾ ਮਾਨ ਸਿੰਘ ਬੰਦਾ ਸਿੰਘ ਨੂੰ ਕੈਦ ਕਰ ਕੇ ਬਾਦਸ਼ਾਹ ਬਹਾਦਰ ਸ਼ਾਹ ਦੇ ਪੇਸ਼ ਕਰਨਾ ਚਾਹੁੰਦਾ ਸੀ। ਉਸ ਵੇਲੇ ਬਾਦਸ਼ਾਹ ਬਹਾਦਰ ਸ਼ਾਹ ਦੇ ਆਦਮੀ ਬੰਦਾ ਸਿੰਘ ਨੂੰ ਲੱਭਣ ਲਈ ਪਹਾੜਾਂ ਵਿਚ ਫਿਰ ਰਹੇ ਸਨ। ਬੰਦਾ ਸਿੰਘ ਫਿਰ ਮੰਡੀ ਦੇ ਰਾਜੇ ਨੂੰ ਮਿਲ ਕੇ ਚੰਬੇ ਵੱਲ

ਚਲੇ ਗਿਆ।

ਉਸ ਵੇਲੇ ਉਥੇ ਰਾਜਾ ਉਦੇ ਚੰਦ ਰਾਜ ਕਰਦਾ ਸੀ। ਰਾਜਾ ਉਦੇ ਚੰਦ ਨੇ ਬੰਦਾ ਸਿੰਘ ਦੀ ਬਹੁਤ ਸੇਵਾ ਕੀਤੀ। ਕੁਝ ਦਿਨਾਂ ਵਿਚ ਹੀ ਰਾਜਾ ਉਦੇ ਚੰਦ ਬਾਬਾ ਬੰਦਾ ਸਿੰਘ ਦਾ ਬੜਾ ਸ਼ਰਧਾਲੂ ਬਣ ਗਿਆ ਅਤੇ ਉਸ ਰਾਜ ਘਰਾਣੇ ਦੀ ਇਕ ਲੜਕੀ ਵੇਖ ਕੇ ਬੰਦਾ ਸਿੰਘ ਦਾ ਵਿਆਹ ਕਰ ਦਿੱਤਾ। ਉਸ ਰਾਣੀ ਦੀ ਕੁੱਖੋਂ ਇਕ ਲੜਕਾ ਪੈਦਾ ਹੋਇਆ ਜਿਸ ਦਾ ਨਾਂ ਅਜੈ ਸਿੰਘ ਰਖਿਆ ਗਿਆ।

ਉਨ੍ਹਾਂ ਦਿਨਾਂ ਵਿਚ ਹੀ 27, 28 ਫਰਵਰੀ ਦੀ ਵਿਚਕਾਰਲੀ ਰਾਤ ਨੂੰ ਬਾਦਸ਼ਾਹ ਬਹਾਦਰ ਸ਼ਾਹ ਕੁਝ ਸਮਾਂ ਬਿਮਾਰ ਰਹਿ ਕੇ ਲਾਹੌਰ ਵਿਖੇ ਹੀ ਚਲਾਣਾ ਕਰ ਗਿਆ। ਉਸ ਦੇ ਮਰਦਿਆਂ ਹੀ ਰਾਜ ਤਖ਼ਤ ਦੀ ਲੜਾਈ ਸ਼ੁਰੂ ਹੋ ਗਈ। ਉਨ੍ਹਾਂ ਦੀ ਆਪਸੀ ਲੜਾਈ ਨੇ ਖ਼ਾਲਸੇ ਨੂੰ ਫਿਰ ਚੜ੍ਹਦੀ ਕਲਾ ਬਖਸ਼ੀ।



ਸੰਤ ਬਾਬਾ ਬੰਦਾ ਸਿੰਘ

ਅਸੀਂ ਸਦਾ ਇਹੋ ਹੀ ਸੋਚਦੇ ਹਾਂ ਕਿ ਬਾਬਾ ਬੰਦਾ ਸਿੰਘ ਇਕ ਮਹਾਨ ਯੋਧਾ ਸੀ। ਉਸ ਦੀ ਤਲਵਾਰ ਵਿਚ ਕਰਾਮਾਤ ਸੀ। ਪਰ ਅਸੀਂ ਬੰਦਾ ਸਿੰਘ ਦੀ ਜ਼ਿੰਦਗੀ ਦੇ ਦੂਸਰੇ ਪੱਖ ਵੱਲ ਕਦੇ ਝਾਤ ਹੀ ਨਹੀਂ ਮਾਰੀ। ਉਹ ਬਾਣੀ ਦਾ ਬੜਾ ਰਸੀਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬੜਾ ਸਤਿਕਾਰ ਕਰਦਾ ਸੀ ਅਤੇ ਦੀਵਾਨ ਲਾ ਕੇ ਸਿੱਖਾਂ ਨੂੰ ਨਾਮ ਅਭਿਆਸ ਦਾ ਵੀ ਪ੍ਰਚਾਰ ਕਰਦਾ ਸੀ। ਗੁਰੂ ਗੋਬਿੰਦ ਸਿੰਘ ਨੇ ਉਸ ਨੂੰ ਆਤਮਕ ਸ਼ਕਤੀ ਵੀ ਬਖਸ਼ੀ ਸੀ ਜਿਸ ਕਰਕੇ ਉਸ ਵੱਲੋਂ ਕਿਹਾ ਹਰ ਬਚਨ ਪੂਰਾ ਹੁੰਦਾ ਸੀ। ਇਸ ਲਈ ਜਿਥੇ ਵੀ ਬਾਬਾ ਜੀ ਜਾਂਦੇ ਸਨ, ਸਿੱਖ ਵਹੀਰਾਂ ਬੱਧੀ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਂਦੇ ਸਨ। ਉਹ ਸਭ ਨੂੰ ਅਸ਼ੀਰਵਾਦ ਦਿੰਦੇ ਸਨ ਤੇ ਉਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਕਰਦੇ ਸਨ।

ਇਕ ਵਾਰ ਮਨੀ ਮਾਜਰੇ ਪਿੰਡ ਤੋਂ ਇਕ ਸਿੱਖ ਜਿਸ ਦਾ ਨਾਂ ਭਾਈ ਗੁਰਬਖਸ਼ ਸਿੰਘ ਸੀ, ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਆ ਕੇ ਬੇਨਤੀ ਕੀਤੀ, "ਸਿੰਘ ਸਾਹਿਬ! ਗੁਰੂ ਗੋਬਿੰਦ ਸਿੰਘ ਜੀ ਜਦ ਦੱਖਣ ਵੱਲ ਜਾਣ ਲੱਗੇ ਸਨ ਤਾਂ ਉਹ ਗੁਰਦੁਆਰੇ ਦੀ ਸੇਵਾ ਮੈਨੂੰ ਸੌਂਪ ਗਏ ਸਨ ਪਰ ਹੁਣ ਬਾਬਾ ਸੂਰਜ ਮੱਲ ਦੇ ਪੋਤਰੇ ਗੁਲਾਬ ਰਾਇ ਨੇ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਮੈਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਹੈ। ਉਹ ਗੁਰਦੁਆਰੇ ਵਿਚ ਗੱਦੀ ਲਾ ਕੇ ਬੈਠਦਾ ਹੈ ਅਤੇ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੈ।"

ਬਾਬਾ ਜੀ ਨੇ ਬੜੇ ਧਿਆਨ ਨਾਲ ਉਸ ਦੀ ਫਰਿਆਦ ਸੁਣੀ ਤੇ ਫਿਰ ਕਹਿਣ ਲੱਗੇ, "ਸਿੰਘ ਜੀ! ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਸਿੱਖ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨੇਗਾ। ਇਹੋ ਜਿਹੇ ਭੇਖੀਆਂ ਨੂੰ ਕੋਈ ਗੁਰੂ ਨਹੀਂ ਕਹੇਗਾ। ਇਸ ਗੁਲਾਬ ਰਾਇ ਦੀ ਤਾਂ ਹੁਣ ਉਮਰ ਹੀ ਪੂਰੀ ਹੋ ਚੁੱਕੀ ਹੈ। ਇਸ ਦੇ ਸਾਹਮਣੇ ਹੀ ਇਸ ਦੇ ਚਾਰੇ ਪੁੱਤਰ ਅਕਾਲ ਚਲਾਣਾ ਕਰ ਜਾਣਗੇ। ਇਸ ਨੂੰ ਪਾਣੀ ਦੇਣ ਜੋਗਾ ਵੀ ਕੋਈ ਨਹੀਂ ਰਹੇਗਾ ਅਤੇ ਇਹ ਨਾਮੁਰਾਦ ਬੁਰੀ ਮੌਤੇ ਮਰੇਗਾ। ਇਤਿਹਾਸ ਗਵਾਹ ਹੈ ਕਿ ਜੋ ਕੁਝ ਬਾਬਾ ਜੀ ਨੇ ਕਿਹਾ, ਬਾਅਦ ਵਿਚ ਪੂਰਾ ਹੋਇਆ।

ਇਕ ਵਾਰ ਕੀਰਤਪੁਰ ਵਿਚ ਬਾਬਾ ਬੰਦਾ ਸਿੰਘ ਦਾ ਦੀਵਾਨ ਲੱਗਾ ਹੋਇਆ ਸੀ। ਉਥੇ ਬਾਬਾ ਆਲੀ ਸਿੰਘ ਦੀਵਾਨ ਵਿਚ ਹਾਜ਼ਰ ਹੋਏ। ਬਾਬਾ ਬੰਦਾ ਸਿੰਘ ਨੇ ਬੜੇ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ। ਜਦ ਬਾਬਾ ਜੀ ਹਾਲ ਚਾਲ ਪੁੱਛ ਰਹੇ ਸਨ ਤਾਂ ਇਹ ਵੀ ਕਹਿ ਗਏ, "ਭਾਈ ਆਲੀ ਸਿੰਘ! ਵਾਹਿਗੁਰੂ ਵੱਲੋਂ ਆਪ ਉਪਰ ਇਕ ਵੱਡਾ ਭਾਣਾ ਵਰਤਣ ਵਾਲਾ ਹੈ। ਬਾਈਆਂ ਦਿਨਾਂ ਦੇ ਵਿਚ-ਵਿਚ ਵੱਡੇ ਪੁੱਤਰ ਦੇ ਮੱਥੇ ਵਿਚ ਗੋਲੀ ਲੱਗੇਗੀ ਅਤੇ ਛੋਟਾ ਕੋਠੇ ਤੋਂ ਡਿੱਗ ਕੇ ਵਾਹਿਗੁਰੂ ਨੂੰ ਪਿਆਰਾ ਹੋ ਜਾਵੇਗਾ। ਪਰ ਆਲੀ ਸਿੰਘ ਨੇ ਕੋਈ ਘਬਰਾਹਟ ਜ਼ਾਹਰ ਨਾ ਕੀਤੀ ਤੇ ਸਹਿਜ ਸੁਭਾਅ ਕਹਿ ਗਿਆ, "ਸਿੰਘ ਸਾਹਿਬ! ਇਹ ਸਭ ਸਤਿਗੁਰਾਂ ਦੀ ਦਾਤ ਹੈ। ਜੇ ਸਤਿਗੁਰੂ ਆਪਣੀ ਦਾਤ ਵਾਪਿਸ ਲੈ ਲੈਣਗੇ ਤਾਂ ਮੈਨੂੰ ਇਸ ਵਿਚ ਕੀ ਇਤਰਾਜ ਹੋਵੇਗਾ?"

ਬਾਬਾ ਜੀ ਆਲੀ ਸਿੰਘ ਦਾ ਇਹ ਉੱਤਰ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਸਤਿਗੁਰੂ ਇਨ੍ਹਾਂ ਦੋਹਾਂ ਪੁੱਤਰਾਂ ਦੇ ਬਦਲੇ ਤੁਹਾਨੂੰ ਦੋ ਪੁੱਤਰ ਹੋਰ ਦੇਵੇਗਾ!"

ਬਾਬਾ ਜੀ ਦਾ ਕਿਹਾ ਹੋਇਆ ਇਹ ਬਚਨ ਵੀ ਪੂਰਾ ਹੋਇਆ ਅਤੇ ਭਾਈ ਆਲੀ ਸਿੰਘ ਦੇ ਦੋਵੇਂ ਪੁੱਤਰ ਚਲਾਣਾ ਕਰ ਗਏ। ਬਾਅਦ ਵਿਚ ਉਸ ਦੇ ਘਰ ਦੋ ਪੁੱਤਰ ਹੋਰ ਹੋਏ।

ਬਾਬਾ ਬੰਦਾ ਸਿੰਘ ਦੇ ਬਚਨਾਂ ਬਾਰੇ ਇਕ ਸਾਖੀ ਹੋਰ ਵੀ ਪ੍ਰਚਲਿਤ ਹੈ। ਭਾਈ ਦੀਪ ਸਿੰਘ ਨਾਮੀ ਇਕ ਸਿੱਖ ਬਾਬਾ ਜੀ ਦੀ ਟਹਿਲ ਸੇਵਾ ਵਿਚ ਰਹਿੰਦਾ ਸੀ। ਕਿਸੇ ਬੀਮਾਰੀ ਕਾਰਨ ਉਸ ਦੇ ਸਾਰੇ ਦੰਦ ਨਿਕਲ ਗਏ ਸਨ। ਇਕ ਦਿਨ ਇਕ ਸਿੱਖ ਛੋਲੇ ਭੁੰਨ ਕੇ ਲਿਆਇਆ ਤੇ ਉਸ ਸਾਰਿਆਂ ਨੂੰ ਬੁੱਕ-ਬੁੱਕ ਵੰਡੇ। ਪਰ ਭਾਈ ਦੀਪ ਸਿੰਘ ਨੇ ਛੋਲੇ ਖਾਣ ਦੀ ਬਜਾਏ ਉਨ੍ਹਾਂ ਨੂੰ ਪਰਨੇ ਦੀ ਕੰਨੀਂ ਬੰਨ੍ਹ ਲਿਆ। ਬਾਬਾ ਜੀ ਨੇ ਉਸ ਵੱਲ ਵੇਖਿਆ ਅਤੇ ਕਹਿਣ ਲੱਗੇ, "ਭਾਈ ਦੀਪ ਸਿੰਘ! ਕੀ ਗੱਲ, ਤੂੰ ਬਦਾਮ ਕਿਉਂ ਨਹੀਂ ਛਕਦਾ?" ਭਾਈ ਦੀਪ ਸਿੰਘ ਕਹਿਣ ਲੱਗਾ, "ਹਜ਼ੂਰ! ਮੇਰੇ ਮੂੰਹ ਵਿਚ ਕੋਈ ਦੰਦ ਨਹੀਂ; ਮੈਂ ਛੋਲੇ ਕਿਵੇਂ ਚੱਬ ਸਕਦਾ ਹਾਂ?" ਬਾਬਾ ਜੀ ਕਹਿਣ ਲੱਗੇ, "ਜੇ ਤੁਸੀਂ ਛੋਲੇ ਨਹੀਂ ਚੱਬ ਸਕਦੇ, ਫਿਰ ਤਾਂ ਢੇਰ ਪੂਰੀਆਂ ਪਾਉਗੇ! ਮਾਰੋਂ ਫੱਕਾ ਛੋਲਿਆਂ ਦਾ!" ਜਦ ਭਾਈ ਦੀਪ ਸਿੰਘ ਨੇ ਛੋਲੇ ਮੂੰਹ ਵਿਚ ਪਾਏ ਤਾਂ ਉਹ ਇਹ ਅਨੁਭਵ ਕਰਕੇ ਹੈਰਾਨ ਰਹਿ ਗਿਆ ਕਿ ਉਸ ਦੇ ਮੂੰਹ ਵਿਚ ਸਾਰੇ ਦੰਦ ਮੌਜੂਦ ਸਨ।

ਇਸ ਤਰ੍ਹਾਂ ਬਾਬਾ ਜੀ ਦੀ ਸਹਿਜ ਸੁਭਾਅ ਕਹੀ ਗੱਲ ਪੂਰੀ ਹੋ ਜਾਂਦੀ ਸੀ। ਇਨ੍ਹਾਂ ਸਹਿਜ ਸੁਭਾਅ ਕਹੀਆਂ ਗੱਲਾਂ ਨੂੰ ਲੋਕ ਕਰਾਮਾਤਾਂ ਕਹਿੰਦੇ ਸਨ।



ਸਰਹੰਦ ਉਤੇ ਦੁਬਾਰਾ ਕਬਜ਼ਾ

ਬਾਦਸ਼ਾਹ ਬਹਾਦਰ ਸ਼ਾਹ ਦੇ ਮਰਨ ਉਪਰੰਤ ਰਾਜ ਤਖ਼ਤ ਲਈ ਲੜਾਈ ਆਰੰਭ ਹੋ ਗਈ। ਸ਼ਹਿਜ਼ਾਦਾ ਜਹਾਂਦਾਰ ਸ਼ਾਹ ਨੇ ਆਪਣੇ ਬਾਕੀ ਦੇ ਭਰਾਵਾਂ ਨੂੰ ਕਤਲ ਕਰ ਦਿੱਤਾ ਤੇ ਆਪ ਦਿੱਲੀ ਦੇ ਤਖ਼ਤ 'ਤੇ ਬੈਠ ਗਿਆ। ਪਰ ਉਹ ਵੀ ਜ਼ਿਆਦਾ ਸਮਾਂ ਨਾ ਟਿਕ ਸਕਿਆ ਤੇ ਅਜ਼ੀਮ-ਉਲ-ਸ਼ਾਨ ਦੇ ਪੁੱਤਰ ਫਰੁਖਸੀਅਰ ਨੇ ਜਹਾਂਦਾਰ ਸ਼ਾਹ ਨੂੰ ਹਾਰ ਦੇ ਕੇ ਤਖ਼ਤ 'ਤੇ ਕਬਜ਼ਾ ਕਰ ਲਿਆ।

ਤਖ਼ਤਨਸ਼ੀਨੀ ਦੀ ਇਸ ਲੜਾਈ ਦਾ ਸਿੱਖਾਂ ਨੂੰ ਬਹੁਤ ਫਾਇਦਾ ਹੋਇਆ ਤੇ ਉਨ੍ਹਾਂ ਨੇ ਫਿਰ ਪੰਜਾਬ ਉੱਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਬਿਲਾਸਪੁਰ ਦੇ ਅਜਮੇਰ ਚੰਦ ਨੂੰ ਹਰਾਉਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਚੰਬੇ ਚਲੇ ਗਿਆ ਸੀ ਤੇ ਉਥੇ ਉਸ ਵਿਆਹ ਕਰ ਲਿਆ ਸੀ। ਉਹ ਇਕ ਸਾਲ ਤਕ ਮੰਡੀ ਹੀ ਠਹਿਰਿਆ। ਖਾਲਸਾ ਦਲ ਦੇ ਆਗੂਆਂ ਨੇ ਇਹ ਫੈਸਲਾ ਕੀਤਾ ਕਿ ਇਸ ਨਾਜ਼ਕ ਮੌਕੇ ਤੋਂ ਫਾਇਦਾ ਲਿਆ ਜਾਵੇ ਤੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਿਚ ਲਿਆਂਦਾ ਜਾਵੇ। ਇਸ ਲਈ ਉਹ ਸਾਰੇ ਇਕੱਠੇ ਹੋ ਕੇ ਮੰਡੀ ਪਹੁੰਚੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲੇ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ।

ਜਦ ਬੰਦਾ ਸਿੰਘ ਬਹਾਦਰ ਨੇ ਇਹ ਸਾਰਾ ਸਮਾਚਾਰ ਸੁਣਿਆ ਤਾਂ ਉਹ ਬਹੁਤ ਜੋਸ਼ ਵਿਚ ਆਇਆ। ਉਸ ਨੇ ਕਿਹਾ, "ਹੁਣ ਸਮਾਂ ਆ ਗਿਆ ਹੈ ਕਿ ਅਸੀਂ ਮੁੜ ਪੰਜਾਬ 'ਤੇ ਕਬਜ਼ਾ ਕਰ ਸਕਦੇ ਹਾਂ। ਹੁਣ ਸਾਨੂੰ ਕੋਈ ਰੋਕਣ ਵਾਲਾ ਨਹੀਂ।"

ਬੰਦਾ ਸਿੰਘ ਬਹਾਦਰ ਆਪਣੇ ਸਿੰਘਾਂ ਨੂੰ ਨਾਲ ਲੈ ਕੇ ਪੰਜਾਬ ਵਿਚ ਆ ਗਿਆ। ਜਦ ਖਿੱਲਰੇ-ਪੁੱਲਰੇ ਸਿੰਘਾਂ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਬਹਾਦਰ ਫਿਰ ਆ ਗਏ ਹਨ ਤਾਂ ਉਹ ਉਸ ਪਾਸ ਇਕੱਠੇ ਹੋਣ ਲੱਗੇ। ਸਾਰੇ ਸਿੰਘਾਂ ਨੇ ਦੁਆਬੇ ਵਿਚ ਇਕ ਬਹੁਤ ਵੱਡਾ ਇਕੱਠ ਬੁਲਾਇਆ। ਇਸ ਇਕੱਠ ਵਿਚ ਦੇਸ਼ ਦੀ ਰਾਜਸੀ ਹਾਲਤ ਅਤੇ ਪੰਥ ਨੂੰ ਮੁੜ ਇਕਮੁੱਠ ਕਰਨ 'ਤੇ ਵਿਚਾਰਾਂ ਕੀਤੀਆਂ ਗਈਆਂ।


ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਇਕ ਵੱਡੀ ਫ਼ੌਜ ਇਕੱਠੀ ਹੋ ਗਈ। ਸਿੰਘਾਂ ਦੀ ਫ਼ੌਜ ਨੂੰ ਲੈ ਕੇ ਬੰਦਾ ਸਿੰਘ ਬਹਾਦਰ ਨੇ ਸਾਰੇ ਦੁਆਬੇ ਦਾ ਦੌਰਾ ਕੀਤਾ ਅਤੇ ਸਾਰੇ ਮੁਸਲਮਾਨ ਹਾਕਮਾਂ ਨੂੰ ਸੋਧ ਕੇ ਦੁਆਬੇ 'ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਦੁਆਬਾ ਫਿਰ ਖਾਲਸੇ ਦੇ ਅਧੀਨ ਹੋ ਗਿਆ। ਦੁਆਬੇ ਤੋਂ ਬਾਅਦ ਫਿਰ ਮਾਝੇ ਵੱਲ ਰੁਖ ਕੀਤਾ। ਸਭ ਤੋਂ ਪਹਿਲਾਂ ਕਸੂਰੀਏ ਹਾਕਮਾਂ ਨੂੰ ਸੋਧਿਆ। ਕਸੂਰ ਦੇ ਪਠਾਣਾਂ ਨੇ ਬੜੀ ਅੱਤ ਚੁਕੀ ਹੋਈ ਸੀ। ਸਿੱਖਾਂ ਨੂੰ ਕਤਲ ਕਰਨ ਵਿਚ ਇਨ੍ਹਾਂ ਦਾ ਵੱਡਾ ਹੱਥ ਸੀ। ਸਿੰਘਾਂ ਨੇ ਸਾਰੇ ਜ਼ਾਲਮਾਂ ਪਠਾਣਾਂ ਨੂੰ ਕਤਲ ਕਰ ਦਿੱਤਾ ਅਤੇ ਅਸਲਾ ਅਤੇ ਘੋੜੇ ਆਦਿ ਲੁੱਟ ਲਏ। ਕਸੂਰ ਦੇ ਪਠਾਣਾਂ ਨੂੰ ਸੋਧਣ ਤੋਂ ਬਾਅਦ ਉਨ੍ਹਾਂ ਸਾਰੇ ਮਾਝੇ ਦਾ ਦੌਰਾ ਕੀਤਾ ਅਤੇ ਜਿਹੜਾ ਅੜਿਆ ਉਸ ਨੂੰ ਝਾੜਦੇ ਹੋਏ ਸਾਰੇ ਮਾਝੇ ਨੂੰ ਆਪਣੇ ਅਧੀਨ ਕਰ ਲਿਆ। ਫਿਰ ਰਿਆੜਕੀ ਭਾਵ ਗੁਰਦਾਸਪੁਰ ਵੱਲ ਵਧੇ। ਜਦ ਬਟਾਲਾ, ਪਠਾਨਕੋਟ, ਕਲਾਨੌਰ ਆਦਿ ਦੇ ਹਾਕਮਾਂ ਨੂੰ ਪਤਾ ਲੱਗਾ ਕਿ ਖਾਲਸਾ ਦਲ ਚੜ੍ਹਾਈ ਕਰ ਕੇ ਆ ਰਿਹਾ ਹੈ ਤਾਂ ਉਹ ਡਰਦੇ ਲਾਹੌਰ ਵੱਲ ਭੱਜ ਗਏ। ਸਾਰਾ ਇਲਾਕਾ ਮੁੜ ਖਾਲਸੇ ਅਧੀਨ ਹੋ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਇਨ੍ਹਾਂ ਸਾਰੇ ਇਲਾਕਿਆਂ ਵਿਚ ਆਪਣੇ ਹਾਕਮ ਨਿਯੁਕਤ ਕਰ ਦਿੱਤੇ। ਜ਼ਿਮੀਂਦਾਰਾ ਪ੍ਰਣਾਲੀ ਵੀ ਖਤਮ ਕਰ ਦਿੱਤੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦਾ ਮਾਲਕ ਬਣਾ ਦਿੱਤਾ। ਇਹ ਰਾਹਕ ਲੋਕ ਭਾਵੇਂ ਮੁਸਲਮਾਨ ਸਨ ਜਾਂ ਹਿੰਦੂ, ਕਿਸੇ ਨਾਲ ਵੀ ਮਜ਼੍ਹਬ ਦੀ ਬਿਨਾ 'ਤੇ

ਵਿਤਕਰਾ ਨਾ ਕੀਤਾ ਗਿਆ। ਇਸ ਲਈ ਮੁਸਲਮਾਨ ਕਿਸਾਨ ਵੀ ਬਾਬਾ ਬੰਦਾ ਸਿੰਘ ਨਾਲ ਸਹਿਮਤ ਹੋ ਗਏ। ਬਾਬਾ ਬੰਦਾ ਸਿੰਘ ਆਪਣੇ ਸਿਪਾਹੀਆਂ ਨੂੰ ਬਾਕਾਇਦਾ ਉਜਰਤ ਦਿੰਦਾ ਸੀ। ਇਸ ਲਈ ਪੰਜ ਹਜ਼ਾਰ ਦੇ ਲਗਪਗ ਮੁਸਲਮਾਨ ਵੀ ਬਾਬਾ ਜੀ ਦੀ ਸੈਨਾ ਵਿਚ ਸ਼ਾਮਲ ਹੋ ਗਏ। ਬਾਬਾ ਜੀ ਨੇ ਉਨ੍ਹਾਂ ਨੂੰ ਆਪਣੇ ਧਾਰਮਿਕ ਫਰਜ਼ ਨਿਭਾਉਣ ਵਿਚ ਕੋਈ ਰੋਕ ਨਹੀਂ ਸੀ ਲਾਈ।

ਮਾਝੇ, ਦੁਆਬੇ ਅਤੇ ਰਿਆੜਕੀ ਨੂੰ ਜਿੱਤਣ ਤੋਂ ਬਾਅਦ ਖਾਲਸਾ ਦਲ ਨੇ ਇਹ ਮਤਾ ਪਕਾਇਆ ਕਿ ਸਰਹੰਦ ਨੂੰ ਦੁਬਾਰਾ ਫਤਹਿ ਕੀਤਾ ਜਾਵੇ। ਇਸ ਲਈ ਸੰਮਤ 1770 ਬਿਕ੍ਰਮੀ ਨੂੰ ਸਾਰਾ ਖਾਲਸਾ ਦਲ ਸਰਹੰਦ ਵੱਲ ਵਧਿਆ। ਉਸ ਵੇਲੇ ਸਰਹੰਦ ਦਾ ਸੂਬੇਦਾਰ ਹਮੀਦ ਖਾਂ ਸੀ। ਉਸ ਨੂੰ ਇਹ ਪਤਾ ਲੱਗ ਗਿਆ ਕਿ ਖਾਲਸਾ ਦਲ ਸਰਹੰਦ 'ਤੇ ਜ਼ਰੂਰ ਹਮਲਾ ਕਰੇਗਾ। ਇਸ ਲਈ ਉਸ ਸੈਂਕੜੇ ਤੋਪਾਂ ਅਤੇ ਵੀਹ ਹਜ਼ਾਰ ਤੋਂ ਵੱਧ ਫ਼ੌਜ ਇਕੱਠੀ ਕੀਤੀ ਹੋਈ ਸੀ।

ਜਦ ਖਾਲਸਾ ਦਲ ਸਰਹੰਦ ਦੇ ਨੇੜੇ ਪੁੱਜਾ ਤਾਂ ਹਮੀਦ ਖਾਂ ਨੇ ਤੋਪਾਂ ਦੇ ਗੋਲਿਆਂ ਦਾ ਮੀਂਹ ਵਰ੍ਹਾ ਦਿੱਤਾ। ਕੁਝ ਸਮੇਂ ਲਈ ਖਾਲਸਾ ਫ਼ੌਜ ਪਿਛਾਂਹ ਹਟ ਗਈ। ਬਾਬਾ ਬੰਦਾ ਸਿੰਘ ਨੇ ਫ਼ੌਜ ਨੂੰ ਚਾਰ ਭਾਗਾਂ ਵਿਚ ਵੰਡ ਕੇ ਘੇਰਾ ਪਾਉਣ ਦਾ ਆਦੇਸ਼ ਕੀਤਾ। ਜਦ ਗੋਲਿਆਂ ਦੀ ਬੋਛਾੜ ਕੁਝ ਮੱਠੀ ਪਈ ਤਾਂ ਬੰਦਾ ਸਿੰਘ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਂਦਿਆਂ ਅਜਿਹਾ ਹਮਲਾ ਕੀਤਾ ਕਿ ਮਿੰਟਾਂ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਸੂਬੇਦਾਰ ਹਮੀਦ ਖਾਂ ਮਾਰਿਆ ਗਿਆ ਤੇ ਸਰਹੰਦ ਉਤੇ ਖਾਲਸੇ ਦਾ ਫਿਰ ਕਬਜ਼ਾ ਹੋ ਗਿਆ।



ਬੰਦਾ ਸਿੰਘ ਬਹਾਦਰ ਦਾ ਪਹਿਲਾ ਸਿੱਖ ਰਾਜ

ਸੰਨ 1714 ਈ: ਦੇ ਆਰੰਭ ਤਕ ਬੰਦਾ ਸਿੰਘ ਬਹਾਦਰ ਦਾ ਸਾਰੇ ਪੰਜਾਬ 'ਤੇ ਰਾਜ ਕਾਇਮ ਹੋ ਗਿਆ ਸੀ। ਉਸ ਨੇ ਗੁਰਦਾਸ ਨੰਗਲ ਵਿਚ ਇਕ ਪੱਕੇ ਕਿਲ੍ਹੇ ਦੀ ਉਸਾਰੀ ਕੀਤੀ ਤੇ ਪੰਜ ਹਜ਼ਾਰ ਫ਼ੌਜ ਸਮੇਤ ਉਸ ਵਿਚ ਰਹਿਣ ਲੱਗਾ।

ਸਾਰੇ ਮਜ਼੍ਹਬਾਂ ਦੇ ਲੋਕ ਉਸ ਨੂੰ ਪਿਆਰ ਕਰਦੇ ਸਨ ਅਤੇ ਉਸ ਨੂੰ ਇਹ ਪੂਰੀ ਆਸ ਸੀ ਕਿ ਉਹ ਆਪਣੀ ਹਕੂਮਤ ਪੱਕੇ ਪੈਰਾਂ 'ਤੇ ਸਥਾਪਿਤ ਕਰੇਗਾ। ਬੇਸ਼ਕ ਉਹ ਹਕੂਮਤ ਜ਼ਿਆਦਾ ਸਮਾਂ ਨਾ ਕਰ ਸਕਿਆ ਪਰ ਜੋ ਸੁਧਾਰ ਉਹ ਇਸ ਥੋੜ੍ਹੇ ਸਮੇਂ ਵਿਚ ਹੀ ਕਰ ਗਿਆ ਉਹ ਮੁਗ਼ਲ ਹਕੂਮਤ ਏਨੇ ਲੰਮੇ ਸਮੇਂ ਦੌਰਾਨ ਵੀ ਨਹੀਂ ਸੀ ਕਰ ਸਕੀ। ਉਸ ਨੇ ਜ਼ਿਮੀਂਦਾਰਾ ਪ੍ਰਣਾਲੀ ਖਤਮ ਕਰ ਦਿੱਤੀ ਤੇ ਸਾਰੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਹਲ ਵਾਹੁਣ ਵਾਲੇ ਕਿਸਾਨ ਗੁਲਾਮਾਂ ਦੀ ਹਾਲਤ ਤੋਂ ਵੀ ਬੁਰੇ ਅਤੇ ਨੀਵੇਂ ਹੋ ਗਏ ਸਨ। ਪਰ ਬੰਦਾ ਸਿੰਘ ਦਾ ਰਾਜ ਹੋਣ ਨਾਲ ਇਹ ਗ਼ਰੀਬ ਕਿਸਾਨ ਜ਼ਮੀਨਾਂ ਦੇ ਮਾਲਕ ਬਣ ਗਏ ਅਤੇ ਜ਼ਿਮੀਂਦਾਰਾਂ ਵੱਲੋਂ ਕੀਤਾ ਜਾ ਰਿਹਾ ਜ਼ੁਲਮ ਸਦਾ ਲਈ ਖਤਮ ਹੋ ਗਿਆ।

ਦੂਸਰਾ ਕੰਮ ਜੋ ਉਸ ਕੀਤਾ ਉਹ ਸੀ ਜਾਤ-ਪਾਤ ਦੀ ਊਚ-ਨੀਚ ਖਤਮ ਕਰ ਦਿੱਤੀ। ਜਿਹੜਾ ਵੀ ਨੀਵੀਂ ਜਾਤ ਦਾ ਵਿਅਕਤੀ ਉਸ ਪਾਸ ਆਉਂਦਾ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੰਦਾ ਤੇ ਫਿਰ ਉਸ ਨੂੰ ਉਸ ਦੇ ਇਲਾਕੇ ਜਾਂ ਉਸ ਦੇ ਪਿੰਡ ਦਾ ਹਾਕਮ ਥਾਪ ਦਿੰਦਾ। ਉੱਚੀਆਂ ਜਾਤੀਆਂ ਦੇ ਲੋਕ ਉਸ ਦਾ ਹੁਕਮ ਮੰਨਦੇ ਤੇ ਉਸ ਦੀ ਆਗਿਆ ਅਧੀਨ ਰਹਿਣਾ ਪ੍ਰਵਾਨ ਕਰਦੇ।


ਇਸ ਸਮੇਂ ਦੌਰਾਨ ਬੰਦਾ ਸਿੰਘ ਨੇ ਸਿੱਖੀ ਦਾ ਵੀ ਬਹੁਤ ਪ੍ਰਚਾਰ ਕੀਤਾ। ਜਿਹੜਾ ਵਿਅਕਤੀ ਵੀ ਉਸ ਦੇ ਸੰਪਰਕ ਵਿਚ ਆਉਂਦਾ ਉਹ ਉਸ ਦੀ ਸ਼ਖ਼ਸੀਅਤ ਤੋਂ ਏਨਾ ਪ੍ਰਭਾਵਤ ਹੁੰਦਾ ਕਿ ਸਿੰਘ ਸਜ ਜਾਂਦਾ।

ਇਕ ਵਾਰ ਸਰਹੰਦ ਦੇ ਇਲਾਕੇ ਦਾ ਇਕ ਸਰਕਾਰੀ ਕਰਮਚਾਰੀ ਦੀਨਦਾਰ ਖ਼ਾਨ ਬੰਦਾ ਸਿੰਘ ਬਹਾਦਰ ਨੂੰ ਮਿਲਣ ਵਾਸਤੇ ਆਇਆ। ਬੰਦਾ ਸਿੰਘ ਬਹਾਦਰ ਨੂੰ ਵੇਖਦਿਆਂ ਹੀ ਉਹ ਏਨਾ ਖ਼ੁਸ਼ ਹੋਇਆ ਕਿ ਉਹ ਕਹਿਣ ਲੱਗਾ, "ਗ਼ਰੀਬ ਨਿਵਾਜ! ਮੇਰੇ ਦਿਲ ਵਿਚ ਵੀ ਖਾਹਿਸ਼ ਪੈਦਾ ਹੋਈ ਹੈ ਕਿ ਮੈਂ ਵੀ ਆਪ ਜੀ ਦਾ ਸਿੰਘ ਬਣਾਂ! ਮੈਨੂੰ ਵੀ ਉਹ ਆਬਿਹਿਆਤ ਪਿਆਓ ਜਿਸ ਨਾਲ ਇਨਸਾਨ ਇਕ ਸੂਰਬੀਰ ਬਣ ਜਾਂਦਾ ਹੈ!" ਬਾਬਾ ਜੀ ਕਹਿਣ ਲੱਗੇ, "ਅਸੀਂ ਕਿਸੇ ਦੂਸਰੇ ਧਰਮ ਦੇ ਵਿਅਕਤੀ ਨੂੰ ਮਜ਼ਬੂਰ ਕਰ ਕੇ ਆਪਣੇ ਧਰਮ ਵਿਚ ਨਹੀਂ ਲਿਆਉਂਦੇ, ਪਰ ਜੇ ਕੋਈ ਆਪਣੀ ਮਰਜ਼ੀ ਨਾਲ ਸਿੰਘ ਬਣਨਾ ਚਾਹੇ ਤਾਂ ਅਸੀਂ ਉਸ ਦਾ ਭਰਪੂਰ ਸਵਾਗਤ ਕਰਦੇ ਹਾਂ।" ਦੀਨਦਾਰ ਖਾਨ ਨੇ ਜਦ ਦੁਬਾਰਾ ਬੇਨਤੀ ਕੀਤੀ ਤਾਂ ਬੰਦਾ ਸਿੰਘ ਬਹਾਦਰ ਨੇ ਪੰਜਾਂ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਇਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾਵੇ। ਇਸ ਤਰ੍ਹਾਂ ਦੀਨਦਾਰ ਖਾਂ ਸਿੰਘ ਸਜ ਕੇ ਦੀਨਦਾਰ ਸਿੰਘ ਬਣ ਗਿਆ। ਇਸ ਤਰ੍ਹਾਂ ਬੇਅੰਤ ਹਿੰਦੂ ਅਤੇ ਮੁਸਲਮਾਨ ਸਿੰਘ ਸਜ ਕੇ ਬਾਬਾ ਬੰਦਾ ਸਿੰਘ ਦੇ ਪੱਕੇ ਸਾਥੀ ਬਣ ਗਏ। ਜਿਹੜੇ ਵੀ ਇਕ ਵਾਰ ਸਿੰਘ ਸਜ ਗਏ ਉਨ੍ਹਾਂ ਫਿਰ ਦੁਬਾਰਾ ਪਿੱਛੇ ਮੁੜ ਕੇ ਨਹੀਂ ਵੇਖਿਆ ਸੀ ਅਤੇ ਉਨ੍ਹਾਂ ਫਿਰ ਮਰਦੇ ਦਮ ਤਕ ਸਿੱਖੀ ਕੇਸਾਂ ਸਵਾਸਾਂ ਨਾਲ ਨਿਬਾਹੀ।

ਬਾਬਾ ਬੰਦਾ ਸਿੰਘ ਆਪ ਇਕ ਸਿਦਕੀ ਅੰਮ੍ਰਿਤਧਾਰੀ ਸਿੱਖ ਸੀ। ਸਿੱਖ ਗੁਰੂ ਸਾਹਿਬਾਨ ਉੱਤੇ ਉਸ ਦਾ ਨਿਸ਼ਚਾ ਅਟਲ ਅਤੇ ਅਡੋਲ ਰਿਹਾ। ਆਪਣੇ ਰਾਜ ਦੇ ਦੌਰਾਨ ਜਿਹੜਾ ਉਨ੍ਹਾਂ ਸਿੱਕਾ ਚਲਾਇਆ ਸੀ ਉਸ ਸਿੱਕੇ ਉਪਰ ਉਨ੍ਹਾਂ ਗੁਰੂ ਨਾਨਕ- ਗੁਰੂ ਗੋਬਿੰਦ ਪਾਤਸ਼ਾਹ ਦਾ ਨਾਂ ਲਿਖਿਆ ਸੀ। ਉਹ ਗੁਰੂ ਸਾਹਿਬ ਨੂੰ ਹੀ

ਰਾਜ ਭਾਗ ਦੀਆਂ ਬਰਕਤਾਂ ਦਾ ਸੋਮਾ ਸਮਝਦਾ ਸੀ। ਜਦ ਵੀ ਉਸ ਨੂੰ ਕੋਈ ਜਿੱਤ ਪ੍ਰਾਪਤ ਹੁੰਦੀ ਸੀ ਤਾਂ ਉਹ ਉਸ ਜਿੱਤ ਨੂੰ ਗੁਰੂ ਸਾਹਿਬ ਦਾ ਅਸ਼ੀਰਵਾਦ ਹੀ ਸਮਝਦਾ ਸੀ ਅਤੇ ਪ੍ਰਭੂ ਦਾ ਲੱਖ-ਲੱਖ ਧੰਨਵਾਦ ਕਰਦਾ ਸੀ। ਉਸ ਦੀ ਨਿੱਜੀ ਜ਼ਿੰਦਗੀ ਬੜੀ ਪਵਿੱਤਰ ਅਤੇ ਪਾਕ ਸੀ। ਉਸ ਦੇ ਹੁਕਮਨਾਮਿਆਂ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਉਹ ਕੇਵਲ ਗੁਰੂ ਦੀ ਹੀ ਓਟ ਲੈਂਦਾ ਸੀ।

ਉਹ ਦੁਸ਼ਮਣ ਦੀਆਂ ਔਰਤਾਂ ਉੱਤੇ ਕਦੇ ਵਾਰ ਨਹੀਂ ਸੀ ਕਰਨ ਦਿੰਦਾ ਅਤੇ ਉਨ੍ਹਾਂ ਦੀ ਇੱਜ਼ਤ ਦਾ ਪੂਰਾ ਧਿਆਨ ਰਖਦਾ ਸੀ। ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਜਿਹੜਾ ਪਹਿਲਾ ਸਿੱਖ ਰਾਜ ਕਾਇਮ ਕੀਤਾ ਉਸ ਵਿਚ ਹਰ ਫਿਰਕੇ ਦੇ ਲੋਕ ਖੁਸ਼ ਸਨ। ਜਦ ਕੋਈ ਜਾਬਰ ਕਿਸੇ ਨੂੰ ਤੰਗ ਕਰਦਾ ਸੀ ਤਾਂ ਪਤਾ ਲੱਗਣ 'ਤੇ ਉਹ ਤੁਰੰਤ ਉਸ ਨੂੰ ਸੋਧਦਾ ਸੀ। ਇਸ ਤਰ੍ਹਾਂ ਕੋਈ ਜੁਰਅਤ ਹੀ ਨਹੀਂ ਸੀ ਕਰਦਾ ਕਿ ਕਿਸੇ ਨੂੰ ਤੰਗ ਕਰ ਸਕੇ। ਬਾਬਾ ਬੰਦਾ ਸਿੰਘ ਦਾ ਰਾਜ, ਸਿੱਖ ਰਾਜ ਵੱਲ ਪਹਿਲਾ ਕਦਮ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਨੀਂਹ ਅਸਲ ਵਿਚ ਉਸ ਸੂਰਬੀਰ ਨੇ ਹੀ ਰੱਖੀ ਸੀ।



ਗੁਰਦਾਸ ਨੰਗਲ ਦਾ ਘੇਰਾ

ਬਹਾਦਰ ਸ਼ਾਹ ਬਾਦਸ਼ਾਹ ਦੇ ਮਰਨ ਤੋਂ ਉਪਰੰਤ ਉਸ ਦਾ ਪੁੱਤਰ ਜਹਾਂਦਾਰ ਸ਼ਾਹ ਬਾਕੀ ਭਰਾਵਾਂ ਨੂੰ ਕਤਲ ਕਰ ਕੇ ਦਿੱਲੀ ਦਾ ਬਾਦਸ਼ਾਹ ਬਣ ਗਿਆ। ਪਰ ਦਸ ਮਹੀਨੇ ਬਾਅਦ ਹੀ ਅਜ਼ੀਮ ਉਲ-ਸ਼ਾਨ ਦਾ ਪੁੱਤਰ ਫਰੁਖਸੀਅਰ ਜਹਾਂਦਾਰ ਸ਼ਾਹ ਨੂੰ ਹਰਾ ਕੇ ਤਖ਼ਤ ਦਾ ਵਾਰਸ ਬਣ ਗਿਆ। ਉਹ ਬੜਾ ਜ਼ਾਲਮ ਅਤੇ ਨਿਰਦਈ ਸੀ।

ਜਦ ਉਹ ਦਿੱਲੀ ਦਾ ਬਾਦਸ਼ਾਹ ਬਣਿਆ ਤਾਂ ਉਸ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਬਹਾਦਰ ਸਾਰੇ ਪੰਜਾਬ ਉੱਤੇ ਕਬਜ਼ਾ ਕਰ ਬੈਠਾ ਸੀ। ਇਸ ਲਈ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਅਤੇ ਫੜਨ ਵਾਸਤੇ ਉਸ ਬਹੁਤ ਵੱਡੀ ਫ਼ੌਜ ਭੇਜੀ। ਉਸ ਨੇ ਗੁਜਰਾਤ ਦੇ ਸੂਬੇਦਾਰ ਮਿਰਜਾ ਅਹਿਮਦ ਖਾਂ, ਬਖਸ਼ੀ ਅਫਰਾਸਿਆਬ ਖਾਂ, ਮੁਜ਼ੱਫਰ ਖਾਂ, ਰਾਜਾ ਪ੍ਰਿਥੀ ਚੰਦ ਅਤੇ ਹੋਰ ਰਾਜਿਆਂ ਨੂੰ ਲਾਹੌਰ ਦੇ ਸੂਬੇਦਾਰ ਦੀ ਸਹਾਇਤਾ ਵਾਸਤੇ ਭੇਜਿਆ। ਸਾਰੇ ਰਾਜੇ ਅਤੇ ਫ਼ੌਜਦਾਰ ਆਪਣੀਆਂ ਫ਼ੌਜਾਂ ਲੈ ਕੇ ਲਾਹੌਰ ਪਹੁੰਚ ਗਏ। ਜਦ ਬੰਦਾ ਸਿੰਘ ਬਹਾਦਰ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਵੀ ਸਾਰੇ ਜਥੇਦਾਰਾਂ ਨੂੰ ਹੁਕਮਨਾਮੇ ਭੇਜੇ। ਪਿੰਡ ਕੋਟ ਮਿਰਜਾ ਵਿਚ ਉਸ ਇਕ ਕੱਚੀ ਗੜ੍ਹੀ ਬਣਾਉਣੀ ਸ਼ੁਰੂ ਕਰ ਦਿੱਤੀ। ਪਰ ਹਾਲੇ ਗੜ੍ਹੀ ਸੰਪੂਰਨ ਵੀ ਨਹੀਂ ਸੀ ਹੋਈ ਕਿ ਅਬਦੁੱਸਮਦ ਖਾਂ ਨੇ ਝਟਪਟ ਉਸ ਉੱਤੇ ਹਮਲਾ ਕਰ ਦਿੱਤਾ। ਪਰ ਬੰਦਾ ਸਿੰਘ ਦੀਆਂ ਫ਼ੌਜਾਂ ਨੂੰ ਤਿਆਰ ਕਰਨ ਵਿਚ ਕਿਹੜੀ ਦੇਰ ਲੱਗਣੀ ਸੀ? ਇਸ ਲਈ ਉਨ੍ਹਾਂ ਸ਼ਾਹੀ ਫ਼ੌਜਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਸਿੰਘਾਂ ਨੇ ਏਨਾ ਡੱਟ ਕੇ ਮੁਕਾਬਲਾ ਕੀਤਾ ਕਿ ਸ਼ਾਹੀ ਫ਼ੌਜਾਂ ਦੇ ਪੈਰ ਉਖੜ ਗਏ। ਪਰ ਏਡੀ ਵੱਡੀ ਫ਼ੌਜ ਦਾ ਮੁਕਾਬਲਾ ਕਰਨਾ ਕੋਈ ਆਸਾਨ ਗੱਲ ਨਹੀਂ ਸੀ।

ਇਸ ਲਈ ਬੰਦਾ ਸਿੰਘ ਪੈਂਤੜੇ ਬਦਲਦਾ ਹੋਇਆ ਪਿੱਛੇ ਹਟਦਾ ਗਿਆ। ਪਰ ਜਦ ਸ਼ਾਹੀ ਫ਼ੌਜਾਂ ਉਸ ਦਾ ਪਿੱਛਾ ਕਰਦੀਆਂ ਤਾਂ ਉਹ ਫਿਰ ਘੋੜਿਆਂ ਦੇ ਮੂੰਹ ਪਿੱਛੇ ਵੱਲ ਮੋੜ ਲੈਂਦੇ ਅਤੇ ਵੈਰੀਆਂ ਉੱਤੇ ਟੁੱਟ ਪੈਂਦੇ। ਇਸ ਤਰ੍ਹਾਂ ਅਵੇਸਲੇ ਹਮਲਾ ਕਰਨ ਨਾਲ ਸ਼ਾਹੀ ਫ਼ੌਜਾਂ ਦਾ ਬਹੁਤ ਨੁਕਸਾਨ ਹੁੰਦਾ ਤੇ ਦੁਬਾਰਾ ਉਹ ਪਿੱਛਾ ਕਰਨਾ ਹੀ ਛੱਡ ਦਿੰਦੇ। 'ਇਬਰਤ ਨਾਮੇ' ਦਾ ਲਿਖਾਰੀ ਮੁਹੰਮਦ ਕਾਸਿਮ ਜਿਹੜਾ ਉਸ ਸਮੇਂ ਉਥੇ ਮੌਜੂਦ ਸੀ, ਲਿਖਦਾ ਹੈ, "ਨਰਕੀ ਸਿੰਘਾਂ ਦੇ ਬਹਾਦਰੀ ਅਤੇ ਹੌਸਲੇ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ।" ਬੰਦਾ ਸਿੰਘ ਦੀਆਂ ਫ਼ੌਜਾਂ ਪਿਛਾਂਹ ਹਟਦੀਆਂ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਦਾਖਲ ਹੋ ਗਈਆਂ। ਇਹ ਬੜਾ ਮਜ਼ਬੂਤ ਕਿਲ੍ਹਾ ਸੀ। ਬੰਦਾ ਸਿੰਘ ਨੇ ਇਸ ਵਿਚ ਰਾਸ਼ਨ ਪਾਣੀ ਅਤੇ ਅਸਲਾ ਵੀ ਇਕੱਠਾ ਕੀਤਾ ਹੋਇਆ ਸੀ।

ਪਰ ਕੁਝ ਸਮੇਂ ਬਾਅਦ ਹੀ ਸ਼ਾਹੀ ਫ਼ੌਜਾਂ ਉਥੇ ਪੁੱਜ ਗਈਆਂ ਅਤੇ ਤੀਹ ਹਜ਼ਾਰ ਦੀ ਗਿਣਤੀ ਵਿਚ ਇਕੱਠੀ ਹੋਈ ਸ਼ਾਹੀ ਫ਼ੌਜ ਨੇ ਇਸ ਗੜ੍ਹੀ ਨੂੰ ਘੇਰ ਲਿਆ।

ਬੇਸ਼ਕ ਸ਼ਾਹੀ ਫ਼ੌਜਾਂ ਨੇ ਗੜ੍ਹੀ ਨੂੰ ਪੂਰੀ ਤਰ੍ਹਾਂ ਘੇਰ ਲਿਆ ਸੀ ਫਿਰ ਵੀ ਸਿੰਘ ਰਾਤ ਸਮੇਂ ਬਾਹਰ ਨਿਕਲਦੇ ਅਤੇ ਸ਼ਾਹੀ ਜ਼ਖੀਰੇ 'ਤੇ ਹਮਲਾ ਕਰਕੇ ਦਾਣਾ ਪਾਣੀ ਅਤੇ ਘਾਹ ਆਦਿ ਖੋਹ ਕੇ ਲੈ ਜਾਂਦੇ। ਪਰ ਹੌਲੀ ਹੌਲੀ ਇਹ ਘੇਰਾ ਏਨਾ ਸਖ਼ਤ ਕਰ ਦਿੱਤਾ ਗਿਆ ਕਿ ਘਾਹ ਅਤੇ ਦਾਣਾ ਪਾਣੀ ਅੰਦਰ ਲੈ ਜਾਣਾ ਬਹੁਤ ਮੁਸ਼ਕਲ ਹੋ ਗਿਆ। ਅਬਦੁੱਸਮਦ ਖਾਂ ਸਮਝਦਾ ਸੀ ਕਿ ਕਿਲ੍ਹਾ ਏਨਾ ਮਜ਼ਬੂਤ ਨਹੀਂ ਸੀ ਇਸ ਲਈ ਉਸ ਕਈ ਵਾਰ ਬੜੇ ਜ਼ੋਰ ਦੇ ਹਮਲੇ ਕੀਤੇ ਕਿ ਕਿਲ੍ਹੇ ਦੀਆਂ ਕੰਧਾਂ ਢਾਹ ਦਿੱਤੀਆਂ ਜਾਣ, ਪਰ ਸਿੰਘ ਏਨੀ ਦਲੇਰੀ ਅਤੇ ਬਹਾਦਰੀ ਨਾਲ ਜਵਾਬ ਦਿੰਦੇ ਕਿ ਅਬਦੁੱਸਮਦ ਖਾਂ ਹਜ਼ਾਰਾਂ ਫੌਜ਼ੀਆਂ ਨੂੰ ਮਰਵਾ ਕੇ ਪਿਛਾਂਹ

ਹਟ ਜਾਂਦਾ। 'ਇਬਰਤ ਨਾਮੇ' ਦਾ ਲਿਖਾਰੀ ਅੱਗੇ ਜਾ ਕੇ ਲਿਖਦਾ ਹੈ, "ਹਰ ਰੋਜ਼ ਦੋ ਜਾਂ ਤਿੰਨ ਵਾਰੀ ਕੋਈ ਚਾਲੀ ਜਾਂ ਪੰਜਾਹ ਸਿੱਖ ਆਪਣੇ ਡੰਗਰਾਂ ਦੇ ਘਾਹ ਪੱਠੇ ਲਈ ਗੜ੍ਹੀ ਵਿਚੋਂ ਬਾਹਰ ਨਿਕਲਦੇ ਅਤੇ ਜਦ ਬਾਦਸ਼ਾਹੀ ਲਸ਼ਕਰੀਆਂ ਦੀਆਂ ਫ਼ੌਜਾਂ ਉਨ੍ਹਾਂ ਨੂੰ ਰੋਕਣ ਜਾਂਦੀਆਂ ਤਾਂ ਉਹ ਆਪਣੇ ਤੀਰਾਂ, ਰਾਮਜੰਗਿਆਂ ਅਤੇ ਤਲਵਾਰਾਂ ਨਾਲ ਮੁਗ਼ਲਾਂ ਦਾ ਘਾਣ ਕਰ ਦਿੰਦੇ ਅਤੇ ਅਲੋਪ ਹੋ ਜਾਂਦੇ। ਸਿੰਘਾਂ ਦੇ ਆਗੂ ਦੀਆਂ ਜਾਦੂਗਰੀਆਂ ਦਾ ਏਨਾ ਭੈਅ ਬੈਠਾ ਹੋਇਆ ਸੀ ਕਿ ਸਾਡੀਆਂ ਫ਼ੌਜਾਂ ਦੇ ਕਮਾਂਡਰ ਰੱਬ ਅੱਗੇ ਅਰਜ਼ੋਈਆਂ ਕਰਦੇ ਸਨ ਕਿ ਐਸਾ ਭਾਣਾ ਵਰਤ ਜਾਵੇ ਕਿ ਬੰਦਾ ਸਿੰਘ ਗੜ੍ਹੀ ਵਿਚੋਂ ਨਿਕਲ ਕੇ ਭੱਜ ਜਾਵੇ।"

ਸਿੰਘਾਂ ਨੂੰ ਬਾਹਰ ਨਿਕਲਣ ਤੋਂ ਰੋਕਣ ਲਈ ਸ਼ਾਹੀ ਫ਼ੌਜ ਨੇ ਕਿਲ੍ਹੇ ਦੇ ਚਾਰ ਚੁਫੇਰੇ ਇਕ ਮਿੱਟੀ ਦੀ ਕੰਧ ਖੜ੍ਹੀ ਕਰ ਦਿੱਤੀ, ਪਰ ਫਿਰ ਵੀ ਸਿੰਘ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਸਾਰੀਆਂ ਰੋਕਾਂ ਨੂੰ ਤੋੜ ਦਿੰਦੇ ਅਤੇ ਲੁੱਟ-ਮਾਰ ਕਰ ਕੇ ਫਿਰ ਕਿਲ੍ਹੇ ਅੰਦਰ ਚਲੇ ਜਾਂਦੇ। ਬਾਬਾ ਬਿਨੋਦ ਸਿੰਘ ਦੀ ਬਹਾਦਰੀ ਬਾਰੇ ਕਈ ਕਹਾਣੀਆਂ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਉਹ ਰੋਜ਼ ਕਿਲ੍ਹੇ ਵਿਚੋਂ ਬਾਹਰ ਨਿਕਲਦੇ ਅਤੇ ਸ਼ਾਹੀ ਫ਼ੌਜ ਦੇ ਬਾਜ਼ਾਰ ਵਿਚੋਂ ਜੋ ਵੀ ਹੱਥ ਆਉਂਦਾ, ਲੁੱਟ ਕੇ ਲੈ ਜਾਂਦੇ। ਉਨ੍ਹਾਂ ਨੂੰ ਫੜਨ ਦੇ ਬਹੁਤ ਯਤਨ ਕੀਤੇ ਗਏ ਪਰ ਉਹ ਫੜੇ ਨਾ ਗਏ। ਸ਼ਾਹੀ ਫ਼ੌਜ ਬੰਦਾ ਸਿੰਘ ਬਹਾਦਰ ਦੀਆਂ ਕਰਾਮਾਤਾਂ ਤੋਂ ਬਹੁਤ ਡਰਦੀ ਸੀ। ਉਹ ਸਮਝਦੇ ਸਨ ਕਿ ਬੰਦਾ ਸਿੰਘ ਕਿਸੇ ਜਾਨਵਰ ਦਾ ਰੂਪ ਧਾਰ ਕੇ ਵੀ ਕਿਲ੍ਹੇ ਵਿਚੋਂ ਨਿਕਲ ਸਕਦੇ ਹਨ। ਇਸ ਲਈ ਜਦ ਕੋਈ ਕੁੱਤਾ ਬਿੱਲੀ ਵੀ ਕਿਲ੍ਹੇ ਵੱਲੋਂ ਬਾਹਰ ਨਿਕਲਦੇ ਤਾਂ ਸ਼ਾਹੀ ਫ਼ੌਜ ਉਸ 'ਤੇ ਟੁੱਟ ਕੇ ਪੈ ਜਾਂਦੀ ਅਤੇ ਉਸ ਨੂੰ ਮਾਰ ਮੁਕਾਉਂਦੀ।

ਗੁਰਦਾਸ ਨੰਗਲ ਦਾ ਇਹ ਘੇਰਾ ਕਈ ਮਹੀਨਿਆਂ ਤਕ ਜਾਰੀ ਰਿਹਾ ਪਰ ਸ਼ਾਹੀ ਫ਼ੌਜ ਇਸ ਨੂੰ ਸਰ ਨਾ ਕਰ ਸਕੀ।



ਬਾਬਾ ਬੰਦਾ ਸਿੰਘ ਬਹਾਦਰ ਦੀ ਗ੍ਰਿਫ਼ਤਾਰੀ

ਕਿਲ੍ਹਾ ਕੋਈ ਬਹੁਤ ਪੁਰਾਣਾ ਨਹੀਂ ਸੀ ਅਤੇ ਉਸ ਵਿਚ ਏਨਾ ਰਾਸ਼ਨ ਵੀ ਨਹੀਂ ਸੀ ਕਿ ਉਹ ਮਹੀਨਿਆਂ ਤਕ ਚਲ ਸਕਦਾ। ਪਹਿਲਾਂ ਤਾਂ ਸਿੱਖ ਰਾਤ ਨੂੰ ਛਾਪਾ ਮਾਰ ਕੇ ਰਾਸ਼ਨ ਅਤੇ ਘੋੜਿਆਂ ਵਾਸਤੇ ਘਾਹ ਲੈ ਜਾਂਦੇ ਸਨ, ਪਰ ਬਾਅਦ ਵਿਚ ਘੋੜੇ ਭੁੱਖੇ ਰਹਿਣ ਲੱਗੇ। ਸਮੇਂ ਦੀ ਨਜ਼ਾਕਤ ਨੂੰ ਵੇਖ ਕੇ ਬਾਬਾ ਬਿਨੋਦ ਸਿੰਘ ਨੇ ਬਾਬਾ ਬੰਦਾ ਸਿੰਘ ਨੂੰ ਇਹ ਸਲਾਹ ਦਿੱਤੀ ਕਿ ਭੁੱਖੇ ਮਰਨ ਨਾਲੋਂ ਸਾਨੂੰ ਵੈਰੀ ਦੀਆਂ ਸਫਾਂ ਨੂੰ ਚੀਰ ਕੇ ਨਿਕਲ ਜਾਣਾ ਚਾਹੀਦਾ ਹੈ। ਪਰ ਉਹੋ ਬਾਬਾ ਬੰਦਾ ਸਿੰਘ ਜਿਹੜਾ ਲੋਹਗੜ੍ਹ ਕਿਲ੍ਹੇ ਵਿਚੋਂ ਅਲੋਪ ਹੋ ਗਿਆ ਸੀ ਇਸ ਗੱਲ ਲਈ ਸਹਿਮਤ ਨਹੀਂ ਸੀ ਹੋ ਰਿਹਾ। ਉਹ ਕੁਝ ਹੋਰ ਸਮਾਂ ਉਡੀਕ ਕਰਨਾ ਚਾਹੁੰਦਾ ਸੀ। ਪਰ ਇਹ ਉਡੀਕ ਦਿਨੋਂ ਦਿਨ ਮਹਿੰਗੀ ਪੈ ਰਹੀ ਸੀ। ਸਿੰਘ ਘਾਹ ਫੂਸ ਖਾ ਕੇ ਬਿਮਾਰ ਹੋ ਹੋ ਮਰ ਰਹੇ ਸਨ। ਬਾਬਾ ਬਿਨੋਦ ਸਿੰਘ ਪਾਸੋਂ ਅਜਿਹੀਆਂ ਅਨਿਆਈ ਮੌਤਾਂ ਬਰਦਾਸ਼ਤ ਨਹੀਂ ਸੀ ਹੋ ਰਹੀਆਂ। ਇਸ ਲਈ ਉਸ ਇਕ ਵਾਰ ਫਿਰ ਬਾਬਾ ਬੰਦਾ ਸਿੰਘ ਬਹਾਦਰ ਪਾਸ ਬੇਨਤੀ ਕੀਤੀ ਕਿ ਹਾਲੇ ਵੀ ਸਾਡੇ ਵਿਚ ਕੁਝ ਬਲ ਹੈ, ਇਸ ਗੜ੍ਹੀ ਵਿਚ ਹੀ ਭੁੱਖੇ ਮਰ ਜਾਣ ਦਾ ਕੀ ਲਾਭ ਹੋਵੇਗਾ? ਪਰ ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਹਾਮੀ ਨਾ ਭਰੀ ਤਾਂ ਤਕਰਾਰ ਸ਼ੁਰੂ ਹੋ ਗਿਆ। ਮਤ-ਭੇਦ ਵਧ ਗਿਆ। ਅੰਤ ਵਿਚ ਦੋਵੇਂ ਇਕ ਦੂਸਰੇ ਨਾਲ ਲੜਨ ਲਈ ਤਿਆਰ ਹੋ ਗਏ, ਪਰ ਦੂਸਰੇ ਸਿੰਘਾਂ ਨੇ ਵਿਚ ਪੈ ਕੇ ਸੁਲਾਹ ਕਰਵਾ ਦਿੱਤੀ। ਅੰਤ ਫੈਸਲਾ ਇਹ ਹੋਇਆ ਕਿ ਜਿਹੜੇ ਸਿੰਘ ਨਿਕਲ ਜਾਣਾ ਚਾਹੁੰਦੇ ਹਨ, ਕਿਲ੍ਹਾ ਛੱਡ ਜਾਣ ਅਤੇ ਜਿਹੜੇ ਬਾਬਾ ਬੰਦਾ ਸਿੰਘ ਨਾਲ ਰਹਿਣਾ ਚਾਹੁੰਦੇ ਹਨ ਉਹ ਕਿਲ੍ਹੇ ਵਿਚ ਹੀ ਰਹਿਣ। ਬਾਬਾ ਬਿਨੋਦ ਸਿੰਘ ਨੇ ਇਹ ਫੈਸਲਾ ਮਨਜ਼ੂਰ ਕਰ ਲਿਆ ਤੇ ਉਸ ਸਿੰਘਾਂ ਨੂੰ ਕਿਹਾ ਕਿ ਸ਼ਹਾਦਤ ਜਾਮ ਪੀਣਾ ਬਹੁਤ ਚੰਗਾ ਹੈ। ਇਸ ਲਈ ਜਿਹੜੇ ਸਿੰਘ ਸ਼ਹੀਦੀ ਜਾਮ ਪੀ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਬਿਰਾਜਣਾ ਚਾਹੁੰਦੇ ਹਨ ਉਹ ਮੇਰੇ ਨਾਲ ਆ ਜਾਣ।" ਪਰ ਬਹੁਗਿਣਤੀ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੀ। ਗੁਰੂ ਗੋਬਿੰਦ ਸਿੰਘ ਉਨ੍ਹਾਂ ਨੂੰ ਬਾਬਾ ਜੀ ਦੇ ਲੜ ਲਾ ਗਏ ਸਨ। ਇਸ ਲਈ ਉਨ੍ਹਾਂ ਦਾ ਜੀਉਣਾ ਮਰਨਾ ਹੁਣ ਬਾਬਾ ਜੀ ਦੇ ਨਾਲ ਹੀ ਸੀ। ਉਹ ਪ੍ਰਭੂ ਦੇ ਭਾਣੇ ਵਿਚ ਹੀ ਰਹਿਣਾ ਚਾਹੁੰਦੇ ਸਨ। ਇਸ ਲਈ ਬਹੁਤ ਥੋੜ੍ਹੇ ਸਿੱਖ ਬਾਬਾ ਬਿਨੋਦ ਸਿੰਘ ਨਾਲ ਜਾਣ ਲਈ ਤਿਆਰ ਹੋਏ। ਬਾਬਾ ਬਿਨੋਦ ਸਿੰਘ ਪਹਿਲਾਂ ਵੀ ਕਿਲ੍ਹੇ ਵਿਚੋਂ ਨਿਕਲ ਕੇ ਲੁੱਟ ਮਾਰ ਕਰਕੇ ਵਾਪਸ ਕਿਲ੍ਹੇ ਵਿਚ ਆ ਜਾਇਆ ਕਰਦਾ ਸੀ। ਇਸ ਲਈ ਉਸ ਨੂੰ ਪਤਾ ਸੀ ਕਿ ਕਿਹੜਾ ਆਸਾਨ ਰਾਹ ਸੀ ਜਿਸ ਰਾਹੀਂ ਉਹ ਆਸਾਨੀ ਨਾਲ ਨਿਕਲ ਸਕਦਾ ਸੀ। ਦੂਸਰਾ, ਸ਼ਾਹੀ ਫ਼ੌਜ ਨੂੰ ਇਹ ਚਿਤ ਚੇਤਾ ਵੀ ਨਹੀਂ ਸੀ ਕਿ ਸਿੱਖ ਕਿਲ੍ਹੇ ਵਿਚੋਂ ਬਾਹਰ ਆ ਸਕਣਗੇ। ਇਸ ਲਈ ਰਾਤ ਦੇ ਤਿੰਨ ਵਜੇ ਦੇ ਕਰੀਬ ਬਾਬਾ ਬਿਨੋਦ ਸਿੰਘ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਕਿਲ੍ਹੇ ਵਿਚੋਂ ਬਾਹਰ ਨਿਕਲਿਆ ਤੇ ਸਫਾਂ ਚੀਰਦਾ ਪਾਰ ਹੋ ਗਿਆ। ਮੁਸਲਮਾਨੀ ਸੈਨਾ ਨੇ ਉਸ ਦਾ ਪਿੱਛਾ ਵੀ ਨਾ ਕੀਤਾ। ਉਹ ਸਮਝਦੇ ਸਨ ਕਿ ਉਹ ਜ਼ਰੂਰ ਵਾਪਸ ਕਿਲ੍ਹੇ ਵਿਚ ਆਏਗਾ। ਇਸ ਲਈ ਘੇਰੇ ਵਾਲੀ ਫ਼ੌਜ ਨੂੰ ਹੋਰ ਚੌਕਸ ਕਰ ਦਿੱਤਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਨਾ ਪਤਾ ਲੱਗ ਸਕਿਆ ਕਿ ਬਾਬਾ ਬਿਨੋਦ ਸਿੰਘ ਅਤੇ ਉਸ ਦੇ ਸਾਥੀ ਬਚ ਕੇ ਨਿਕਲ ਗਏ ਹਨ, ਪਰ ਰਾਤ ਕਿਸੇ ਪ੍ਰਕਾਰ ਦੇ ਰੌਲੇ ਗੌਲੇ ਦੀ ਆਵਾਜ਼ ਨਾ ਆਉਣ 'ਤੇ ਉਹ ਸਮਝ ਗਏ ਕਿ ਸਿੰਘ ਹਿਰਨ ਹੋ ਗਏ ਸਨ।

ਜਦ ਇਕ ਮਹੀਨਾ ਹੋਰ ਘੇਰਾ ਚਲਦਾ ਰਿਹਾ ਤਾਂ ਸਿੰਘ ਭੁੱਖ ਨਾਲ ਮਰਨ ਲੱਗੇ। ਘੋੜੇ ਆਦਿ ਵੀ ਮਰ

ਗਏ। ਬਾਬਾ ਜੀ ਦਾ ਅਨੁਮਾਨ ਸੀ ਕਿ ਏਡੀ ਵੱਡੀ ਫ਼ੌਜ ਨੂੰ ਏਨੇ ਲੰਮੇ ਸਮੇਂ ਤਕ ਰਾਸ਼ਨ ਦੇਣਾ ਕੋਈ ਸੌਖੀ ਗੱਲ ਨਹੀਂ ਸੀ। ਪਰ ਬਾਦਸ਼ਾਹ ਪਾਸ ਤਾਂ ਸਾਰਾ ਦੇਸ਼ ਸੀ! ਇਸ ਲਈ ਉਸ ਆਪਣਾ ਸਾਰਾ ਤਾਣ ਲਾ ਦਿੱਤਾ। ਲੋਕ ਭਾਵੇਂ ਭੁੱਖੇ ਮਰ ਗਏ, ਫ਼ੌਜ ਨੂੰ ਰਾਸ਼ਨ ਪਹੁੰਚਦਾ ਰਿਹਾ।

ਪਰ ਕਿਲ੍ਹੇ ਅੰਦਰ ਤਾਂ ਇਕ ਤੀਲਾ ਵੀ ਖਾਣ ਨੂੰ ਨਹੀਂ ਬਚਿਆ ਸੀ! ਕਿਲ੍ਹੇ ਵਿਚ ਮਰੇ ਪਸ਼ੂਆਂ ਅਤੇ ਮਨੁੱਖਾਂ ਦੀ ਸੜ੍ਹੇਹਾਂਦ ਨੇ ਸਾਰੇ ਵਾਤਾਵਰਨ ਨੂੰ ਅਸਹਿ ਬਣਾ ਦਿੱਤਾ ਸੀ। ਹੁਣ ਉਹ ਸਮਾਂ ਆ ਗਿਆ ਸੀ ਕਿ ਅਧਮੋਇਆਂ ਬੰਦਿਆਂ ਪਾਸੋਂ ਕਿਲ੍ਹੇ ਦੀ ਰਖਵਾਲੀ ਕਰਨੀ ਜਾਂ ਲੜਾਈ ਕਰਨੀ ਅਸੰਭਵ ਹੋ ਗਈ ਸੀ। ਅਬੁੱਦਸਮਦ ਖਾਂ ਇਸ ਗੱਲ ਨੂੰ ਤਾੜ ਗਿਆ ਸੀ। ਇਸ ਲਈ ਉਸ ਬੰਦਾ ਸਿੰਘ ਵੱਲ ਸੁਨੇਹਾ ਭੇਜਿਆ ਕਿ ਉਹ ਕੁਰਾਨ ਦੀ ਕਸਮ ਦਿੰਦਾ ਹੈ ਕਿ ਉਨ੍ਹਾਂ ਨੂੰ ਬਾਦਸ਼ਾਹ ਦੇ ਪੇਸ਼ ਕਰ ਕੇ ਮੁਆਫੀ ਦੈ ਦਿੱਤੀ ਜਾਵੇਗੀ। ਇਸ ਲਈ ਉਹ ਆਪਣੇ ਆਪ ਨੂੰ ਸ਼ਾਹੀ ਫ਼ੌਜਾਂ ਦੇ ਹਵਾਲੇ ਕਰ ਦੇਵੇ। ਆਪਣੇ ਸਾਥੀਆਂ ਨਾਲ ਗੁਰਮਤਾ ਕਰ ਕੇ ਬਾਬਾ ਜੀ ਨੇ ਦਰਵਾਜ਼ਾ ਖੁਲਵਾ ਦਿੱਤਾ। ਪਰ ਸ਼ਾਹੀ ਫ਼ੌਜ ਦਾ ਕੋਈ ਵੀ ਜਰਨੈਲ ਇਹ ਹੌਸਲਾ ਨਾ ਕਰ ਸਕਿਆ ਕਿ ਅੰਦਰ ਦਾਖਲ ਹੋ ਸਕੇ। ਉਹ ਡਰਦੇ ਸਨ ਕਿ ਇਹ ਵੀ ਬੰਦਾ ਸਿੰਘ ਦੀ ਕੋਈ ਚਾਲ ਹੋਵੇਗੀ। ਪਰ ਜਦ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਸਮੇਤ ਬਾਹਰ ਆਇਆ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਫਿਰ ਫ਼ੌਜ ਕਿਲ੍ਹੇ ਅੰਦਰ ਦਾਖਲ ਹੋ ਗਈ।



ਸਿੰਘਾਂ ਦੀਆਂ ਸ਼ਹੀਦੀਆਂ


ਸ਼ਾਹੀ ਫ਼ੌਜਾਂ ਭੁੱਖੇ ਸ਼ੇਰ ਵਾਂਗ ਕਿਲ੍ਹੇ 'ਤੇ ਟੁੱਟ ਪਈਆਂ। ਪਰ ਅੰਦਰ ਬਿਮਾਰ ਸਿੰਘਾਂ ਅਤੇ ਲਾਸ਼ਾਂ ਤੋਂ ਬਗੈਰ ਹੋਰ ਕੁਝ ਨਹੀਂ ਸੀ। ਉਨ੍ਹਾਂ ਪਾਸੋਂ ਹੋਰ ਤਾਂ ਕੁਝ ਨਾ ਹੋ ਸਕਿਆ ਉਨ੍ਹਾਂ ਬਿਮਾਰ ਸਿੰਘਾਂ ਅਤੇ ਲਾਸ਼ਾਂ ਦੇ ਸਿਰ ਕੱਟ ਲਏ ਅਤੇ ਘਾਹ ਭੂਸ ਭਰ ਕੇ ਨੇਜਿਆਂ ਉਤੇ ਟੰਗ ਲਏ ਤਾਂਕਿ ਉਨ੍ਹਾਂ ਦੀ ਬਹਾਦਰੀ ਦਾ ਸਬੂਤ ਹਰ ਕੋਈ ਵੇਖ ਸਕੇ। ਜਦ ਉਹ ਜੀਉਂਦੇ ਸਨ ਉਨ੍ਹਾਂ ਦੇ ਸਾਹਮਣੇ ਹੋਣ ਨੂੰ ਕੌਣ ਤਿਆਰ ਸੀ? ਉਨ੍ਹਾਂ ਨੂੰ ਸ਼ਾਹੀ ਫ਼ੌਜ ਨੇ ਨਹੀਂ ਸੀ ਮਾਰਿਆ ਬਲਕਿ ਭੁੱਖ ਨੇ ਮਾਰਿਆ ਸੀ। ਜੇ ਉਹ ਭੁੱਖ ਨਾਲ ਮਰੇ ਨਾ ਹੁੰਦੇ ਤਾਂ ਸ਼ਾਇਦ ਕਿੰਨੀ ਫ਼ੌਜ ਦੇ ਆਹੂ ਲਾਹ ਕੇ ਸ਼ਹੀਦੀਆਂ ਪ੍ਰਾਪਤ ਕਰਦੇ! ਮੁਹੰਮਦ ਹਾਦੀ ਕਾਮਵਾਰ ਠੀਕ ਲਿਖਦਾ ਹੈ ਕਿ, "ਇਹ ਕਿਸੇ ਦੀ ਬਹਾਦਰੀ ਦਾ ਨਤੀਜਾ ਨਹੀਂ ਸੀ। ਬਲਕਿ ਰੱਬ ਦੀ ਮਿਹਰ ਹੋਈ ਤੇ ਇਸ ਤਰ੍ਹਾਂ ਹੋ ਗਿਆ, ਨਹੀਂ ਤਾਂ ਹਰ ਕਿਸੇ ਨੂੰ ਪਤਾ ਹੈ ਕਿ ਬਹਾਦਰ ਸ਼ਾਹ ਬਾਦਸ਼ਾਹ ਆਪਣੇ ਚਾਰੇ ਪੁੱਤਰਾਂ ਅਤੇ ਅਣਗਿਣਤ ਫ਼ੌਜਦਾਰਾਂ ਸਮੇਤ ਇਸ ਬਗਾਵਤ ਨੂੰ ਮਿਟਾਉਣ ਦੇ ਯਤਨ ਕੀਤੇ ਸਨ ਪਰ ਉਹ ਸਭ ਫੇਲ੍ਹ ਹੋ ਗਏ ਸਨ ਪਰ ਹੁਣ ਉਹ ਕਾਫਰ ਸਿੱਖ ਅਤੇ ਉਸ ਦੇ ਸਾਥੀ 'ਭੁੱਖ' ਨੇ ਜ਼ੇਰ ਹੋਣ ਲਈ ਮਜ਼ਬੂਰ ਕਰ ਦਿੱਤੇ ਸਨ।" ਇਸ ਲਈ ਇਹ ਸ਼ਾਹੀ ਫ਼ੌਜ ਦੀ ਜਿੱਤ ਨਹੀਂ ਸੀ, ਬਲਕਿ 'ਭੁੱਖ' ਦੀ ਜਿੱਤ ਸੀ। ਜੇ ਬਾਬਾ ਬਿਨੋਦ ਸਿੰਘ ਵਾਂਗ ਬਾਬਾ ਬੰਦਾ ਸਿੰਘ ਵੀ ਸਮੇਂ ਸਿਰ ਨਿਕਲ ਜਾਂਦਾ ਤਾਂ ਵੀ ਇਤਿਹਾਸ ਕੁਝ ਹੋਰ ਹੁੰਦਾ! ਸਿੱਖਾਂ ਨੂੰ ਖਾਲਸੇ ਰਾਜ ਲਈ ਚਾਲੀ ਸਾਲ ਹੋਰ ਉਡੀਕ ਨਾ ਕਰਨੀ ਪੈਂਦੀ!

ਬਾਬਾ ਬੰਦਾ ਸਿੰਘ ਬਹਾਦਰ, ਉਸ ਦੇ ਤਿੰਨ ਸਾਲ ਦੇ ਪੁੱਤਰ ਅਜੈ ਸਿੰਘ ਅਤੇ 740 ਹੋਰ ਸਿੰਘਾਂ ਨੂੰ ਕੈਦ ਕਰ ਲਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਬੇੜੀਆਂ ਪਾ ਕੇ ਇਕ ਹਾਥੀ ਉੱਤੇ ਸਵਾਰ ਕੀਤਾ ਗਿਆ। ਉਸ ਦੇ ਨਾਲ ਹੀ ਇਕ ਫ਼ੌਜਦਾਰ ਨੂੰ ਵੀ ਬੰਨ੍ਹ ਦਿੱਤਾ ਤਾਂ ਕਿ ਬੰਦਾ ਸਿੰਘ ਰਸਤੇ ਵਿਚ ਭੱਜਣ ਵਿਚ ਸਫਲ ਨਾ ਹੋ ਸਕੇ। ਬਾਕੀ ਸਿੰਘਾਂ ਨੂੰ ਊਠਾਂ ਉੱਤੇ ਚੜ੍ਹਾ ਲਿਆ ਗਿਆ। ਇਹ ਕਾਫਲਾ ਪਹਿਲਾਂ ਲਾਹੌਰ ਲੈ ਜਾਇਆ ਗਿਆ। ਅਬਦੁੱਸਮਦ ਖਾਂ ਇਨ੍ਹਾਂ ਕੈਦੀਆਂ ਨੂੰ ਆਪ ਲੈ ਕੇ ਦਿੱਲੀ ਜਾਣਾ ਚਾਹੁੰਦਾ ਸੀ, ਪਰ ਬਾਦਸ਼ਾਹ ਫਰੁਖਸੀਅਰ ਨੇ ਹੁਕਮ ਦਿੱਤਾ ਕਿ ਉਹ ਆਪਣੇ ਪੁੱਤਰ ਜ਼ਕਰੀਆ ਖਾਂ ਨੂੰ ਭੇਜ ਦੇਵੇ। ਜਿਹੜੇ ਸਿੱਖਾਂ ਦੇ ਸਿਰ ਵੱਢ ਕੇ ਲਿਆਂਦੇ ਸਨ ਉਹ ਥੋੜ੍ਹੇ ਜਾਪੇ, ਇਸ ਲਈ ਅਬਦੁੱਸਮਦ ਖਾਂ ਨੇ ਹੁਕਮ ਦਿੱਤਾ ਕਿ ਇਲਾਕੇ ਵਿਚ ਜਿਹੜਾ ਵੀ ਸਿੱਖ ਨਜ਼ਰ ਆਉਂਦਾ ਹੈ, ਉਸ ਦਾ ਸਿਰ ਵੱਢ ਲਿਆਂਦਾ ਜਾਵੇ। ਇਸ ਤਰ੍ਹਾਂ ਸੱਤ ਸੌ ਗੱਡਾ ਸਿੱਖਾਂ ਦੇ ਸਿਰਾਂ ਦਾ ਹੀ ਭਰ ਕੇ ਤੋਰ ਦਿੱਤਾ। ਬਾਕੀ ਸਿੰਘਾਂ ਨੂੰ ਬੇੜੀਆਂ ਅਤੇ ਸੰਗਲਾਂ ਨਾਲ ਬੰਨ੍ਹ ਕੇ ਗੱਡਿਆਂ ਉੱਤੇ ਲੱਦਿਆ ਹੋਇਆ ਸੀ।

27 ਫਰਵਰੀ ਸੰਨ 1716 ਨੂੰ ਜਦ ਇਹ ਕਾਫਲਾ ਔਰੰਗਾਬਾਦ ਪੁੱਜਿਆ ਤਾਂ ਇਨ੍ਹਾਂ ਨੂੰ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਆਂਦਾ ਗਿਆ। ਸਭ ਤੋਂ ਅੱਗੇ ਦੋ ਹਜ਼ਾਰ ਸਿੰਘਾਂ ਦੇ ਸਿਰ ਬਾਂਸਾਂ ਉੱਤੇ ਟੰਗੇ ਹੋਏ ਸਨ। ਸਿੰਘਾਂ ਦੇ ਸਿਰਾਂ ਦੇ ਨਾਲ ਹੀ ਬਾਂਸਾਂ ਉਤੇ ਇਕ ਮੋਈ ਹੋਈ ਬਿੱਲੀ ਵੀ ਟੰਗੀ ਹੋਈ ਸੀ ਜਿਸ ਦਾ ਭਾਵ ਸੀ ਕਿ ਮੁਗ਼ਲ ਯੋਧਿਆਂ ਨੇ ਗੁਰਦਾਸ ਨੰਗਲ ਵਿਚ ਬਿੱਲੀ ਕੁੱਤੇ ਤਕ ਵੀ ਜੀਉਂਦਾ ਨਹੀਂ ਸੀ ਛੱਡਿਆ। ਇਸ ਦੇ ਪਿੱਛੇ ਲੋਹੇ ਦੇ ਪਿੰਜਰੇ ਵਿਚ ਬੰਦ ਬਾਬਾ ਬੰਦਾ ਸਿੰਘ ਨੂੰ ਇਕ ਹਾਥੀ ਉੱਤੇ ਬਿਠਾਇਆ ਹੋਇਆ ਸੀ। ਉਸ ਨੂੰ ਗੂੜ੍ਹੇ ਲਾਲ ਰੰਗ ਦੀ ਪੁਸ਼ਾਕ ਪਵਾਈ ਹੋਈ ਸੀ। ਇਸ ਤੋਂ ਪਿੱਛੇ ਬੇੜੀਆਂ ਵਿਚ ਜਕੜੇ 740 ਸਿੰਘ ਦੋ-ਦੋ ਕਰ ਕੇ ਊਠਾਂ ਉੱਤੇ ਸਵਾਰ ਸਨ। ਜਲੂਸ ਦੇ ਪਿੱਛੇ ਅਮੀਰ ਵਜ਼ੀਰ ਘੋੜਿਆਂ ਉੱਤੇ ਚੜ੍ਹੇ ਜਾ ਰਹੇ ਸਨ। ਇਬਰਤ ਨਾਮੇ ਦਾ ਲੇਖਕ ਮੁਹੰਮਦ ਹਾਰਿਸੀ ਵੀ ਇਹ ਤਮਾਸ਼ਾ ਵੇਖਣ ਗਿਆ

ਸੀ। ਉਹ ਲਿਖਦਾ ਹੈ ਕਿ "ਸਿੱਖਾਂ ਦੇ ਚਿਹਰਿਆਂ 'ਤੇ ਉਦਾਸੀ ਦਾ ਮਾਮੂਲੀ ਵੀ ਨਿਸ਼ਾਨ ਨਹੀਂ ਸੀ ਬਲਕਿ ਉਹ ਊਠਾਂ 'ਤੇ ਬੈਠੇ ਸ਼ਬਦ ਪੜ੍ਹ ਰਹੇ ਸਨ। ਬਾਜ਼ਾਰ ਵਿਚ ਜੇ ਉਨ੍ਹਾਂ ਨੂੰ ਕੋਈ ਕਹਿੰਦਾ ਕਿ ਤੁਹਾਨੂੰ ਕਤਲ ਕਰ ਦਿੱਤਾ ਜਾਵੇਗਾ ਤਾਂ ਉਹ ਕਹਿੰਦੇ, "ਕਤਲ ਕਰ ਦਿਉ, ਅਸੀਂ ਕਤਲ ਹੋਣ ਤੋਂ ਨਹੀਂ ਡਰਦੇ! ਸਾਨੂੰ ਤਾਂ ਕੇਵਲ ਭੁੱਖ ਅਤੇ ਅਨਾਜ ਦੀ ਘਾਟ ਨੇ ਤੁਹਾਡੇ ਹੱਥ ਫਸਾ ਦਿੱਤਾ ਹੈ, ਨਹੀਂ ਤਾਂ ਸਾਡੀ ਬਹਾਦਰੀ ਬਾਰੇ ਤਾਂ ਤੁਸੀਂ ਭਲੀਭਾਂਤ ਜਾਣੂ ਹੋ।"

ਜਦ ਜਲੂਸ ਬਾਦਸ਼ਾਹ ਦੇ ਕਿਲ੍ਹੇ ਪਾਸ ਪੁੱਜਿਆ ਤਾਂ ਬਾਦਸ਼ਾਹ ਫਰੁਖਸੀਅਰ ਨੇ ਬਾਬਾ ਬੰਦਾ ਸਿੰਘ ਤੇ ਉਸ ਦੇ ਹੋਰ ਚੋਟੀ ਦੇ ਲੀਡਰਾਂ ਨੂੰ ਤ੍ਰਿਪੋਲੀਏ ਵਿਖੇ ਕੈਦ ਕਰਨ ਦਾ ਹੁਕਮ ਦਿੱਤਾ। ਬਾਕੀ 694 ਸਿੰਘਾਂ ਨੂੰ ਕਤਲ ਕਰਨ ਵਾਸਤੇ ਕੋਤਵਾਲ ਦੇ ਹਵਾਲੇ ਕਰ ਦਿੱਤਾ। ਉਹ ਸਾਰੇ ਇਕ ਦੂਸਰੇ ਤੋਂ ਪਹਿਲਾਂ ਕੁਰਬਾਨ ਹੋਣ ਨੂੰ ਤਿਆਰ ਸਨ। ਸਿੰਘਾਂ ਦੀ ਬਹਾਦਰੀ ਬਾਰੇ ਖਾਫੀ ਖਾਂ ਇਕ ਕਹਾਣੀ ਲਿਖਦਾ ਹੈ ਜਿਹੜੀ ਕਿ ਉਸ ਆਪਣੀਆਂ ਅੱਖਾਂ ਨਾਲ ਵੇਖੀ ਸੀ। ਉਹ ਲਿਖਦਾ ਹੈ, "ਇਨ੍ਹਾਂ ਸਿੰਘਾਂ ਵਿਚ ਇਕ ਲੜਕਾ ਵੀ ਸੀ। ਉਸ ਦੀ ਮਾਂ ਵਿਧਵਾ ਸੀ ਅਤੇ ਉਹ ਉਸ ਦਾ ਇਕਲੌਤਾ ਪੁੱਤਰ ਸੀ। ਥੋੜ੍ਹਾ ਸਮਾਂ ਪਹਿਲਾਂ ਹੀ ਇਸ ਲੜਕੇ ਦਾ ਵਿਆਹ ਹੋਇਆ ਸੀ। ਜਦ ਉਸ ਦੀ ਮਾਂ ਨੂੰ ਪਤਾ ਲੱਗਾ ਕਿ ਉਸ ਦਾ ਪੁੱਤਰ ਵੀ ਕਤਲ ਕੀਤਾ ਜਾ ਰਿਹਾ ਹੈ ਤਾਂ ਉਹ ਦੀਵਾਨ ਰਤਨ ਚੰਦ ਦੀ ਸਹਾਇਤਾ ਨਾਲ ਫਰੁਖਸੀਅਰ ਬਾਦਸ਼ਾਹ ਪਾਸੋਂ ਆਪਣੇ ਲੜਕੇ ਦੀ ਰਿਹਾਈ ਮਨਜ਼ੂਰ ਕਰਵਾ ਲਿਆਈ। ਪਰ ਉਸ ਲੜਕੇ ਨੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਕਹਿਣ ਲੱਗਾ, "ਇਹ ਮੇਰੀ ਮਾਂ ਨਹੀਂ ਹੈ। ਇਹ ਝੂਠ ਬੋਲਦੀ ਹੈ। ਮੈਂ ਆਪਣੇ ਸਾਥੀਆਂ ਨਾਲ ਆਪਣੇ ਗੁਰੂ ਦੇ ਚਰਨਾਂ ਵਿਚ ਜਾਣਾ ਚਾਹੁੰਦਾ ਹਾਂ, ਇਸ ਲਈ ਮੈਨੂੰ ਛੇਤੀ ਤੋਂ ਛੇਤੀ ਮੇਰੇ ਭਰਾਵਾਂ ਪਾਸ ਭੇਜਿਆ ਜਾਏ!" ਮਾਂ ਦੀਆਂ ਚੀਕਾਂ ਵੀ ਉਸ ਲੜਕੇ ਨੂੰ ਰੋਕ ਨਾ ਸਕੀਆਂ ਅਤੇ ਉਹ ਸ਼ਹੀਦੀ ਜਾਮ ਪੀ ਗਿਆ।



ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ

ਜਦ ਸਾਰੇ ਸਿੰਘ ਸ਼ਹੀਦ ਕਰ ਦਿੱਤੇ ਗਏ ਤਾਂ ਫਿਰ ਬੰਦਾ ਸਿੰਘ, ਉਸ ਦੇ ਪੁੱਤਰ ਅਜੈ ਸਿੰਘ, ਬਾਬਾ ਬਾਜ ਸਿੰਘ, ਬਾਬਾ ਫਤਹਿ ਸਿੰਘ, ਭਾਈ ਆਲੀ ਸਿੰਘ ਅਤੇ ਬਖਸ਼ੀ ਗੁਲਾਬ ਸਿੰਘ ਆਦਿ ਨੂੰ ਕਤਲ ਕਰਨ ਵਾਸਤੇ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ। ਉਨ੍ਹਾਂ ਨੂੰ ਇਕ ਜਲੂਸ ਦੇ ਰੂਪ ਵਿਚ ਕਿਲ੍ਹੇ ਵਿੱਚੋਂ ਕੱਢਿਆ ਗਿਆ। ਬੰਦਾ ਸਿੰਘ ਨੂੰ ਲਾਲ ਪੁਸ਼ਾਕ ਅਤੇ ਲਾਲ ਤਿੱਲੇਦਾਰ ਪਗੜੀ ਬੰਨ੍ਹਵਾਈ ਹੋਈ ਸੀ। ਬੇੜੀਆਂ ਨਾਲ ਜਕੜੇ ਹੋਏ ਬਾਬਾ ਬੰਦਾ ਸਿੰਘ ਨੂੰ ਹਾਥੀ ਉੱਤੇ ਬੈਠਾਇਆ ਹੋਇਆ ਸੀ। ਬਾਕੀ ਦੇ 26 ਸਿੰਘ ਬੇੜੀਆਂ ਨਾਲ ਜਕੜੇ ਹੋਏ ਬਾਬਾ ਬੰਦਾ ਸਿੰਘ ਦਾ ਪਿੱਛਾ ਕਰ ਰਹੇ ਸਨ। ਸ਼ਹਿਰ ਦੀਆਂ ਗਲੀਆਂ ਵਿੱਚੋਂ ਦੀ ਹੁੰਦੇ ਹੋਏ ਇਨ੍ਹਾਂ ਨੂੰ ਕੁਤਬਮੀਨਾਰ ਦੇ ਨੇੜੇ ਬਖਤਿਆਰ ਕਾਕੀ ਦੇ ਮਕਬਰੇ ਪਾਸ ਲਿਜਾਇਆ ਗਿਆ। ਇਥੇ ਉਸ ਨੂੰ ਬਹਾਦਰ ਸ਼ਾਹ ਦੇ ਮਕਬਰੇ ਦੀਆਂ ਪਰਿਕਰਮਾਂ ਕਰਵਾਈਆਂ ਗਈਆਂ। ਫਿਰ ਬੰਦਾ ਸਿੰਘ ਨੂੰ ਹਾਥੀ ਤੋਂ ਉਤਾਰ ਲਿਆ ਤੇ ਕਿਹਾ ਗਿਆ ਜਾਂ ਤਾਂ ਮੁਸਲਮਾਨੀ ਧਰਮ ਕਬੂਲ ਕਰ ਲੈ ਜਾਂ ਮਰਨ ਲਈ ਤਿਆਰ ਹੋ ਜਾ! ਪਰ ਬੰਦਾ ਸਿੰਘ ਨੇ ਉੱਤਰ ਦਿੱਤਾ, "ਮੈਂ ਮਰਨ ਵਾਸਤੇ ਹੀ ਆਇਆ ਹਾਂ, ਮੈਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਹਾਂ ਅਤੇ ਸਿੱਖ ਦੇ ਤੌਰ 'ਤੇ ਮਰਾਂਗਾ। ਮੈਨੂੰ ਮੌਤ ਦਾ ਕੋਈ ਭੈਅ ਨਹੀਂ।" ਬੰਦਾ ਸਿੰਘ ਦੇ ਇਹ ਲਫਜ਼ ਸੁਣ ਕੇ ਉਸ ਦਾ ਚਾਰ ਸਾਲਾ ਬੱਚਾ ਅਜੈ ਸਿੰਘ ਉਸ ਦੀ ਗੋਦ ਵਿਚ ਬਿਠਾ ਦਿੱਤਾ ਗਿਆ। ਇਕ ਲੰਮੇ ਛੁਰੇ ਨਾਲ ਬੱਚੇ ਦੇ ਟੁਕੜੇ ਕਰ ਦਿੱਤੇ ਤੇ ਉਸ ਦਾ ਤੜਫਦਾ ਦਿਲ ਬੰਦਾ ਸਿੰਘ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਪਰ ਜਦ ਬੰਦਾ ਸਿੰਘ ਨੇ ਸਾਰੇ ਜ਼ੋਰ ਨਾਲ ਆਪਣੀਆਂ ਬੇੜੀਆਂ ਨੂੰ ਕੜਾਕਾ ਮਾਰਿਆ ਤਾਂ ਉਹ ਜਲਾਦ ਡਰਦਾ ਮਾਰਾ ਪਿੱਛੇ ਹਟ ਗਿਆ। ਬੰਦਾ ਸਿੰਘ ਦੇ ਚਿਹਰੇ ਦੇ ਜਲਾਲ ਨੂੰ ਉਹ ਤੱਕ ਨਾ ਸਕਿਆ। ਕੈਦੀ ਹੋਇਆ ਵੀ ਉਹ ਹਾਲੇ ਸ਼ੇਰਾਂ ਵਾਂਗ ਗੱਜਦਾ ਸੀ। ਇਕ ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ, "ਮੁਹੰਮਦ ਅਮੀਨ ਖਾਂ ਨੇ ਜਦ ਬੰਦਾ ਸਿੰਘ ਵੱਲ ਵੇਖਿਆ ਤਾਂ ਉਸ ਦੇ ਚਿਹਰੇ ਦੇ ਨੂਰੀ ਜਲਾਲ ਨੂੰ ਵੇਖ ਕੇ ਹੈਰਾਨ ਰਹਿ ਗਿਆ ਅਤੇ ਬੰਦਾ ਸਿੰਘ ਨੂੰ ਕਹਿਣ ਲੱਗਾ, "ਬੜੀ ਹੈਰਾਨੀ ਦੀ ਗੱਲ ਹੈ, ਜਿਸ ਮਨੁੱਖ ਦੇ ਚਿਹਰੇ ਉੱਤੇ ਏਨਾ ਜਲਾਲ ਹੋਵੇ ਅਤੇ ਜਿਸ ਦਾ ਚਰਿੱਤਰ ਏਨਾ ਉਚਾ ਹੋਵੇ, ਅਜਿਹਾ ਮਨੁੱਖ ਨੀਚ ਕਾਰਨਾਮਿਆਂ ਦਾ ਦੋਸ਼ੀ ਹੋਵੇ।" ਬੰਦਾ ਸਿੰਘ ਨੇ ਉਸ ਦੀ ਗੱਲ ਨੂੰ ਸੁਣਿਆ ਅਤੇ ਕਹਿਣ ਲੱਗਾ, "ਜਦ ਮਨੁੱਖ ਤੁਹਾਡੇ ਵਰਗੇ ਪਾਪੀ ਅਤੇ ਦੁਸ਼ਟ ਹੋ ਜਾਣ ਅਤੇ ਇਨਸਾਫ ਨੂੰ ਤਿਲਾਂਜਲੀ ਦੇ ਦੇਣ ਤਾਂ ਇਸ ਤਰ੍ਹਾਂ ਦੇ ਅੱਤਿਆਚਾਰਾਂ ਤੋਂ ਪਰਜਾ ਨੂੰ ਬਚਾਉਣ ਵਾਸਤੇ ਰੱਬ ਮੇਰੇ ਵਰਗੇ ਬੰਦੇ ਨੂੰ ਪੈਦਾ ਕਰਦਾ ਹੈ ਤਾਂਕਿ ਉਨ੍ਹਾਂ ਦੁਸ਼ਟਾਂ ਦਾ ਨਾਸ਼ ਕੀਤਾ ਜਾਵੇ ਅਤੇ ਜਦ ਉਹ ਕਾਰਜ ਪੂਰਾ ਹੋ ਜਾਂਦਾ ਹੈ ਤਾਂ ਰੱਬ ਉਸ ਨੂੰ ਵਾਪਸ ਬੁਲਾ ਲੈਂਦਾ ਹੈ।"

ਬੰਦਾ ਸਿੰਘ ਨੂੰ ਬੜੇ ਨਿਰਦਈ ਢੰਗ ਨਾਲ ਕਤਲ ਕਰਨ ਦਾ ਹੁਕਮ ਹੋਇਆ। ਗਰਮ ਸਰੀਏ ਨਾਲ ਪਹਿਲਾਂ ਉਸ ਦੀ ਸੱਜੀ ਅੱਖ ਕੱਢੀ ਗਈ। ਫਿਰ ਖੱਬੀ ਕੱਢ ਦਿੱਤੀ। ਉਸ ਤੋਂ ਬਾਅਦ ਉਹਦਾ ਖੱਬਾ ਪੈਰ ਵੱਢ ਦਿੱਤਾ ਅਤੇ ਉਸ ਪਿੱਛੋਂ ਉਸ ਦੇ ਦੋਵੇਂ ਹੱਥ ਵੱਢ ਦਿੱਤੇ। ਫਿਰ ਲਾਲ ਗਰਮ ਲੋਹੇ ਦੀਆਂ ਸੰਨ੍ਹੀਆਂ ਨਾਲ ਉਸ ਦੇ ਮਾਸ ਨੂੰ ਨੋਚ-ਨੋਚ ਕੇ ਖਿੱਚਿਆ ਗਿਆ। ਫਿਰ ਉਸ ਦੇ ਬੰਦ-ਬੰਦ ਕੱਟ ਕੇ ਸਿਰ ਵੱਢ ਦਿੱਤਾ। ਇਸ ਸਾਰੇ ਕਾਰਜ ਸਮੇਂ ਬੰਦਾ ਸਿੰਘ ਨੇ ਆਪਣੇ ਸਵਾਸ ਦਸਮ ਦੁਆਰ ਚੜ੍ਹਾ ਲਏ ਸਨ ਤੇ ਉਸ ਨੇ ਕਿਸੇ ਪ੍ਰਕਾਰ ਦਾ ਤਸੀਹਾ ਦੇਣ 'ਤੇ ਵੀ ਸੀਅ ਤਕ ਨਾ ਕੀਤੀ। ਉਹ ਵਾਹਿਗੁਰੂ ਨਾਲ ਇਕਮਿਕ ਹੋਇਆ ਅਡੋਲ ਬੈਠਾ ਰਿਹਾ।

ਬੰਦਾ ਸਿੰਘ ਬਹਾਦੁਰ ਦੇ ਕਤਲ ਦੇ ਨਜ਼ਾਰੇ ਨੂੰ ਦੇਖਣ ਲਈ ਬਾਦਸ਼ਾਹ ਫਰਖਸੀਅਰ ਵੀ ਆਇਆ। ਜਦ ਬੰਦਾ ਸਿੰਘ ਸ਼ਹੀਦ ਹੋ ਗਿਆ ਤਾਂ ਉਸਦੀ ਵੀ ਜਾਨ ਵਿਚ ਜਾਨ ਆਈ। ਉਹ ਅਜੇ ਤਕ ਡਰਦਾ ਸੀ ਕਿ ਪਤਾ ਨਹੀਂ ਹੁਣ ਵੀ ਬੰਦਾ ਸਿੰਘ ਕੋਈ ਕਰਾਮਾਤ ਕਰਕੇ ਕੈਦ ਵਿਚੋਂ ਨਾ ਨਿਕਲ ਜਾਏ। ਜਦ ਬਾਕੀ ਸਿੰਘਾਂ ਨੂੰ ਕਤਲ ਕਰਨ ਦੀ ਵਾਰੀ ਆਈ ਤਾਂ ਉਹ ਕਹਿਣ ਲੱਗਾ, "ਸੁਣਿਆ ਹੈ ਤੁਹਾਡੇ ਵਿਚੋਂ ਇਕ ਬਾਜ ਸਿੰਘ ਨਾਮੀ ਸਿੱਖ ਹੈ, ਜੋ ਬੜਾ ਬਹਾਦਰ ਹੈ ਅਤੇ ਜਿਸਨੂੰ ਆਪਣੇ ਗੁਰੂ ਉਤੇ ਬੜਾ ਮਾਣ ਹੈ।" ਬਾਜ ਸਿੰਘ ਨੇ ਫਰਖਸੀਅਰ ਦੀ ਗੱਲ ਸੁਣਕੇ ਕਿਹਾ, "ਮੈਂ ਹੀ ਬਾਜ਼ ਸਿੰਘ ਹਾਂ, ਆਪਣੇ ਸੱਚੇ ਗੁਰੂ ਦਾ ਨਿਮਾਣਾ ਸਿੱਖ।" ਬਾਦਸ਼ਾਹ ਕਹਿਣ ਲੱਗਾ, "ਇੰਨਾ ਬਹਾਦਰ ਸਿੱਖ ਸੀ, ਕਿੰਤੂ ਅੱਜ ਤਾਂ ਭਿੱਜੀ ਬਿੱਲੀ ਬਣਿਆ ਹੋਇਆ ਹੈ।" ਬਾਜ ਸਿੰਘ ਕਹਿਣ ਲੱਗਾ, "ਜੇਕਰ ਥੋੜੀ ਦੇਰ ਮੇਰੀਆਂ ਬੇੜੀਆਂ ਖੁਲ੍ਹਵਾ ਦਿਉ ਤਾਂ ਹੁਣੇ ਸ਼ੇਰ ਬਣ ਕੇ ਦਿਖਾ ਦਿੰਦਾ ਹਾਂ।" ਬਾਦਸ਼ਾਹ ਨੇ ਉਸ ਦੀਆਂ ਬੇੜੀਆਂ ਖੋਲ੍ਹਣ ਦੀ ਆਗਿਆ ਦੇ ਦਿੱਤੀ। ਬਾਜ ਸਿੰਘ ਉਸੇ ਵੇਲੇ ਸ਼ੇਰ ਵਾਂਗੂੰ ਬਾਦਸ਼ਾਹ ਦੇ ਅਹਿਲਕਾਰਾਂ ਉਤੇ ਝਪਟ ਪਿਆ ਅਤੇ ਤਿੰਨਾਂ ਨੂੰ ਆਪਣੇ ਹੱਥਾਂ ਦੀਆਂ ਬੇੜੀਆਂ ਨਾਲ ਹੀ ਮੌਤ ਦੇ ਘਾਟ ਉਤਾਰ ਦਿੱਤਾ। ਫਿਰ ਉਹ ਜਦੋਂ ਬਾਦਸ਼ਾਹ ਵੱਲ ਵੱਧਿਆ ਤਾਂ ਬਾਦਸ਼ਾਹ ਡਰਦਾ ਹੋਇਆ ਜਦੋਂ ਪਿੱਛੇ ਭੱਜਣ ਲੱਗਾ ਤਾਂ ਇਕ ਬੁਰਜੀ ਵਿਚ ਲੱਗ ਕੇ ਡਿੱਗ ਪਿਆ।



ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਜਾਚ

ਜੇਕਰ ਅਸੀਂ ਬੰਦਾ ਸਿੰਘ ਬਹਾਦਰ ਦੇ ਜੀਵਨ ਦਾ ਅਧਿਐਨ ਕਰੀਏ ਤਾਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਬਾਬਾ ਬੰਦਾ ਸਿੰਘ ਜੀ ਆਪਣੇ ਗਰੀਬ ਭਰਾਵਾਂ ਦੀ ਭਲਾਈ ਵਾਸਤੇ ਆਪਣਾ ਜੀਵਨ ਕੁਰਬਾਨ ਕਰਨ ਨੂੰ ਤਤਪਰ ਰਹਿੰਦੇ ਸੀ। ਉਨ੍ਹਾਂ ਦਾ ਆਪਣੇ ਗੁਰੂ ਸਾਹਿਬ ਤੇ ਪੂਰਾ ਭਰੋਸਾ ਸੀ ਅਤੇ ਉਹ ਆਪਣੇ ਧਰਮ ਅਤੇ ਪ੍ਰੇਮ ਲਈ ਸਦਾ ਅਸਥਿਰ ਅਤੇ ਅਡੋਲ ਸੀ। ਉਨ੍ਹਾਂ ਦੇ ਜੀਵਨ ਦਾ ਇਹ ਪੱਖ ਇੰਨਾ ਉੱਜਲ ਅਤੇ ਰੌਸ਼ਨ ਸੀ ਅਤੇ ਇਤਿਹਾਸ ਦੇ ਵਿਦਿਆਰਥੀਆਂ ਲਈ ਇੰਨਾ ਦਿਲਚਸਪ ਸੀ ਕਿ ਅਸੀਂ ਉਨ੍ਹਾਂ ਦਾ ਜੀਵਨ ਵਰਣਨ ਇਥੇ ਖਤਮ ਨਹੀਂ ਕਰ ਸਕਦੇ।

ਉਸ ਸਮੇਂ ਦੇ ਮੁਸਲਮਾਨ ਇਤਿਹਾਸਕਾਰਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਕਾਲ ਨਾਲ ਪੂਰਾ ਇਨਸਾਫ ਨਹੀਂ ਕੀਤਾ ਹੈ। ਹਰ ਤਰ੍ਹਾਂ ਦੇ ਜ਼ੁਲਮ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ ਹੀ ਥੋਪਣ ਦੀ ਕੋਸ਼ਿਸ਼ ਕੀਤੀ ਹੈ। ਇਥੋਂ ਤਕ ਕਿ ਸ਼ਾਹੀ ਚਿੱਠੀ ਭੇਜਣ ਵਾਲੇ ਵੀ ਅਜਿਹੇ ਪੱਖਪਾਤ ਬੇਲਾਗ ਨਹੀਂ ਰਹੇ ਹਨ। ਅਜੋਕੇ ਸਮੇਂ ਵੀ ਅਜਿਹੇ ਚਿੱਠੀ ਭੇਜਣ ਵਾਲਿਆਂ ਦੀ ਕੋਈ ਤੋਟ ਨਹੀਂ ਹੈ।

ਇਥੋਂ ਤਕ ਕਿ ਸਿੱਖ ਇਤਿਹਾਸਕਾਰਾਂ ਨੇ ਵੀ ਬਾਬਾ ਬੰਦਾ ਸਿੰਘ ਜੀ ਦਾ ਜੀਵਨ ਬਿਆਨ ਕਰਦੇ ਹੋਏ ਉਨ੍ਹਾਂ ਦੇ ਨਾਲ ਕਿਸੇ ਤਰ੍ਹਾਂ ਦਾ ਇਨਸਾਫ ਨਹੀਂ ਕੀਤਾ। ਵਾਸਤਵ ਵਿਚ ਬੰਦਾ ਸਿੰਘ ਬਹਾਦਰ ਜਿਸ ਨੂੰ ਇਤਿਹਾਸਕਾਰਾਂ ਨੇ ਪੇਸ਼ ਕੀਤਾ ਹੈ, ਉਨ੍ਹਾਂ ਦੇ ਕਥਨਾਂ ਤੋਂ ਉਹ ਉੱਚੇ ਅਤੇ ਉਦਾਰ ਵਿਅਕਤੀ ਸਨ। ਜਿਸ ਬਾਰੇ ਕਈ ਵਾਰੀ ਅਨੁਮਾਨ ਲਾਉਣਾ ਵੀ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਦਾ ਨਿਜੀ ਜੀਵਨ ਬੜਾ ਪਵਿੱਤਰ ਅਤੇ ਦੋਸ਼-ਰਹਿਤ ਸੀ। ਉਹ ਖਾਲਸਾ ਮਰਯਾਦਾ ਦਾ ਸੌ ਫੀਸਦੀ ਪਾਲਣ ਕਰਦੇ ਸਨ।

ਇਹ ਸਮਝਿਆ ਜਾਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਵਿਚਕਾਰ ਮਤਭੇਦ ਪੈਦਾ ਹੋ ਜਾਂਦੇ ਸਨ, ਪਰ ਅਜਿਹੇ ਮਤਭੇਦ ਪਲ ਭਰ ਲਈ ਹੀ ਰਹਿੰਦੇ ਸਨ। ਬਾਬਾ ਜੀ ਆਪਣੇ ਆਪ ਨੂੰ ਗੁਰੂ ਦਾ ਬੰਦਾ ਅਖਵਾ ਕੇ ਜਾਂ ਆਪਣੇ ਮਾਲਕ ਦਾ ਨੌਕਰ ਦੱਸ ਕੇ ਬੜਾ ਫ਼ਖ਼ਰ ਮਹਿਸੂਸ ਕਰਦੇ ਸਨ ਅਤੇ ਹਮੇਸ਼ਾ ਆਪਣੇ ਸਿੱਖਾਂ ਅਤੇ ਸਾਥੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦਾ ਪਾਲਣ ਕਰਨ ਦਾ ਨਿਰਦੇਸ਼ ਕਰਿਆ ਕਰਦੇ ਸਨ ਅਤੇ ਹਮੇਸ਼ਾ ਹੀ ਗੁਰੂ ਸਾਹਿਬ ਜੀ ਦੇ ਪੰਥ ਦੇ ਸਮਰਥਕ ਰਹੇ।

ਬੰਦਾ ਸਿੰਘ ਬਹਾਦਰ ਨੇ ਬਹੁਤੀ ਗਿਣਤੀ ਵਿਚ ਹਿੰਦੂ-ਮੁਸਲਮਾਨਾਂ ਨੂੰ ਸਿੱਖ ਬਣਾਇਆ ਪਰ ਸਿੱਖ ਧਰਮ ਵਿਚ ਲਿਆਉਣ ਲਈ ਉਨ੍ਹਾਂ ਨੇ ਕਿਸੇ ਤਰ੍ਹਾਂ ਦੀ ਸ਼ਕਤੀ ਦੀ ਵਰਤੋਂ ਨਹੀਂ ਕੀਤੀ।

ਬੰਦਾ ਸਿੰਘ ਜੀ ਨੇ ਕਦੇ ਵੀ ਆਪਣੀ ਹਰਕਤ ਨੂੰ ਮਜ਼ਹਬੀ ਝਗੜਿਆਂ ਤਕ ਮਹਿਦੂਦ ਨਹੀਂ ਕੀਤਾ ਸੀ। ਉਨ੍ਹਾਂ ਦਾ ਇਹ ਰਾਜਨੀਤਕ ਸੰਘਰਸ਼ ਸੀ। ਇਸ ਲਈ ਉਹ ਮੁਸਲਮਾਨਾਂ ਤੇ ਕਿਸੇ ਤਰ੍ਹਾਂ ਦੀ ਮਜ਼ਹਬੀ ਪਾਬੰਦੀ ਨਹੀਂ ਲਗਾਉਣਾ ਚਾਹੁੰਦੇ ਸੀ, ਜਿਸ ਕਾਰਨ ਮੁਸਲਮਾਨ ਵੱਡੀ ਗਿਣਤੀ ਵਿਚ ਉਨ੍ਹਾਂ ਦੀ ਛਤਰ ਛਾਇਆ ਹੇਠ ਇਕੱਠੇ ਹੋ ਰਹੇ ਸਨ। ਬੰਦਾ ਸਿੰਘ ਜੀ ਸਭ ਦਾ ਦਿਲ ਜਿੱਤ ਰਹੇ ਸਨ ਅਤੇ ਸਾਰੇ ਮੁਸਲਮਾਨਾਂ ਦੇ ਦਿਲ ਉਨ੍ਹਾਂ ਵਲ ਝੁਕ ਰਹੇ ਸਨ। ਬੇਸ਼ਕ ਉਹ ਕਿਸੇ ਵੀ ਮਜ਼ਹਬ ਜਾਂ ਕੌਮ ਨਾਲ ਸੰਬੰਧਿਤ ਹੋਣ, ਜਿਹੜਾ ਵਿਅਕਤੀ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ ਸੀ, ਉਹ ਉਸ ਨੂੰ ਸਿੰਘ ਕਹਿ ਕੇ ਪੁਕਾਰਦੇ ਸਨ।

ਇਸ ਲਈ ਅਸੀਂ ਦੇਖਦੇ ਹਾਂ ਕਿ ਸਾਡੇ ਗੁਰੂ ਸਾਹਿਬਾਨ ਜੀ ਨੇ ਜਿਹੜੀ ਮਜ਼ਹਬੀ ਸਹਿਣਸ਼ੀਲਤਾ ਦੀ ਨੀਤੀ ਚਲਾਈ ਸੀ, ਬਾਬਾ ਬੰਦਾ ਸਿੰਘ ਜੀ ਨੇ ਉਸ ਨੂੰ ਬਰਕਰਾਰ ਰਖਿਆ ਸੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਜਥੇਬੰਦ ਕੀਤਾ ਸੀ ਕਿ ਉਹ ਆਪਣੇ ਹੱਕਾਂ ਦੀ ਰਾਖੀ ਕਰ ਸਕਣ ਅਤੇ ਪੂਜਾ, ਬੋਲਣ ਅਤੇ ਧਾਰਮਕ ਹਰਕਤਾਂ ਵਾਸਤੇ ਅਜ਼ਾਦੀ ਪਾ ਸਕਣ। ਜੇਕਰ ਗੁਰੂ ਸਾਹਿਬਾਨ ਨੇ ਹਥਿਆਰ ਚੁੱਕੇ ਸਨ ਤਾਂ ਕੇਵਲ ਆਪਣੀ ਰਾਖੀ ਲਈ ਚੁੱਕੇ ਸਨ। ਬੰਦਾ ਸਿੰਘ ਜੀ ਅਜਿਹੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਰਾਜਨੀਤਕ ਸ਼ਕਤੀ ਕਾਇਮ ਕੀਤੀ ਸੀ।

ਬੰਦਾ ਸਿੰਘ ਜੀ ਦੇ ਸਮੇਂ ਦੌਰਾਨ ਲੋਕਾਂ ਦੇ ਮਨ ਅੰਦੋਲਨਕਾਰੀ ਪ੍ਰਭਾਵ ਹੇਠ ਸੀ, ਜਿਸ ਬਾਰੇ ਇਤਿਹਾਸ ਧਿਆਨ ਦੇਣ ਨੂੰ ਅਸਫਲ ਰਿਹਾ ਹੈ। ਲੋਕਾਂ ਦੇ ਮਨ ਵਿਚ ਜ਼ੁਲਮ ਦਾ ਮੁਕਾਬਲਾ ਕਰਨ ਦੀ ਇਕ ਰੁਚੀ ਜਾਗੀ ਸੀ ਅਤੇ ਦੇਸ਼ ਦੇ ਭਲੇ ਲਈ ਉਹ ਮਰ-ਮਿਟਣ ਨੂੰ ਤਿਆਰ ਹੋ ਗਏ ਸਨ। ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਇਕ ਅਜਿਹੀ ਉਦਾਹਰਣ ਕਾਇਮ ਕੀਤੀ ਗਈ ਸੀ ਜੋ ਆਉਣ ਵਾਲੇ ਦਿਨਾਂ ਵਿਚ ਨਵੀਂ ਪੀੜ੍ਹੀ ਨੂੰ ਚਾਨਣ-ਮੁਨਾਰੇ ਦਾ ਕੰਮ ਦੇ ਸਕਦੀ ਸੀ।

ਇਕ ਕੌਮੀ ਰਾਜ ਦਾ ਸੰਕਲਪ, ਜੋ ਕਿ ਸਦੀਆਂ ਪਹਿਲਾਂ ਮਿਟ ਗਿਆ ਸੀ, ਇਕ ਵਾਰ ਦੁਬਾਰਾ ਨਵਾਂ ਜੋਸ਼ ਅਤੇ ਨਵਾਂ ਉਤਸ਼ਾਹ ਲੈ ਕੇ ਖਿੜਿਆ ਅਤੇ ਕੁਝ ਸਮੇਂ ਲਈ ਸ਼ਕਤੀਸ਼ਾਲੀ ਮੁਕਾਬਲੇ ਦਾ ਵੀ ਸਾਹਮਣਾ ਕਰਦਾ ਰਿਹਾ ਅਤੇ ਫਿਰ ਦੱਬੀ ਚਿੰਗਾੜੀ ਨੂੰ ਕਾਇਮ ਰਖਦਾ ਰਿਹਾ ਅਤੇ ਉਸ ਮਗਰੋਂ ਚਾਲੀ ਸਾਲ ਬਾਅਦ ਇਕ ਸ਼ਕਤੀਸ਼ਾਲੀ ਜਵਾਲਾ ਬਣ ਕੇ ਪ੍ਰਗਟ ਹੋਇਆ ਅਤੇ ਫਿਰ ਕਦੇ ਵੀ ਦਬਾਇਆ ਨਾ ਜਾ ਸਕਿਆ।

ਭਾਈ ਮਨੀ ਸਿੰਘ ਜੀ ਸ਼ਹੀਦ

ਗੁਰੂ ਹਰਿ ਰਾਇ ਜੀ ਨਾਲ ਮੇਲ

ਭਾਈ ਮਨੀ ਸਿੰਘ ਦਾ ਜਨਮ ਚੇਤ ਸ਼ੁਦੀ ਦੁਆਦਸ਼ੀ ਸੰਮਤ 1701 ਨੂੰ ਰਾਜਪੂਤ ਘਰਾਣੇ ਦੇ ਮਾਈ ਦਾਸ ਪੁੱਤਰ ਭਾਈ ਬਲੂ ਦੇ ਘਰ, ਮਾਤਾ ਮਧਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਬਾਬਾ ਅਤੇ ਪਿਤਾ ਜੀ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ। ਘਰ ਵਿਚ ਹਰ ਸਮੇਂ ਗੁਰੂ ਅਤੇ ਗੁਰਬਾਣੀ ਦੀ ਮਹਿਮਾ ਗਾਈ ਜਾਂਦੀ ਸੀ। ਭਾਈ ਮਨੀ ਸਿੰਘ ਨੇ ਆਪਣੀ ਆਰੰਭਕ ਪੜ੍ਹਾਈ ਘਰ ਵਿਚ ਹੀ ਕੀਤੀ। ਉਹ ਗੁਰਮੁਖੀ ਪੜ੍ਹਨਾ ਬੜੀ ਜਲਦੀ ਸਿਖ ਗਏ ਤੇ ਪੰਜ-ਛੇ ਸਾਲ ਦੀ ਉਮਰ ਵਿਚ ਪਾਠ ਕਰਨਾ ਸਿਖ ਗਏ। ਉਨ੍ਹਾਂ ਦੇ ਮਨ ਵਿਚ ਹਰ ਵੇਲੇ ਇਹ ਰੀਝ ਰਹਿੰਦੀ ਸੀ ਕਿ ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨ। ਜਿਸ ਸਾਲ ਗੁਰੂ ਹਰਿ ਰਾਇ ਸਾਹਿਬ ਗੁਰ-ਗੱਦੀ 'ਤੇ ਬੈਠੇ ਸਨ ਉਸੇ ਸਾਲ ਭਾਈ ਮਨੀ ਸਿੰਘ ਪੈਦਾ ਹੋਏ ਸਨ।

ਇਕ ਵਾਰ ਇਲਾਕੇ ਦੀਆਂ ਸੰਗਤਾਂ ਨੇ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਦਾ ਮਨ ਬਣਾਇਆ। ਜਦ ਮਨੀ ਰਾਮ (ਭਾਈ ਮਨੀ ਸਿੰਘ ਦਾ ਪਹਿਲਾ ਨਾਂ) ਨੂੰ ਇਹ ਪਤਾ ਲੱਗਾ ਤਾਂ ਉਨ੍ਹਾਂ ਵੀ ਆਪਣੇ ਪਿਤਾ ਪਾਸ ਬੇਨਤੀ ਕੀਤੀ ਕਿ ਉਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਜਾਣਗੇ। ਭਾਈ ਮਨੀ ਰਾਮ ਦੀ ਏਨੀ ਸ਼ਰਧਾ ਵੇਖ ਕੇ ਉਸ ਦੇ ਪਿਤਾ ਮਾਈ ਦਾਸ ਪੁੱਤਰ ਨੂੰ ਨਾਂਹ ਨਾ ਕਰ ਸਕੇ ਤੇ ਜਥੇ ਦੇ ਨਾਲ ਮਨੀ ਰਾਮ ਨੂੰ ਵੀ ਲੈ ਗਏ।

ਕੁਝ ਦਿਨ ਬਾਅਦ ਜਥਾ ਕੀਰਤਪੁਰ ਪਹੁੰਚਿਆ। ਉਨ੍ਹਾਂ ਉਥੇ ਜਾ ਕੇ ਵੇਖਿਆ ਕਿ ਕੀਰਤਪੁਰ ਵਿਚ ਬੜੀ ਰੌਣਕ ਸੀ ਅਤੇ ਬੜੀ ਦੂਰ-ਦੂਰ ਤੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ ਸਨ। ਗੁਰੂ ਜੀ ਦਾ ਅਤੁੱਟ ਲੰਗਰ ਚਲ ਰਿਹਾ ਸੀ ਅਤੇ ਸੰਗਤਾਂ ਲੰਗਰ ਛਕ ਕੇ ਤੰਬੂਆਂ ਵਿਚ ਆਰਾਮ ਕਰ ਰਹੀਆਂ ਸਨ। ਉਨ੍ਹਾਂ ਦੇ ਜਥੇ ਨੇ ਵੀ ਲੰਗਰ ਛਕਿਆ ਤੇ ਜਥੇ ਦੇ ਸਾਰੇ ਮਾਈ ਭਾਈ ਆਰਾਮ ਕਰਨ ਚਲੇ ਗਏ। ਭਾਈ ਮਨੀ ਰਾਮ ਇਹ ਸਾਰਾ ਨਜ਼ਾਰਾ ਵੇਖ ਕੇ ਬਹੁਤ ਪ੍ਰਭਾਵਤ ਹੋਏ।

ਅਗਲੇ ਦਿਨ ਸਵੇਰੇ ਉਹ ਗੁਰੂ ਜੀ ਦੇ ਦਰਬਾਰ ਵਿਚ ਗਏ। ਉਸ ਸਮੇਂ ਕੀਰਤਨੀਏ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਗੁਰੂ ਜੀ ਤਖ਼ਤ ਉਤੇ ਬੈਠੇ ਸਨ। ਸੰਗਤਾਂ ਵਾਰੋ-ਵਾਰੀ ਜਾ ਕੇ ਉਨ੍ਹਾਂ ਅੱਗੇ ਕੋਈ ਭੇਟ ਰੱਖ ਕੇ ਮੱਥਾ ਟੇਕਦੀਆਂ ਸਨ। ਗੁਰੂ ਜੀ ਸਭ ਨੂੰ ਦਿਆਲੂ ਦ੍ਰਿਸ਼ਟੀ ਨਾਲ ਵੇਖ ਕੇ ਅਸ਼ੀਰਵਾਦ ਦਿੰਦੇ ਸਨ। ਫਿਰ ਸੰਗਤਾਂ ਦਰਬਾਰ ਵਿਚ ਬੜੇ ਆਦਰ ਨਾਲ ਬੈਠ ਜਾਂਦੀਆਂ ਸਨ। ਜਦ ਭਾਈ ਮਨੀ ਰਾਮ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਬੜੇ ਪਿਆਰ ਨਾਲ ਮੱਥਾ ਟੇਕਿਆ। ਉਹ ਕਾਫੀ ਸਮਾਂ ਗੁਰੂ ਜੀ ਵੱਲ ਵੇਖਦੇ ਰਹੇ। ਗੁਰੂ ਜੀ ਵੀ ਆਪਣੀ ਦਿੱਬ ਦ੍ਰਿਸ਼ਟੀ ਨਾਲ ਜਾਣ ਗਏ ਕਿ ਉਹ ਕੋਈ ਅਲੌਕਿਕ ਬਾਲਕ ਸੀ। ਜਦ ਭਾਈ ਮਨੀ ਰਾਮ ਜਥੇ ਨਾਲ ਕੁਝ ਦਿਨ ਉਥੇ ਠਹਿਰੇ ਤਾਂ ਉਨ੍ਹਾਂ ਮਨ ਬਣਾ ਲਿਆ ਕਿ ਉਹ ਗੁਰੂ ਜੀ ਦੀ ਸੇਵਾ ਵਿਚ ਰਹਿਣਗੇ।

ਇਕ ਦਿਨ ਉਨ੍ਹਾਂ ਦਾ ਗੁਰੂ ਜੀ ਨਾਲ ਮੇਲ ਹੋ ਗਿਆ। ਗੁਰੂ ਹਰਿ ਰਾਇ ਸਾਹਿਬ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਭੁਜੰਗੀਆ! ਤੇਰਾ ਕੀ ਨਾਂ ਹੈ?" "ਮੇਰਾ ਨਾਂ ਜੀ ਮਨੀ ਰਾਮ ਹੈ।" ਉਸ ਨੇ ਉੱਤਰ ਦਿੱਤਾ। ਗੁਰੂ ਜੀ ਉਸ ਦਾ ਨਾਂ ਸੁਣ ਕੇ ਹੱਸ ਪਏ ਤੇ ਕਹਿਣ ਲੱਗੇ, "ਠੀਕ ਹੀ ਤੂੰ ਮਨੀ (ਭਾਵ ਇਕ ਹੀਰਾ) ਹੀ ਹੈਂ। ਕੀ ਤੂੰ ਕੁਝ ਗੁਰਬਾਣੀ ਵੀ ਸਿਖੀ ਹੈ?" ਭਾਈ ਮਨੀ ਰਾਮ ਨੇ ਕਿਹਾ, "ਹਜ਼ੂਰ! ਮੈਂ ਨਿਤਨੇਮ ਦੀਆਂ ਬਾਣੀਆਂ ਜਪੁਜੀ ਸਾਹਿਬ, ਰਹਰਾਸਿ, ਕੀਰਤਨ ਸੋਹਿਲਾ ਅਤੇ ਆਰਤੀ ਕੰਠ

ਕੀਤੀਆਂ ਹੋਈਆਂ ਹਨ।"

ਗੁਰੂ ਜੀ ਇਹ ਸੁਣ ਕੇ ਬਹੁਤ ਖੁਸ਼ ਹੋਏ ਤੇ ਫਿਰ ਪੁੱਛਣ ਲੱਗੇ, "ਤੂੰ ਘਰ ਵਿਚ ਕੀ ਕੰਮ ਕਰਦਾ ਏਂ?" ਭਾਈ ਮਨੀ ਰਾਮ ਨੇ ਦੱਸਿਆ ਕਿ ਉਹ ਘਰ ਵਿਚ ਆਪਣੇ ਪਿਤਾ ਜੀ ਨਾਲ ਖੇਤੀ ਦੇ ਕੰਮ-ਕਾਜ ਵਿਚ ਸਹਾਇਤਾ ਕਰਦਾ ਹੈ। ਕੁਝ ਦਿਨ ਬਾਅਦ ਜਦ ਜਥਾ ਵਾਪਿਸ ਜਾਣ ਲੱਗਾ ਤਾਂ ਮਨੀ ਰਾਮ ਨੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਉਹ ਗੁਰੂ ਦੀ ਸੇਵਾ ਵਿਚ ਹੀ ਰਹਿਣਾ ਚਾਹੁੰਦਾ ਹੈ।

ਉਸ ਦੇ ਪਿਤਾ ਜੀ ਗੁਰੂ ਜੀ ਦੇ ਬੜੇ ਸ਼ਰਧਾਲੂ ਸਨ। ਮਨੀ ਰਾਮ ਦੀ ਇਹ ਖਾਹਿਸ਼ ਸੁਣ ਕੇ ਉਹ ਬਹੁਤ ਖੁਸ਼ ਹੋਏ। ਉਹ ਗੁਰੂ ਜੀ ਨੂੰ ਮਿਲੇ ਅਤੇ ਮਨੀ ਰਾਮ ਦੀ ਇੱਛਾ ਬਾਰੇ ਉਨ੍ਹਾਂ ਨੂੰ ਦੱਸਿਆ। ਗੁਰੂ ਜੀ ਨੇ ਕਿਹਾ, "ਮੈਂ ਖੁਦ ਹੀ ਤੁਹਾਨੂੰ ਮਿਲ ਕੇ ਮਨੀ ਰਾਮ ਨੂੰ ਆਪ ਪਾਸੋਂ ਮੰਗਣ ਵਾਲਾ ਸੀ। ਇਹ ਬੜਾ ਲਾਇਕ ਅਤੇ ਹੋਣਹਾਰ ਬਾਲਕ ਹੈ। ਇਹ ਇਕ ਦਿਨ ਵੱਡਾ ਵਿਦਵਾਨ ਬਣੇਗਾ। ਅਸੀਂ ਇਸ ਨੂੰ ਗੁਰਬਾਣੀ ਲਿਖਣ ਦਾ ਕੰਮ ਦੇਵਾਂਗੇ। ਇਸ ਨੂੰ ਕਾਫੀ ਬਾਣੀ ਕੰਠ ਵੀ ਹੈ।"

ਗੁਰੂ ਜੀ ਦੀ ਇਹ ਗੱਲ ਸੁਣ ਕੇ ਭਾਈ ਮਾਈ ਦਾਸ ਆਪਣੇ ਜਥੇ ਨਾਲ ਵਾਪਸ ਆਪਣੇ ਪਿੰਡ ਨੂੰ ਚਲੇ ਗਏ ਅਤੇ ਮਨੀ ਰਾਮ ਨੂੰ ਗੁਰੂ ਜੀ ਪਾਸ ਹੀ ਛੱਡ ਗਏ। ਗੁਰੂ ਜੀ ਨੇ ਅਗਲੇ ਦਿਨ ਹੀ ਭਾਈ ਕਿਰਪਾਲ ਚੰਦ ਜੀ ਜਿਹੜੇ ਮਾਤਾ ਗੁਜਰੀ ਦੇ ਭਰਾ ਸਨ ਅਤੇ ਗੁਰੂ ਹਰਿ ਰਾਇ ਦੇ ਬਾਈ ਸੌ ਘੋੜ ਸਵਾਰਾਂ ਦੇ ਕਮਾਂਡਰ ਸਨ, ਨੂੰ ਆਪਣੇ ਪਾਸ ਬੁਲਾਇਆ ਤੇ ਉਸ ਨੂੰ ਕਿਹਾ ਕਿ ਉਹ ਮਨੀ ਰਾਮ ਨੂੰ ਸ਼ਸਤਰ ਵਿੱਦਿਆ ਅਤੇ ਘੋੜ-ਸਵਾਰੀ ਵਿਚ ਨਿਪੁੰਨ ਕਰ ਦੇਵੇ। ਭਾਈ ਮਨੀ ਰਾਮ ਛੇਤੀ ਹੀ ਇਸ ਵਿੱਦਿਆ ਵਿਚ ਮਾਹਰ ਹੋ ਗਿਆ। ਫਿਰ ਉਸ ਦੀ ਪੜ੍ਹਾਈ ਦਾ ਵੀ ਇੰਤਜ਼ਾਮ ਕਰ ਦਿੱਤਾ ਗਿਆ।



ਗੁਰੂ ਹਰਿਕ੍ਰਿਸ਼ਨ ਦਰਸ਼ਨ

ਭਾਈ ਮਨੀ ਸਿੰਘ ਦੇ ਦੋ ਵਿਆਹ ਹੋਏ ਸਨ। ਉਨ੍ਹਾਂ ਦਾ ਪਹਿਲਾ ਵਿਆਹ ਪਿੰਡ ਖੈਰਪੁਰ ਜ਼ਿਲ੍ਹਾ ਮੁਜ਼ੱਫਰਪੁਰ ਵਿਚ ਹੋਇਆ। ਉਨ੍ਹਾਂ ਦੀ ਪਤਨੀ ਦਾ ਨਾਂ ਸੀਤੋ ਬਾਈ ਸੀ ਜਿਹੜੀ ਕਿ ਲੱਖੀ ਰਾਇ ਦੀ ਪੁੱਤਰੀ ਸੀ। ਲੱਖੀ ਰਾਇ ਇਕ ਵੱਡਾ ਵਪਾਰੀ ਸੀ ਤੇ ਉਹ ਪੱਛਮੀ ਪੰਜਾਬ ਦਾ ਮਾਲ ਦਿੱਲੀ ਵਿਖੇ ਵੇਚਿਆ ਕਰਦਾ ਸੀ। ਉਸ ਦਾ ਦੂਸਰਾ ਵਿਆਹ ਗੁਰੀਆ ਚੌਹਾਨ ਦੀ ਪੁੱਤਰੀ ਖੇਮੀ ਬਾਈ ਨਾਲ ਹੋਇਆ। ਭਾਈ ਮਨੀ ਸਿੰਘ ਦੇ ਘਰ ਦਸ ਪੁੱਤਰਾਂ ਨੇ ਜਨਮ ਲਿਆ।

ਉਨ੍ਹਾਂ ਦੇ ਦਸਾਂ ਪੁੱਤਰਾਂ ਦਾ ਹੀ ਸਿੱਖ ਇਤਿਹਾਸ ਵਿਚ ਬੜਾ ਉੱਚਾ ਥਾਂ ਹੈ। ਗੁਰਬਖਸ਼ ਸਿੰਘ ਅਤੇ ਚਿਤਰ ਸਿੰਘ ਭਾਈ ਮਨੀ ਸਿੰਘ ਨਾਲ ਹੀ ਅੰਮ੍ਰਿਤਸਰ ਵਿਚ ਰਹਿੰਦੇ ਸਨ। ਜਦ ਭਾਈ ਮਨੀ ਸਿੰਘ ਨੇ ਲਾਹੌਰ ਦੇ ਹਾਕਮ ਜ਼ਕਰੀਆ ਖਾਂ ਨਾਲ ਇਹ ਸਮਝੌਤਾ ਕੀਤਾ ਕਿ ਜੇ ਅੰਮ੍ਰਿਤਸਰ ਵਿਖੇ ਸਿੱਖਾਂ ਨੂੰ ਉਹ ਸੰਮਤ 1791 ਦੀ ਵਿਸਾਖੀ ਮਨਾਉਣ ਦੀ ਆਗਿਆ ਦੇ ਦੇਣਗੇ ਤਾਂ ਉਹ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਅਦਾ ਕਰਨਗੇ। ਪਰ ਜ਼ਕਰੀਆ ਬਾਅਦ ਵਿਚ ਆਪਣੇ ਵਾਅਦੇ ਤੋਂ ਮੁਕਰ ਗਿਆ ਤੇ ਉਸ ਵਿਸਾਖੀ ਨਹਾਉਣ ਆਏ ਸਿੱਖਾਂ ਨੂੰ ਮਾਰਨ ਦੀ ਤਜਵੀਜ਼ ਬਣਾ ਲਈ। ਜਦ ਮਨੀ ਸਿੰਘ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਗੁਰਬਖਸ਼ ਸਿੰਘ ਅਤੇ ਚਿੱਤਰ ਸਿੰਘ ਅਤੇ ਕੁਝ ਹੋਰ ਸਿੱਖਾਂ ਨੂੰ ਮੁੱਖ ਰਸਤਿਆਂ ਉਤੇ ਭੇਜ ਦਿੱਤਾ ਤਾਂ ਕਿ ਉਸ ਵਿਸਾਖੀ ਨਹਾਉਣ ਆਏ ਸਿੱਖਾਂ ਨੂੰ ਰੋਕ ਸਕਣ। ਜਦ ਵਿਸਾਖੀ ਨਾ ਲੱਗੀ ਤਾਂ ਚੜ੍ਹਾਵਾ ਵੀ ਨਾ ਚੜ੍ਹਿਆ ਇਸ ਕਰਕੇ ਭਾਈ ਮਨੀ ਸਿੰਘ ਪੰਜ ਹਜ਼ਾਰ ਦੀ ਰਕਮ ਸਰਕਾਰ ਨੂੰ ਦੇ ਨਾ ਸਕਿਆ। ਜ਼ਕਰੀਆ ਖਾਂ ਨੇ ਇਸ ਉਕਤਾਈ ਦੇ ਬਦਲੇ ਭਾਈ ਮਨੀ ਸਿੰਘ, ਗੁਰਬਖਸ਼ ਸਿੰਘ ਅਤੇ ਚਿੱਤਰ ਸਿੰਘ ਨੂੰ ਕੈਦ ਕਰ ਲਿਆ ਅਤੇ ਉਨ੍ਹਾਂ ਤਿੰਨਾਂ ਨੂੰ 24 ਜੂਨ 1734 ਨੂੰ ਸ਼ਹੀਦ ਕਰ ਦਿੱਤਾ। ਭਾਈ ਉਦੈ ਸਿੰਘ ਇਕ ਬੜਾ ਸੂਰਬੀਰ ਯੋਧਾ ਸੀ ਤੇ ਉਸ ਲੋਹਗੜ੍ਹ ਦੀ ਲੜਾਈ ਵਿਚ ਰਾਜਾ ਕੇਸਰੀ ਚੰਦ ਨੂੰ ਮਾਰ ਮੁਕਾਇਆ ਸੀ। ਭਾਈ ਬਚਿੱਤਰ ਸਿੰਘ ਵੀ ਬੜਾ ਬਲਵਾਨ ਯੋਧਾ ਸੀ। ਜਦ ਪਹਾੜੀ ਰਾਜਿਆਂ ਨੇ ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਤੋੜਨ ਵਾਸਤੇ ਇਕ ਮਸਤ ਹਾਥੀ ਨੂੰ ਭੇਜਿਆ ਤਾਂ ਬਚਿੱਤਰ ਸਿੰਘ ਨੇ ਹਾਥੀ ਦੇ ਸਿਰ ਵਿਚ ਏਨੇ ਜ਼ੋਰ ਨਾਲ ਬਰਛਾ ਮਾਰਿਆ ਸੀ ਕਿ ਹਾਥੀ ਚੀਕਦਾ ਹੋਇਆ ਪਿਛਾਂਹ ਭੱਜ ਗਿਆ ਤੇ ਉਸ ਪਹਾੜੀ ਰਾਜਿਆਂ ਦੀ ਫ਼ੌਜ ਨੂੰ ਕੁਚਲ ਦਿੱਤਾ ਸੀ।

ਭਾਈ ਮਨੀ ਸਿੰਘ ਦੇ ਤਿੰਨ ਪੁੱਤਰ ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ 7 ਦਸੰਬਰ 1762 ਨੂੰ ਚਮਕੌਰ ਦੀ ਜੰਗ ਵਿਚ ਸ਼ਹੀਦੀਆਂ ਪਾ ਗਏ ਸਨ। ਭਾਈ ਬਚਿੱਤਰ ਸਿੰਘ 8 ਦਸੰਬਰ 1705 ਈਸਵੀ ਨੂੰ ਕੋਟਲਾ ਨਿਹੰਗ ਖਾਂ ਵਿਚ ਸ਼ਹੀਦ ਹੋਏ। ਭਾਈ ਭਗਵਾਨ ਸਿੰਘ 30 ਭਾਦੋਂ ਸੰਮਤ 1757 ਬਿਕਰਮੀ ਨੂੰ ਅਨੰਦਪੁਰ ਦੀ ਲੜਾਈ ਸਮੇਂ ਸ਼ਹੀਦ ਹੋਇਆ।

ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਦੇ ਦਸ ਪੁੱਤਰਾਂ ਵਿਚੋਂ ਸੱਤਾਂ ਨੇ ਸ਼ਹੀਦੀ ਜਾਮ ਪੀਤਾ। ਉਨ੍ਹਾਂ ਦੇ ਦਸ ਪੋਤਰੇ ਵੀ ਸਿੱਖ ਪੰਥ ਦੀ ਸੇਵਾ ਕਰਦੇ ਹੋਏ ਸ਼ਹੀਦ ਹੋਏ। ਉਨ੍ਹਾਂ ਦੇ ਇਕ ਪੁੱਤਰ ਭਾਈ ਦੇਸਾ ਸਿੰਘ ਨੇ ਰਹਿਤਨਾਮਾ ਲਿਖਿਆ ਸੀ। ਉਸ ਦਾ ਰਹਿਤਨਾਮਾ ਵੀ ਸਿੱਖ ਜਗਤ ਵਿਚ ਬਹੁਤ ਪ੍ਰਸਿੱਧ ਹੋਇਆ।

ਜਦ ਗੁਰੂ ਹਰਿ ਕ੍ਰਿਸ਼ਨ ਸਾਹਿਬ ਗੁਰ-ਗੱਦੀ 'ਤੇ ਬੈਠੇ ਤਾਂ ਭਾਈ ਮਨੀ ਸਿੰਘ ਉਨ੍ਹਾਂ ਦੇ ਦਰਸ਼ਨਾਂ ਨੂੰ ਗਏ। ਬਾਲ ਗੁਰੂ ਜੀ ਦੇ ਦਰਸ਼ਨ ਕਰ ਕੇ ਉਹ ਬਹੁਤ ਪ੍ਰਸੰਨ ਹੋਏ। ਉਹ ਹਰ ਵੇਲੇ ਗੁਰੂ ਸਾਹਿਬ ਦੀ ਅਰਦਲ ਵਿਚ ਰਹਿੰਦੇ ਸਨ ਗੁਰੂ ਜੀ ਨਾਲ ਉਨ੍ਹਾਂ ਦਾ ਏਨਾ ਪਿਆਰ ਹੋ ਗਿਆ ਕਿ ਉਨ੍ਹਾਂ ਫਿਰ ਕੀਰਤਪੁਰ

ਵਿਖੇ ਹੀ ਰਹਿਣ ਦਾ ਫੈਸਲਾ ਕਰ ਲਿਆ। ਉਹ ਆਪਣੇ ਸਾਰੇ ਪਰਿਵਾਰ ਨੂੰ ਵੀ ਕੀਰਤਪੁਰ ਲੈ ਗਏ। ਗੁਰਬਾਣੀ ਲਿਖਣ ਦੀ ਸੇਵਾ ਉਨ੍ਹਾਂ ਫਿਰ ਆਰੰਭ ਕਰ ਦਿੱਤੀ। ਉਹ ਗੁਰੂ ਜੀ ਦੇ ਮੁੱਖ ਸਲਾਹਕਾਰ ਬਣ ਗਏ। ਗੁਰੂ ਜੀ ਜਦ ਵੀ ਕੋਈ ਕੰਮ ਆਰੰਭ ਕਰਦੇ ਤਾਂ ਭਾਈ ਮਨੀ ਸਿੰਘ ਜੀ ਨੂੰ ਆਪਣੇ ਪਾਸ ਬੁਲਾ ਕੇ ਸਲਾਹ-ਮਸ਼ਵਰਾ ਕਰਦੇ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਵੱਡੇ ਭਰਾ ਬਾਬਾ ਰਾਮ ਰਾਇ ਨੇ ਔਰੰਗਜ਼ੇਬ ਨਾਲ ਚੰਗੇ ਸੰਬੰਧ ਬਣਾ ਲਏ ਸਨ। ਉਹ ਹਰ ਵੇਲੇ ਔਰੰਗਜ਼ੇਬ ਨੂੰ ਗੁਰੂ ਹਰਿ ਕ੍ਰਿਸ਼ਨ ਦੇ ਖਿਲਾਫ ਚੁੱਕਦਾ ਰਹਿੰਦਾ ਸੀ। ਔਰੰਗਜ਼ੇਬ ਨੇ ਰਾਜਾ ਜੈ ਸਿੰਘ ਦੀ ਇਹ ਜ਼ਿੰਮੇਂਵਾਰੀ ਲਾਈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਲਿਆਵੇ। ਰਾਜਾ ਜੈ ਸਿੰਘ ਨੇ ਦੀਵਾਨ ਪਰਸ ਰਾਮ ਨੂੰ ਇਕ ਚਿੱਠੀ ਦੇ ਕੇ ਗੁਰੂ ਜੀ ਪਾਸ ਭੇਜਿਆ। ਭਾਈ ਕਿਰਪਾਲ ਚੰਦ ਅਤੇ ਭਾਈ ਮਨੀ ਸਿੰਘ ਉਸ ਸਮੇਂ ਗੁਰੂ ਜੀ ਪਾਸ ਹੀ ਬੈਠੇ ਸਨ। ਗੁਰੂ ਜੀ ਨੇ ਭਾਈ ਪਰਸ ਰਾਮ ਤੋਂ ਚਿੱਠੀ ਫੜ ਲਈ ਅਤੇ ਭਾਈ ਮਨੀ ਸਿੰਘ ਨੂੰ ਪੜ੍ਹਨ ਵਾਸਤੇ ਕਿਹਾ। ਭਾਈ ਮਨੀ ਸਿੰਘ ਨੇ ਜਦ ਚਿੱਠੀ ਪੜ੍ਹੀ ਤਾਂ ਗੁਰੂ ਜੀ ਨੇ ਪਰਸ ਰਾਮ ਅਤੇ ਉਸ ਦੇ ਸਾਥੀਆਂ ਨੂੰ ਆਰਾਮ ਕਰਨ ਵਾਸਤੇ ਕਿਹਾ। ਉਨ੍ਹਾਂ ਦੇ ਜਾਣ ਪਿੱਛੋਂ ਉਨ੍ਹਾਂ ਨੇ ਆਪਣੇ ਹੋਰ ਇਤਬਾਰੀ ਸਿੱਖਾਂ ਜਿਨ੍ਹਾਂ ਵਿਚ ਬਾਬਾ ਗੁਰਦਿੱਤਾ ਅਤੇ ਦਰਘਾ ਮੱਲ ਵੀ ਸ਼ਾਮਲ ਸਨ, ਨੂੰ ਬੁਲਾਇਆ। ਭਾਈ ਮਨੀ ਸਿੰਘ ਅਤੇ ਹੋਰ ਸਿੱਖਾਂ ਨੇ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਉਨ੍ਹਾਂ ਨੂੰ ਦਿੱਲੀ ਜਾਣਾ ਚਾਹੀਦਾ ਹੈ। ਗੁਰੂ ਜੀ ਨੇ ਫਿਰ ਪਰਸ ਰਾਮ ਨੂੰ ਬੁਲਾ ਕੇ ਕਿਹਾ ਕਿ ਉਹ ਦਿੱਲੀ ਜਾਣ ਨੂੰ ਤਿਆਰ ਹਨ, ਪਰ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ। ਪਰਸ ਰਾਮ ਨੇ ਵਾਅਦਾ ਕੀਤਾ ਕਿ ਉਹ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰਨਗੇ। ਜਦ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਗਏ।



ਗੁਰੂ ਤੇਗ਼ ਬਹਾਦਰ ਜੀ ਦੀ ਸੇਵਾ ਵਿਚ

ਗੁਰੂ ਹਰਿਕ੍ਰਿਸ਼ਨ ਸਾਹਿਬ ਘੋੜਿਆਂ ਅਤੇ ਬੱਘੀਆਂ 'ਤੇ ਸਵਾਰ ਹੋ ਕੇ ਦਿੱਲੀ ਵੱਲ ਚੱਲ ਪਏ। ਆਪਣੇ ਨਾਲ ਜਿਹੜੇ ਚੋਣਵੇਂ ਸਿੱਖ ਉਨ੍ਹਾਂ ਨਾਲ ਲਏ ਉਨ੍ਹਾਂ ਵਿਚ ਭਾਈ ਮਨੀ ਸਿੰਘ ਵੀ ਸੀ। ਪੰਜੋਖੜੇ ਵਿਖੇ ਕੁਝ ਦਿਨ ਠਹਿਰ ਕੇ ਉਹ ਦਿੱਲੀ ਪੁੱਜ ਗਏ। ਦਿੱਲੀ ਵਿਖੇ ਰਾਜਾ ਜੈ ਸਿੰਘ ਉਨ੍ਹਾਂ ਨੂੰ ਖ਼ੁਦ ਲੈਣ ਆਇਆ। ਗੁਰੂ ਹਰਿਕ੍ਰਿਸ਼ਨ ਸਾਹਿਬ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ। ਭਾਈ ਮਨੀ ਸਿੰਘ, ਭਾਈ ਦਰਘਾ ਮੱਲ, ਬਾਬਾ ਗੁਰਦਿੱਤਾ, ਭਾਈ ਕਿਰਪਾਲ ਚੰਦ ਵੀ ਗੁਰੂ ਜੀ ਦੇ ਨਾਲ ਹੀ ਠਹਿਰੇ, ਬਾਕੀ ਸਿੱਖ ਮਜਨੂ ਦੇ ਟਿੱਲੇ ਵਿਖੇ ਹੀ ਠਹਿਰ ਗਏ। ਔਰੰਗਜ਼ੇਬ ਨੇ ਗੁਰੂ ਨੂੰ ਮਿਲਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਔਰੰਗਜ਼ੇਬ ਦੇ ਮੱਥੇ ਨਾ ਲੱਗੇ। ਜਦ ਉਨ੍ਹਾਂ ਇਹ ਅਨਭਵ ਕੀਤਾ ਕਿ ਔਰੰਗਜ਼ੇਬ ਕਿਸੇ ਸਮੇਂ ਵੀ ਜੈ ਸਿੰਘ ਦੇ ਬੰਗਲੇ ਆ ਸਕਦਾ ਹੈ ਤਾਂ ਉਨ੍ਹਾਂ ਨੇ ਆਪਣਾ ਟਿਕਾਣਾ ਹੀ ਬਦਲ ਲਿਆ ਤੇ ਉਨ੍ਹਾਂ ਭਾਈ ਕਲਿਆਣੇ ਦੀ ਧਰਮਸ਼ਾਲਾ ਵਿਖੇ ਜਾ ਡੇਰੇ ਲਾਏ। ਇਸ ਧਰਮਸ਼ਾਲਾ ਵਿਚ ਆਮ ਲੋਕ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗ ਪਏ। ਭਾਈ ਮਨੀ ਸਿੰਘ ਦੋਵੇਂ ਵੇਲੇ ਬਾਣੀ ਦਾ ਪਾਠ ਪੜ੍ਹ ਕੇ ਸੁਣਾਇਆ ਕਰਦੇ ਸਨ। ਇਥੇ ਉਸ ਸਮੇਂ ਚੇਚਕ ਦੀ ਬਿਮਾਰੀ ਫੈਲ ਗਈ। ਗੁਰੂ ਜੀ ਬਿਮਾਰਾਂ ਦੀ ਸੇਵਾ ਸੰਭਾਲ ਅਤੇ ਇਲਾਜ ਕਰਨ ਲੱਗੇ। ਭਾਈ ਮਨੀ ਸਿੰਘ ਅਤੇ ਹੋਰ ਸਿੱਖ ਹਰ ਵੇਲੇ ਉਨ੍ਹਾਂ ਦੇ ਨਾਲ ਰਹਿੰਦੇ।

ਕੁਝ ਸਮੇਂ ਬਾਅਦ ਗੁਰੂ ਹਰਿਕ੍ਰਿਸ਼ਨ ਨੂੰ ਵੀ ਚੇਚਕ ਦੀ ਬਿਮਾਰੀ ਨੇ ਗ੍ਰੱਸ ਲਿਆ। ਗੁਰੂ ਜੀ ਨੂੰ ਬਹੁਤ ਬੁਖਾਰ ਹੋ ਗਿਆ ਅਤੇ ਉਹ ਬੇਹੋਸ਼ ਵੀ ਹੋ ਗਏ। ਸਿੱਖਾਂ ਨੂੰ ਬੜਾ ਫਿਕਰ ਪੈ ਗਿਆ। ਜਦ ਇਕ ਦਿਨ ਉਨ੍ਹਾਂ ਨੂੰ ਹੋਸ਼ ਆਈ ਤਾਂ ਉਹ ਕਹਿਣ ਲੱਗੇ, "ਅਸੀਂ ਹੁਣ ਅਕਾਲ ਪੁਰਖ ਪਾਸ ਜਾਣ ਵਾਲੇ ਹਾਂ। ਤੁਸੀਂ ਭਾਣਾ ਮੰਨਣਾ! ਕਿਸੇ ਪ੍ਰਕਾਰ ਦਾ ਵਰਲਾਪ ਨਹੀਂ ਕਰਨਾ! ਮੈਂ ਇਹ ਪ੍ਰਣ ਕਰ ਕੇ ਤੁਰਿਆ ਸੀ ਕਿ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ! ਅਕਾਲ ਪੁਰਖ ਨੇ ਇਹ ਪ੍ਰਣ ਨਿਭਾਉਣ ਵਿਚ ਮੇਰੀ ਸਹਾਇਤਾ ਕੀਤੀ ਹੈ।"

ਜਦ ਸਿੱਖਾਂ ਨੇ ਗੁਰੂ ਜੀ ਦੀ ਇਹ ਗੱਲ ਸੁਣੀ ਤਾਂ ਉਹ ਬਹੁਤ ਦੁਖੀ ਹੋਏ। ਬਾਬਾ ਗੁਰਦਿੱਤਾ ਜੀ ਕਹਿਣ ਲੱਗੇ, "ਮਹਾਰਾਜ! ਸਾਨੂੰ ਕਿਸ ਦੇ ਹਵਾਲੇ ਕਰਕੇ ਚੱਲੇ ਹੋ?" ਸ੍ਰੀ ਹਰਿਕ੍ਰਿਸ਼ਨ ਨੇ ਕਿਹਾ, "ਗੁਰੂ ਬਾਬਾ ਬਕਾਲੇ।"

ਫਿਰ ਉਨ੍ਹਾਂ ਨੇ ਹੁਕਮ ਕੀਤਾ ਕਿ ਇਕ ਨਾਰੀਅਲ ਅਤੇ ਪੰਜ ਪੈਸੇ ਲੈ ਕੇ ਆਉਣ। ਬਾਬਾ ਗੁਰਦਿੱਤਾ ਜੀ ਥਾਲੀ ਵਿਚ ਇਕ ਨਾਰੀਅਲ ਤੇ ਪੰਜ ਪੈਸੇ ਲੈ ਕੇ ਆਇਆ। ਗੁਰੂ ਜੀ ਨੇ ਨਾਰੀਅਲ ਅਤੇ ਪੈਸਿਆਂ ਨੂੰ ਛੂਹਿਆ। ਫਿਰ ਤਿੰਨ ਵਾਰ ਉਨ੍ਹਾਂ ਦੇ ਉੱਤੇ ਗੋਲਾਕਾਰ ਰੂਪ ਵਿਚ ਹੱਥ ਫੇਰਿਆ। ਉਨ੍ਹਾਂ ਸਿਰ ਝੁਕਾਇਆ ਅਤੇ ਦੁਬਾਰਾ ਬੋਲੇ, "ਗੁਰੂ ਬਾਬਾ ਬਕਾਲੇ"। ਇਹ ਬਚਨ ਕਰ ਕੇ ਆਪ ਦੀ ਸਮਾਧੀ ਲੱਗ ਗਈ ਅਤੇ ਕੁਝ ਸਮੇਂ ਬਾਅਦ ਉਹ ਪ੍ਰਭੂ ਵਿਚ ਵਿਲੀਨ ਹੋ ਗਏ। ਸਾਰੀਆਂ ਸੰਗਤਾਂ ਨੇ ਮਿਲ ਕੇ ਜਮਨਾ ਦੇ ਕੰਢੇ ਸਸਕਾਰ ਕਰ ਦਿੱਤਾ। ਆਖਰੀ ਰਸਮਾਂ ਅਦਾ ਕਰ ਕੇ ਭਾਈ ਮਨੀ ਸਿੰਘ ਨੇ ਬਾਬਾ ਗੁਰਦਿੱਤਾ ਅਤੇ ਦਰਘਾ ਮੱਲ ਨੂੰ ਬਕਾਲੇ ਜਾਣ ਵਾਸਤੇ ਕਿਹਾ ਤਾਂਕਿ ਉਹ ਸ੍ਰੀ ਤੇਗ਼ ਬਹਾਦਰ ਨੂੰ ਗੁਰ-ਗੱਦੀ 'ਤੇ ਬਿਠਾਉਣ। ਭਾਈ ਮਨੀ ਸਿੰਘ ਸਮਝ ਗਏ ਸਨ ਕਿ (ਗੁਰੂ) ਤੇਗ਼ ਬਹਾਦਰ ਹੀ ਬਕਾਲੇ ਰਹਿੰਦੇ ਸਨ ਅਤੇ ਗੁਰੂ ਹਰਿਕ੍ਰਿਸ਼ਨ ਦਾ ਉਨ੍ਹਾਂ ਵੱਲ ਹੀ ਇਸ਼ਾਰਾ ਸੀ ਕਿਉਂਕਿ (ਗੁਰੂ) ਤੇਗ਼ ਬਹਾਦਰ ਜੀ ਉਨ੍ਹਾਂ ਦੇ ਬਾਬਾ ਲੱਗਦੇ ਸਨ।

ਗੁਰੂ ਹਰਿਕ੍ਰਿਸ਼ਨ ਦੀ ਮਾਤਾ ਕ੍ਰਿਸ਼ਨ ਕੌਰ ਅਤੇ ਹੋਰ ਸੇਵਕਾਂ ਨੂੰ ਲੈ ਕੇ ਉਹ ਕੀਰਤਪੁਰ ਆ ਗਏ। ਮਾਤਾ ਕ੍ਰਿਸ਼ਨ ਕੌਰ ਕਿਉਂਕਿ ਬਹੁਤ ਉਦਾਸ ਸਨ, ਇਸ ਲਈ ਉਹ ਉਨ੍ਹਾਂ ਦਾ ਪੂਰਾ ਧਿਆਨ ਰੱਖਦੇ ਸਨ।

ਜਦ ਗੁਰੂ ਤੇਗ ਬਹਾਦਰ ਜੀ ਗੁਰ–ਗੱਦੀ 'ਤੇ ਬਿਰਾਜ ਗਏ ਤਾਂ ਭਾਈ ਮਨੀ ਸਿੰਘ ਨੇ ਮਾਤਾ ਕ੍ਰਿਸ਼ਨ ਕੌਰ ਨੂੰ ਬੇਨਤੀ ਕੀਤੀ ਕਿ ਗੁਰੂ ਤੇਗ ਬਹਾਦਰ ਜੀ ਨੂੰ ਕੀਰਤਪੁਰ ਬੁਲਾਇਆ ਜਾਵੇ ਤਾਂਕਿ ਉਨ੍ਹਾਂ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਖ਼ਤ ਅਤੇ ਕਲਗੀ ਅਤੇ ਹੋਰ ਸਾਮਾਨ ਸੌਂਪਿਆ ਜਾ ਸਕੇ। ਮਾਤਾ ਕ੍ਰਿਸ਼ਨ ਕੌਰ ਨੇ ਭਾਈ ਮਨੀ ਸਿੰਘ ਨੂੰ ਹੀ ਇਸ ਕੰਮ ਵਾਸਤੇ ਯੋਗ ਸਮਝਿਆ। ਉਨ੍ਹਾਂ ਇਕ ਚਿੱਠੀ ਲਿਖ ਕੇ ਭਾਈ ਮਨੀ ਸਿੰਘ ਨੂੰ ਦਿੱਤੀ ਤੇ ਉਨ੍ਹਾਂ ਨੂੰ ਬਕਾਲੇ ਭੇਜਿਆ।

ਭਾਈ ਮਨੀ ਸਿੰਘ ਜਦ ਬਕਾਲੇ ਪੁੱਜਾ ਤਾਂ ਉਸ ਸਮੇਂ ਉਥੇ ਬਿਲਕੁਲ ਸ਼ਾਂਤ ਮਾਹੌਲ ਸੀ। ਬਾਬਾ ਧੀਰ ਮੱਲ ਨੂੰ ਮੱਖਣ ਸ਼ਾਹ ਲੁਬਾਣੇ ਨੇ ਭਜਾ ਦਿੱਤਾ ਸੀ ਅਤੇ ਬਾਕੀ ਅਖੌਤੀ ਗੁਰੂ ਵੀ ਪੱਤਰਾ ਵਾਚ ਗਏ ਸਨ।

ਭਾਈ ਮਨੀ ਸਿੰਘ ਗੁਰੂ ਜੀ ਦੇ ਘਰ ਗਏ ਅਤੇ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰ ਕੇ ਨਿਹਾਲ ਹੋ ਗਏ। ਉਨ੍ਹਾਂ ਗੁਰੂ ਜੀ ਨੂੰ ਮੱਥਾ ਟੇਕਿਆ। ਫਿਰ ਉਨ੍ਹਾਂ ਆਪਣੀ ਜੇਬ ਵਿਚੋਂ ਕੱਢ ਕੇ ਚਿੱਠੀ ਗੁਰੂ ਜੀ ਨੂੰ ਦਿੱਤੀ। ਗੁਰੂ ਜੀ ਨੇ ਚਿੱਠੀ ਪੜ੍ਹ ਲਈ। ਗੁਰੂ ਤੇਗ ਬਹਾਦਰ ਜੀ ਦੇ ਮਾਤਾ ਨਾਨਕੀ ਜੀ ਵੀ ਕੋਲ ਆ ਕੇ ਬੈਠ ਗਏ। ਗੁਰੂ ਜੀ ਨੇ ਜਦ ਉਨ੍ਹਾਂ ਨੂੰ ਚਿੱਠੀ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਕਿਹਾ, "ਸਾਨੂੰ ਕੀਰਤਪੁਰ ਜਾਣਾ ਚਾਹੀਦਾ ਹੈ। ਮੈਂ ਹੋਰ ਸਿੱਖਾਂ ਨੂੰ ਵੀ ਸੁਨੇਹੇ ਭੇਜ ਦਿੰਦੀ ਹਾਂ।"

ਭਾਈ ਮਨੀ ਸਿੰਘ ਕੁਝ ਦਿਨ ਬਾਬੇ ਬਕਾਲੇ ਹੀ ਠਹਿਰੇ। ਜਦ ਚੱਲਣ ਦਾ ਇੰਤਜ਼ਾਮ ਹੋ ਗਿਆ ਤਾਂ ਉਹ ਵੀ ਗੁਰੂ ਜੀ ਦੇ ਨਾਲ ਹੀ ਕੀਰਤਪੁਰ ਨੂੰ ਚੱਲ ਪਏ।



ਅਨੰਦਪੁਰ ਸਾਹਿਬ ਵਿਚ

ਜਦ ਸਿੱਖਾਂ ਨੂੰ ਇਹ ਪਤਾ ਲੱਗਾ ਕਿ ਗੁਰੂ ਤੇਗ ਬਹਾਦਰ ਜੀ ਕੀਰਤਪੁਰ ਪੱਕੇ ਤੌਰ 'ਤੇ ਰਹਿਣ ਲੱਗ ਗਏ ਹਨ ਤਾਂ ਉਹ ਆਪਣੀ ਵਿਤ ਅਨੁਸਾਰ ਭੇਟਾ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ। ਪਰ ਆਪ ਦੀ ਮਹਿਮਾ ਅਤੇ ਬੇਅੰਤ ਚੜ੍ਹਾਵੇ ਨੂੰ ਉਨ੍ਹਾਂ ਦਾ ਵੱਡਾ ਭਰਾ ਸੂਰਜ ਮੱਲ ਅਤੇ ਉਸ ਦਾ ਪਰਿਵਾਰ ਬਰਦਾਸ਼ਤ ਨਾ ਕਰ ਸਕਿਆ। ਸੂਰਜ ਮੱਲ ਪਾਸ ਵੀ ਕਿਸੇ ਗੱਲ ਦੀ ਘਾਟ ਨਹੀਂ ਸੀ। ਗੁਰੂ ਘਰ ਦੀ ਸਾਰੀ ਜਾਇਦਾਦ ਦਾ ਉਹ ਵਾਰਸ ਸੀ ਅਤੇ ਕੀਰਤਪੁਰ ਦੀ ਸਾਰੀ ਜ਼ਮੀਨ 'ਤੇ ਵੀ ਉਸ ਦਾ ਕਬਜ਼ਾ ਸੀ। ਪਰ ਫਿਰ ਵੀ ਗੁਰੂ ਤੇਗ ਬਹਾਦਰ ਉਸ ਦੀ ਅਤੇ ਮਾਤਾ ਕ੍ਰਿਸ਼ਨ ਕੌਰ ਦੀ ਕਾਫੀ ਸਹਾਇਤਾ ਕਰਦੇ ਸਨ। ਕੋਮਲ ਹਿਰਦੇ ਵਾਲੇ ਗੁਰੂ ਜੀ ਸੂਰਜ ਮੱਲ ਦੀ ਈਰਖਾ ਨੂੰ ਸਹਿਣ ਨਾ ਕਰ ਸਕੇ। ਉਨ੍ਹਾਂ ਕੀਰਤਪੁਰ ਦੇ ਲਾਗੇ ਕੋਈ ਹੋਰ ਸ਼ਹਿਰ ਵਸਾਉਣ ਦੀ ਯੋਜਨਾ ਬਣਾਈ। ਭਾਈ ਮਨੀ ਸਿੰਘ ਨੂੰ ਨਾਲ ਲੈ ਕੇ ਉਹ ਕਹਿਲੂਰ ਗਏ ਅਤੇ ਉਥੋਂ ਦੇ ਰਾਜੇ ਦੀਪ ਚੰਦ ਪਾਸੋਂ ਸਤਲੁਜ ਨਦੀ ਦੇ ਕੰਢੇ ਮਾਖੋਵਾਲ ਦਾ ਸਾਰਾ ਇਲਾਕਾ ਖਰੀਦ ਲਿਆ। ਮਾਖੋਵਾਲ ਕੀਰਤਪੁਰ ਤੋਂ ਅੱਠ ਮੀਲ ਦੂਰ ਸੀ। ਜਦ ਮਾਖੋਵਾਲ ਮਕਾਨਾਂ ਦੀ ਉਸਾਰੀ ਹੋ ਗਈ ਤਾਂ ਇਸ ਸ਼ਹਿਰ ਦਾ ਨਾਂ "ਨਾਨਕੀ ਚੱਕ" ਰੱਖਿਆ ਗਿਆ। ਜਦ ਗੁਰੂ ਜੀ ਅਤੇ ਹੋਰ ਸਿੱਖਾਂ 'ਨਾਨਕੀ ਚੱਕ' ਜਾ ਵਸੇਬਾ ਕੀਤਾ ਤਾਂ ਭਾਈ ਮਨੀ ਸਿੰਘ ਵੀ ਪਰਿਵਾਰ ਸਹਿਤ ਉਥੇ ਜਾ ਕੇ ਰਹਿਣ ਲੱਗ ਗਏ।

ਅਨੰਦਪੁਰ ਸ਼ਹਿਰ ਦੀ ਹਾਲੇ ਉਸਾਰੀ ਚੱਲ ਹੀ ਰਹੀ ਸੀ ਕਿ ਗੁਰੂ ਜੀ ਨੇ ਪ੍ਰਚਾਰ ਹਿਤ ਦੇਸ਼ ਦੀ ਯਾਤਰਾ ਕਰਨ ਦਾ ਮਨ ਬਣਾ ਲਿਆ। ਸ਼ਹਿਰ ਦੇ ਉਸਾਰੀ ਦੇ ਕੰਮ ਦੀ ਜ਼ਿੰਮੇਵਾਰੀ ਉਨ੍ਹਾਂ ਭਾਈ ਮਨੀ ਸਿੰਘ, ਭਾਈ ਭਾਗੂ, ਭਾਈ ਰਾਮਾ ਅਤੇ ਭਾਈ ਸਾਧੂ ਮੁਲਤਾਨੀ ਦੀ ਲਾ ਦਿੱਤੀ। ਭਾਈ ਮਨੀ ਸਿੰਘ ਕਿਉਂਕਿ ਗੁਰੂ ਘਰ ਦੇ ਪੁਰਾਣੇ ਸਿੱਖ ਸਨ ਇਸ ਲਈ ਉਸ ਨੂੰ ਉਨ੍ਹਾਂ ਖਜ਼ਾਨਚੀ ਬਣਾ ਦਿੱਤਾ ਅਤੇ ਹਦਾਇਤ ਕੀਤੀ ਕਿ ਜਿਹੜੀ ਮਾਇਆ ਆਵੇ ਉਸ ਨਾਲ ਮਕਾਨਾਂ ਦੀ ਉਸਾਰੀ ਕੀਤੀ ਜਾਵੇ ਅਤੇ ਲੰਗਰ ਚਲਾਇਆ ਜਾਵੇ।

ਨਗਰ ਵਾਸੀਆਂ ਨੂੰ ਹਦਾਇਤਾਂ ਕਰਕੇ ਗੁਰੂ ਜੀ ਆਪਣੇ ਪਰਿਵਾਰ ਅਤੇ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ ਮਾਲਵੇ ਦੀ ਯਾਤਰਾ ਲਈ ਚਲੇ ਗਏ।

ਗੁਰੂ ਵੱਲੋਂ ਦਿੱਤੇ ਹੋਏ ਨਕਸ਼ੇ ਅਨੁਸਾਰ ਭਾਈ ਮਨੀ ਸਿੰਘ ਸ਼ਹਿਰ ਦੀ ਉਸਾਰੀ ਕਰਵਾਈ ਗਏ। ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਉਨ੍ਹਾਂ ਇਕ ਖੂਹ ਵੀ ਲਵਾਇਆ। ਇਮਾਰਤਾਂ ਤੋਂ ਇਲਾਵਾ ਜਿਹੜੀ ਜ਼ਮੀਨ ਖਾਲੀ ਪਈ ਸੀ ਉਥੇ ਉਹ ਖੇਤੀ ਕਰਵਾਉਣ ਲੱਗ ਪਏ। ਕੁਝ ਸਮੇਂ ਵਿਚ ਚੰਗੀ ਫਸਲ ਹੋਣ ਲੱਗ ਗਈ। ਇਸ ਤਰ੍ਹਾਂ ਲੰਗਰ ਵਾਸਤੇ ਕਣਕ, ਮੱਕੀ, ਦਾਲਾਂ ਤਿਆਰ ਹੋਣ ਲੱਗ ਗਈਆਂ। ਸਿੱਖਾਂ ਦੀ ਰਹਾਇਸ਼ ਵਾਸਤੇ ਵੀ ਉਨ੍ਹਾਂ ਕਈ ਮਕਾਨ ਬਣਵਾਏ।

ਗੁਰੂ ਜੀ ਮਾਲਵੇ ਦੇਸ਼ ਤੋਂ ਹੁੰਦੇ ਹੋਏ ਕੁਰੂਕਸ਼ੇਤਰ, ਦਿੱਲੀ, ਆਗਰਾ, ਬਨਾਰਸ ਆਦਿ ਸ਼ਹਿਰਾਂ ਵਿਚ ਪ੍ਰਚਾਰ ਕਰਦੇ ਹੋਏ ਪਟਨਾ ਪਹੁੰਚੇ। ਪਟਨੇ ਪਹੁੰਚ ਕੇ ਉਨ੍ਹਾਂ ਆਪਣੇ ਪਰਿਵਾਰ ਨੂੰ ਪਟਨੇ ਹੀ ਛੱਡ ਦਿੱਤਾ ਤੇ ਆਪ ਢਾਕੇ ਵੱਲ ਚਲੇ ਗਏ। ਗੁਰੂ ਜੀ ਪੰਜ ਸਾਲ ਭਾਰਤ ਦੀ ਯਾਤਰਾ ਕਰਦੇ ਰਹੇ ਅਤੇ ਫਰਵਰੀ 1671 ਈ: ਨੂੰ ਅਨੰਦਪੁਰ ਵਾਪਿਸ ਆ ਗਏ।

ਜਦ ਭਾਈ ਮਨੀ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਚਾਰ ਮੀਲ ਚੱਲ ਕੇ ਗੁਰੂ ਜੀ ਦਾ ਸਵਾਗਤ ਕਰਨ ਆਏ। ਗੁਰੂ ਜੀ ਨੂੰ ਮਿਲ ਕੇ ਉਹ ਬਹੁਤ ਖੁਸ਼ ਹੋਏ ਅਤੇ ਸਾਰੇ

ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ।

ਗੁਰੂ ਜੀ ਜਦ ਅਨੰਦਪੁਰ ਸ਼ਹਿਰ ਪੁੱਜੇ ਤਾਂ ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ਰਾਤ ਨੂੰ ਦੀਪਮਾਲਾ ਕੀਤੀ ਗਈ। ਗੁਰੂ ਜੀ ਸ਼ਹਿਰ ਦੀ ਨਵੀਂ ਉਸਾਰੀ ਵੇਖ ਕੇ ਬਹੁਤ ਪ੍ਰਸੰਨ ਹੋਏ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਬੰਜਰ ਜ਼ਮੀਨ ਉਤੇ ਵੀ ਖੇਤੀ ਹੋਣ ਲੱਗ ਗਈ ਸੀ ਤਾਂ ਉਨ੍ਹਾਂ ਭਾਈ ਮਨੀ ਸਿੰਘ ਦੀ ਬੜੀ ਸ਼ਲਾਘਾ ਕੀਤੀ। ਜਦ ਉਨ੍ਹਾਂ ਇਕ ਹੋਰ ਖੁਸ਼ਖਬਰੀ ਸੁਣੀ ਕਿ ਭਾਈ ਮਨੀ ਸਿੰਘ ਦੇ ਘਰ ਤਿੰਨ ਹੋਰ ਪੁੱਤਰਾਂ ਨੇ ਜਨਮ ਲਿਆ ਸੀ ਤਾਂ ਉਨ੍ਹਾਂ ਭਾਈ ਮਨੀ ਸਿੰਘ ਨੂੰ ਵਧਾਈ ਦਿੱਤੀ।

ਜਦ ਇਲਾਕੇ ਦੀਆਂ ਸੰਗਤਾਂ ਨੂੰ ਇਹ ਪਤਾ ਲੱਗਾ ਕਿ ਗੁਰੂ ਤੇਗ਼ ਬਹਾਦਰ ਜੀ ਪੰਜ ਸਾਲ ਬਾਅਦ ਅਨੰਦਪੁਰ ਸਾਹਿਬ ਵਾਪਸ ਆ ਗਏ ਹਨ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਅਤੇ (ਗੁਰੂ) ਗੋਬਿੰਦ ਰਾਏ ਦੇ ਅਵਤਾਰ ਧਾਰਨ ਦੀ ਖੁਸ਼ੀ ਵਿਚ ਵਧਾਈ ਦੇਣ ਲਈ ਆਉਣ ਲੱਗੀਆਂ। (ਗੁਰੂ) ਗੋਬਿੰਦ ਰਾਇ ਨੇ 2 ਦਸੰਬਰ ਸੰਨ 1666 ਨੂੰ ਪਟਨਾ ਵਿਖੇ ਅਵਤਾਰ ਧਾਰਿਆ ਸੀ। ਉਹ ਹੁਣ ਪੰਜ ਸਾਲ ਦੇ ਹੋ ਗਏ ਸਨ। ਪਰ ਗੁਰੂ ਤੇਗ਼ ਬਹਾਦਰ ਜੀ ਉਨ੍ਹਾਂ ਨੂੰ ਪਟਨੇ ਹੀ ਛੱਡ ਆਏ ਸੀ।

ਕੁਝ ਸਮੇਂ ਬਾਅਦ ਗੁਰੂ ਜੀ ਨੇ ਪਟਨੇ ਸੁਨੇਹਾ ਭੇਜ ਆਪਣੇ ਪਰਿਵਾਰ ਨੂੰ ਬੁਲਾ ਲਿਆ। ਬਾਲਕ ਗੋਬਿੰਦ ਰਾਇ ਨੂੰ ਜਦ ਭਾਈ ਮਨੀ ਸਿੰਘ ਨੇ ਵੇਖਿਆ ਤਾਂ ਉਹ ਬਹੁਤ ਪ੍ਰਸੰਨ ਹੋਏ। ਅਨੰਦਪੁਰ ਪਹੁੰਚ (ਗੁਰੂ) ਗੋਬਿੰਦ ਰਾਇ ਨੂੰ ਪੜ੍ਹਾਉਣ ਸਿਖਾਉਣ ਦਾ ਕੰਮ ਆਰੰਭ ਹੋਇਆ। ਗੁਰੂ ਤੇਗ਼ ਬਹਾਦਰ ਜੀ ਨੇ ਭਾਈ ਮਨੀ ਸਿੰਘ ਦੀ (ਗੁਰੂ) ਗੋਬਿੰਦ ਰਾਇ ਨੂੰ ਪੰਜਾਬੀ ਪੜ੍ਹਾਉਣ ਦੀ ਜ਼ਿੰਮੇਵਾਰੀ ਲਾਈ। ਭਾਈ ਮਨੀ ਸਿੰਘ ਉਨ੍ਹਾਂ ਨੂੰ ਬੜੇ ਪਿਆਰ ਨਾਲ ਪੜ੍ਹਾਉਂਦੇ ਸਨ।



ਪਵਿੱਤਰ ਗੁਰਬਾਣੀ ਦੀ ਲਿਖਾਈ


ਜਦ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ ਤਾਂ ਗੁਰੂ ਗੋਬਿੰਦ ਰਾਏ ਜੀ ਗੁਰ–ਗੱਦੀ 'ਤੇ ਬੈਠੇ। ਗੱਦੀ 'ਤੇ ਬੈਠਦਿਆਂ ਹੀ ਉਨ੍ਹਾਂ ਸਿੱਖਾਂ ਨੂੰ ਇਹ ਆਦੇਸ਼ ਕਰ ਦਿੱਤਾ ਕਿ ਉਹ ਉਨ੍ਹਾਂ ਲਈ ਹਥਿਆਰ, ਘੋੜੇ ਆਦਿ ਭੇਟ ਦੇ ਰੂਪ ਵਿਚ ਲਿਆਇਆ ਕਰਨ। ਉਨ੍ਹਾਂ ਸੂਰਬੀਰ ਸਿੱਖਾਂ ਨੂੰ ਵੀ ਆਪਣੀ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਬਾਅਦ ਹੀ ਇਕ ਤਕੜੀ ਹਥਿਆਰਬੰਦ ਫ਼ੌਜ ਖੜ੍ਹੀ ਹੋ ਗਈ। ਉਨ੍ਹਾਂ ਸਮਿਆਂ ਵਿਚ ਹੀ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਸੁਨੇਹਾ ਭੇਜਿਆ ਕਿ ਉਹ ਕੁਝ ਸਮੇਂ ਲਈ ਉਸ ਦੀ ਰਿਆਸਤ ਵਿਚ ਆ ਕੇ ਠਹਿਰਨ। ਉਸ ਦੀ ਰਿਆਸਤ ਦੇ ਰਮਣੀਕ ਨਜ਼ਾਰਿਆਂ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਜਮਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਚਲੇ ਗਏ। ਰਾਜੇ ਮੇਦਨੀ ਪ੍ਰਕਾਸ਼ ਦੀ ਸਹਾਇਤਾ ਨਾਲ ਉਨ੍ਹਾਂ ਉਥੇ ਕਈ ਰਹਾਇਸ਼ੀ ਮਕਾਨ ਉਸਾਰੇ। ਜਿਥੇ ਉਹ ਆਪਣੇ ਸੂਰਬੀਰਾਂ ਨੂੰ ਫ਼ੌਜੀ ਸਿਖਲਾਈ ਦਿੰਦੇ ਸਨ, ਉਥੇ ਆਤਮਕ ਬਲ ਨੂੰ ਵਧਾਉਣ ਵਾਸਤੇ ਸਾਹਿਤ ਦੀ ਰਚਨਾ ਵੀ ਕਰਦੇ ਸਨ। ਉਨ੍ਹਾਂ ਦੂਰ ਨੇੜੇ ਦੇ ਕਵੀਆਂ ਨੂੰ ਆਪਣੇ ਪਾਸ ਬੁਲਾ ਲਿਆ। ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਪਾਸ 52 ਕਵੀ ਸਨ, ਜਿਹੜੇ ਕਵਿਤਾ ਲਿਖਦੇ ਸਨ ਅਤੇ ਕਵੀ ਦਰਬਾਰ ਵਿਚ ਭਾਗ ਵੀ ਲੈਂਦੇ ਸਨ। ਗੁਰੂ ਜੀ ਆਪ ਵੀ ਇਕ ਉੱਚ ਕੋਟੀ ਦੇ ਕਵੀ ਸਨ ਜਿਨ੍ਹਾਂ ਨੇ ਕਈ ਗ੍ਰੰਥ ਲਿਖੇ ਜਿਨ੍ਹਾਂ ਨੂੰ ਸੰਕਲਣ ਕਰਕੇ ਬਾਅਦ ਵਿਚ ਭਾਈ ਮਨੀ ਸਿੰਘ ਨੇ ਦਸਮ ਗ੍ਰੰਥ ਸਾਹਿਬ ਦਾ ਨਾਮ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਦੀ ਇਹ ਜ਼ਿੰਮੇਵਾਰੀ ਲਾਈ ਸੀ ਕਿ ਉਹ ਆਦਿ ਗ੍ਰੰਥ ਜਿਹੜਾ ਗੁਰੂ ਅਰਜਨ ਦੇਵ ਜੀ ਨੇ ਤਿਆਰ ਕੀਤਾ ਸੀ, ਉਸ ਦੇ ਉਤਾਰੇ ਤਿਆਰ ਕਰਿਆ ਕਰਨ। ਭਾਈ ਮਨੀ ਸਿੰਘ ਆਦਿ ਗ੍ਰੰਥ ਦੀ ਮੂਲ ਕਾਪੀ ਕਰਤਾਰਪੁਰ ਵਿਖੇ ਲੈਣ ਆਏ ਪਰ ਬਾਬਾ ਧੀਰ ਮੱਲ ਦੇ ਉਤਰਾਧਿਕਾਰੀਆਂ ਨੇ ਗ੍ਰੰਥ ਦੇਣ ਤੋਂ ਨਾਂਹ ਕਰ ਦਿੱਤੀ। ਪਰ ਇਕ ਪੋਥੀ ਉਨ੍ਹਾਂ ਨੂੰ ਕਿਸੇ ਸਿੱਖ ਪ੍ਰੇਮੀ ਪਾਸੋਂ ਮਿਲ ਗਈ। ਉਸ ਪੋਥੀ ਤੋਂ ਭਾਈ ਮਨੀ ਸਿੰਘ ਨੇ ਕਈ ਉਤਾਰੇ ਤਿਆਰ ਕੀਤੇ ਅਤੇ ਬਾਹਰ ਦੀਆਂ ਸੰਗਤਾਂ ਨੂੰ ਭੇਟਾ ਕੀਤੇ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਦੇ ਉਤਾਰੇ ਕਰਨ ਵਾਸਤੇ ਵੀ ਕਈ ਲਿਖਾਰੀ ਰੱਖੇ ਹੋਏ ਸਨ। ਭਾਈ ਮਨੀ ਸਿੰਘ ਅਤੇ ਇਨ੍ਹਾਂ ਲਿਖਾਰੀਆਂ ਦੀ ਕਿਰਪਾ ਨਾਲ ਗੁਰੂ ਗੋਬਿੰਦ ਸਿੰਘ ਦੀ ਸਾਰੀ ਬਾਣੀ ਅਤੇ ਆਦਿ ਗ੍ਰੰਥ ਸਾਹਿਬ ਦੀ ਬਾਣੀ ਸੁਰੱਖਿਅਤ ਰਹਿ ਸਕੀ। ਕਿਉਂਕਿ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਤੋਂ ਬਾਅਦ ਜਦ ਸਰਸਾ ਨਦੀ ਪਾਰ ਕੀਤੀ ਸੀ ਤਾਂ ਸਾਰੇ ਗ੍ਰੰਥ ਦਰਿਆ ਵਿਚ ਹੀ ਬਹਿ ਗਏ ਸਨ।

ਉਨ੍ਹਾਂ ਸਮਿਆਂ ਵਿਚ ਹੀ ਬਾਬਾ ਰਾਮ ਰਾਇ ਦੀ ਪਤਨੀ ਪੰਜਾਬ ਕੌਰ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਆਈ। ਉਹ ਕਹਿਣ ਲੱਗੀ ਕਿ ਬਾਬਾ ਰਾਮ ਰਾਇ ਨੂੰ ਉਨ੍ਹਾਂ ਦੇ ਮਸੰਦਾਂ ਨੇ ਸਮਾਧੀ ਵਿਚ ਬੈਠਿਆਂ ਨੂੰ ਹੀ ਮੁਰਦਾ ਸਮਝ ਕੇ ਸਾੜ ਦਿੱਤਾ ਹੈ। ਜਦ ਗੁਰੂ ਜੀ ਨੂੰ ਇਹ ਪਤਾ ਲੱਗਾ ਤਾਂ ਗੁਰੂ ਜੀ ਨੇ ਭਾਈ ਮਨੀ ਸਿੰਘ ਅਤੇ ਹੋਰ ਸਿੰਘਾਂ ਨੂੰ ਨਾਲ ਲੈ ਕੇ ਡੇਹਰਾਦੂਨ ਗਏ। ਉਥੇ ਜਾ ਕੇ ਉਨ੍ਹਾਂ ਪੁੱਛ–ਪੜਤਾਲ ਕੀਤੀ ਅਤੇ ਜਿਹੜੇ ਮਸੰਦ ਕਸੂਰਵਾਰ ਪਾਏ ਗਏ ਉਨ੍ਹਾਂ ਨੂੰ ਯੋਗ ਸਜ਼ਾਵਾਂ ਦਿੱਤੀਆਂ। ਅਗਲੇ ਸਾਲ ਬਾਬਾ ਰਾਮ ਰਾਇ ਦੀ ਬਰਸੀ ਉਤੇ ਗੁਰੂ ਗੋਬਿੰਦ ਸਿੰਘ ਆਪ ਨਾ ਜਾ ਸਕੇ, ਪਰ ਉਨ੍ਹਾਂ ਨੇ ਭਾਈ ਮਨੀ ਸਿੰਘ ਅਤੇ ਦੀਵਾਨ ਨੰਦ ਚੰਦ ਨੂੰ ਭੇਜ ਦਿੱਤਾ। ਜਦ ਭਾਈ ਮਨੀ ਸਿੰਘ ਅਤੇ ਦੀਵਾਨ ਨੰਦ ਚੰਦ ਡੇਹਰਾਦੂਨ ਪਹੁੰਚੇ ਤਾਂ ਉਥੇ ਇਕ ਪੁਰਾਣਾ ਮਸੰਦ ਗੁਰਬਖਸ਼ ਰਾਇ ਵੀ ਪੁੱਜਾ ਹੋਇਆ ਸੀ। ਉਸ ਮਸੰਦ ਨੇ ਜਦ ਗੁਰੂ ਗੋਬਿੰਦ ਸਿੰਘ ਜੀ

ਦੀ ਸ਼ਾਨ ਦੇ ਵਿਰੁੱਧ ਕੁਝ ਸ਼ਬਦ ਬੋਲੇ ਤਾਂ ਭਾਈ ਮਨੀ ਸਿੰਘ ਨੇ ਤਲਵਾਰ ਦੇ ਇਕ ਵਾਰ ਨਾਲ ਹੀ ਉਸ ਦਾ ਸਿਰ ਲਾਹ ਕੇ ਰੱਖ ਦਿੱਤਾ।

18 ਅੱਸੂ ਸੰਮਤ **1745** ਨੂੰ ਪਹਾੜੀ ਰਾਜਿਆਂ ਨੇ ਗੜ੍ਹਵਾਲ ਦੇ ਰਾਜੇ ਫਤੇ ਸ਼ਾਹ ਦੀ ਅਗਵਾਈ ਹੇਠ ਗੁਰੂ ਜੀ ਉੱਤੇ ਹਮਲਾ ਕੀਤਾ। ਜਦ ਗੁਰੂ ਜੀ ਨੂੰ ਪਤਾ ਲੱਗਾ ਤਾਂ ਉਹ ਪਾਉਂਟਾ ਸਾਹਿਬ ਛੱਡ ਕੇ ਭੰਗਾਣੀ ਵਿਖੇ ਆ ਗਏ। ਇਸ ਲੜਾਈ ਵਿਚ ਭਾਈ ਮਨੀ ਸਿੰਘ ਨੇ ਹਿੱਸਾ ਲਿਆ ਅਤੇ ਬਹਾਦਰੀ ਦੇ ਐਸੇ ਜੌਹਰ ਵਿਖਾਏ ਕਿ ਵੇਖਣ ਵਾਲੇ ਹੈਰਾਨ ਰਹਿ ਗਏ। ਲੜਾਈ ਵਿਚ ਭਾਈ ਮਨੀ ਸਿੰਘ ਦਾ ਭਰਾ ਹਰੀ ਚੰਦ ਸ਼ਹੀਦ ਹੋ ਗਿਆ। ਭਾਈ ਮਨੀ ਸਿੰਘ ਦੇ ਲੜਕਿਆਂ ਨੇ ਵੀ ਇਸ ਲੜਾਈ ਵਿਚ ਭਾਗ ਲਿਆ ਅਤੇ ਬੜੀ ਬਹਾਦਰੀ ਨਾਲ ਲੜੇ। ਸੰਮਤ **1748** ਬਿਕਰਮੀ ਨੂੰ ਜਦ ਨਾਦੌਣ ਦਾ ਯੁੱਧ ਹੋਇਆ ਤਾਂ ਉਸ ਵਿਚ ਭਾਈ ਮਨੀ ਸਿੰਘ ਅਤੇ ਉਸ ਦੇ ਲੜਕਿਆਂ ਨੇ ਵੀ ਭਾਗ ਲਿਆ। ਇਸ ਲੜਾਈ ਵਿਚ ਭਾਈ ਮਨੀ ਸਿੰਘ ਬੜੀ ਬਹਾਦਰੀ ਨਾਲ ਲੜੇ। ਗੁਰੂ ਗੋਬਿੰਦ ਜੀ ਆਪ ਦੀ ਬਹਾਦਰੀ 'ਤੇ ਬਹੁਤ ਖੁਸ਼ ਹੋਏ ਤੇ ਉਨ੍ਹਾਂ ਭਾਈ ਮਨੀ ਸਿੰਘ ਨੂੰ **21** ਮਾਰਚ ਨੂੰ ਦੀਵਾਨ ਦੀ ਪਦਵੀ 'ਤੇ ਨਿਯੁਕਤ ਕਰ ਦਿੱਤਾ।

ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਗੁਰੂ ਜੀ ਅਨੰਦਪੁਰ ਸਾਹਿਬ ਆ ਗਏ ਤੇ ਆ ਕੇ ਉਨ੍ਹਾਂ ਕਿਲ੍ਹਿਆਂ ਦੀ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ। ਭਾਈ ਮਨੀ ਸਿੰਘ ਵੀ ਆਪਣੇ ਪਰਿਵਾਰ ਸਹਿਤ ਅਨੰਦਪੁਰ ਸਾਹਿਬ ਆ ਗਿਆ। ਇਥੇ ਆ ਕੇ ਵੀ ਉਸ ਦਾ ਮੁੱਖ ਕੰਮ ਗ੍ਰੰਥ ਸਾਹਿਬ ਦੇ ਉਤਾਰੇ ਲਿਖਣਾ ਹੀ ਸੀ। ਭਾਈ ਮਨੀ ਸਿੰਘ ਦੀ ਉਮਰ ਉਸ ਸਮੇਂ ਪੰਜਾਹ ਸਾਲ ਤੋਂ ਉਪਰ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜਿਥੇ ਵੀ ਯਾਤਰਾ 'ਤੇ ਜਾਂਦੇ ਸਨ ਤਾਂ ਉਹ ਭਾਈ ਮਨੀ ਸਿੰਘ ਨੂੰ ਨਾਲ ਹੀ ਰਖਦੇ ਸਨ। ਜਦ ਫਰਵਰੀ **1694** ਈ. ਨੂੰ ਗੁਰੂ ਜੀ ਹਰਦਵਾਰ ਗਏ ਤਾਂ ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਸਨ।



ਲੋਹਗੜ੍ਹ ਦੀ ਜੰਗ

ਜਦ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਚਲੇ ਗਏ ਸਨ ਤਾਂ ਮੀਣੇ ਮਿਹਰਬਾਨ ਦੇ ਪੁੱਤਰ ਹਰਿ ਜੀ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਸੀ। ਜਦ ਸੰਮਤ 1753 ਬਿਕਰਮੀ ਵਿਚ ਸੋਢੀ ਹਰਿ ਜੀ ਚਲਾਣਾ ਕਰ ਗਿਆ ਤਾਂ ਮੀਣੇ ਅੰਮ੍ਰਿਤਸਰ ਛੱਡ ਕੇ ਚਲੇ ਗਏ। ਫਿਰ ਅੰਮ੍ਰਿਤਸਰ ਦੀ ਸਿੱਖ ਸੰਗਤ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਉਹ ਆਪਣੇ ਹੱਥਾਂ ਵਿਚ ਲੈਣ। ਉਨ੍ਹਾਂ ਦੀ ਮੰਗ ਅਨੁਸਾਰ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਯੋਗ ਸਮਝ ਕੇ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ ਨਿਯੁਕਤ ਕਰ ਦਿੱਤਾ ਅਤੇ ਸਾਰਾ ਪ੍ਰਬੰਧ ਕਰਨ ਦੀ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਲਾ ਦਿੱਤੀ। ਇਤਿਹਾਸਕਾਰਾਂ ਅਨੁਸਾਰ ਭਾਈ ਮਨੀ ਸਿੰਘ 3 ਮਈ 1696 ਈ: ਨੂੰ ਅੰਮ੍ਰਿਤਸਰ ਪੁੱਜੇ ਤੇ ਉਥੇ ਜਾ ਕੇ ਉਨ੍ਹਾਂ ਨਿਸ਼ਾਨ ਸਾਹਿਬ ਝੁਲਾਇਆ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੀ ਨਾਲ ਪੰਜ ਸਿੱਖ ਵੀ ਭੇਜੇ ਸਨ ਜਿਨ੍ਹਾਂ ਨੇ ਭਾਈ ਮਨੀ ਸਿੰਘ ਦੀ ਅਗਵਾਈ ਹੇਠ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਕਰਨੀ ਸੀ।

ਸ੍ਰੀ ਹਰਿ ਜੀ ਪੁੱਤਰ ਮਿਹਰਬਾਨ ਨੇ ਦਰਬਾਰ ਸਾਹਿਬ ਦੀ ਪੁਰਾਣੀ ਮਰਯਾਦਾ ਜੋ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਸੀ, ਬਦਲ ਦਿੱਤੀ ਸੀ। ਭਾਈ ਮਨੀ ਸਿੰਘ ਨੇ ਉਸ ਮਰਯਾਦਾ ਨੂੰ ਦੁਬਾਰਾ ਗੁਰਮਤਿ ਦੇ ਆਸ਼ੇ ਅਨੁਸਾਰ ਚਾਲੂ ਕੀਤਾ। ਉਹ ਮਰਯਾਦਾ ਅੱਜ ਵੀ ਚੱਲ ਰਹੀ ਹੈ।

ਜਦ 1699 ਈ: ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਖਾਲਸੇ ਪੰਥ ਦੀ ਸਿਰਜਣਾ ਕੀਤੀ ਤਾਂ ਮਨੀ ਸਿੰਘ ਵੀ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਉਥੇ ਪੁੱਜੇ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਉਨ੍ਹਾਂ ਦਾ ਨਾਂ ਮਨੀ ਰਾਮ ਤੋਂ ਮਨੀ ਸਿੰਘ ਹੋ ਗਿਆ। ਭਾਈ ਜੀ ਦੇ ਦਸਾਂ ਪੁੱਤਰਾਂ ਨੇ ਵੀ ਅੰਮ੍ਰਿਤ ਛਕਿਆ। ਇਨ੍ਹਾਂ ਦਸਾਂ ਪੁੱਤਰਾਂ ਵਿਚ ਭਾਈ ਉਦੈ ਸਿੰਘ ਅਤੇ ਭਾਈ ਬਚਿੱਤਰ ਸਿੰਘ ਵੀ ਸ਼ਾਮਲ ਸਨ।

ਭਾਈ ਬਚਿੱਤਰ ਸਿੰਘ ਭਾਈ ਮਨੀ ਸਿੰਘ ਦੇ ਦੂਸਰੇ ਪੁੱਤਰ ਸਨ। ਆਪ ਨੇ ਗੁਰੂ ਤੇਗ਼ ਬਹਾਦਰ ਜੀ ਦੀ ਨਿਗਰਾਨੀ ਵਿੱਚ ਆਪਣਾ ਬਚਪਨ ਗੁਜ਼ਾਰਿਆ ਸੀ ਤੇ ਵੱਡੇ ਹੋ ਕੇ ਗੁਰੂ ਗੋਬਿੰਦ ਸਿੰਘ ਦੀ ਸੈਨਾ ਵਿਚ ਭਰਤੀ ਹੋ ਗਏ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬੜੇ ਲਾਡਲੇ ਯੋਧੇ ਸਨ। ਜਦ ਪਹਾੜੀ ਰਾਜਿਆਂ ਨੇ ਲੋਹਗੜ੍ਹ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਬਚਿੱਤਰ ਸਿੰਘ ਬੜੀ ਬਹਾਦਰੀ ਨਾਲ ਲੜੇ। ਪਹਾੜੀਆਂ ਰਾਜਿਆਂ ਨੇ ਇਕ ਤਾਕਤਵਾਰ ਹਾਥੀ ਨੂੰ ਸ਼ਰਾਬ ਨਾਲ ਮਸਤ ਕਰ ਕੇ, ਜ਼ਰਾ-ਬਖਤਰਾਂ ਨਾਲ ਲੈਸ ਕਰਕੇ ਕਿਲ੍ਹੇ ਦੇ ਦਰਵਾਜ਼ੇ ਨੂੰ ਤੋੜਨ ਵਾਸਤੇ ਭੇਜਿਆ। ਗੁਰੂ ਜੀ ਨੇ ਹਾਥੀ ਦਾ ਮੁਕਾਬਲਾ ਕਰਨ ਲਈ ਭਾਈ ਬਚਿੱਤਰ ਸਿੰਘ ਨੂੰ ਚੁਣਿਆ। ਗੁਰੂ ਜੀ ਨੇ ਉਸ ਨੂੰ ਥਾਪੜਾ ਦਿੱਤਾ ਅਤੇ ਇਕ ਬਰਛੀ ਦੇ ਕੇ ਮੁਕਾਬਲਾ ਕਰਨ ਵਾਸਤੇ ਭੇਜਿਆ। ਪਹਾੜੀ ਸੈਨਾ ਬੜੀ ਵੱਡੀ ਗਿਣਤੀ ਵਿਚ ਸੀ। ਪਹਾੜੀ ਰਾਜਾ ਕੇਸਰੀ ਚੰਦ ਘੋੜੇ ਨੂੰ ਟਪਾਉਂਦਾ ਹੋਇਆ ਹਾਥੀ ਦੇ ਮਗਰ-ਮਗਰ ਆ ਰਿਹਾ ਸੀ। ਜਦ ਬਚਿੱਤਰ ਸਿੰਘ ਹਾਥੀ ਦਾ ਮੁਕਾਬਲਾ ਕਰਨ ਵਾਸਤੇ ਨਿਕਲਿਆ ਤਾਂ ਭਾਈ ਮਨੀ ਸਿੰਘ ਤੇ ਉਨ੍ਹਾਂ ਦਾ ਦੂਸਰਾ ਲੜਕਾ ਉਦੈ ਸਿੰਘ ਵੀ ਪਹਾੜੀਆਂ ਦਾ ਮੁਕਾਬਲਾ ਕਰਨ ਵਾਸਤੇ ਨਿਕਲ ਤੁਰੇ।

ਜਦ ਮਸਤ ਹਾਥੀ ਕਿਲ੍ਹੇ ਦੇ ਨੇੜੇ ਆਇਆ ਤਾਂ ਬਚਿੱਤਰ ਸਿੰਘ ਨੇ ਘੋੜੇ ਦੀਆਂ ਰਕਾਬਾਂ 'ਤੇ ਪੂਰਾ ਭਾਰ ਪਾ ਕੇ ਪੱਬਾਂ ਭਾਰ ਹੋ ਕੇ ਸਾਰੇ ਜ਼ੋਰ ਨਾਲ ਹਾਥੀ ਦੇ ਮੱਥੇ ਵਿਚ ਅਜਿਹਾ ਬਰਛਾ ਮਾਰਿਆ ਜਿਹੜਾ ਤਵੀ ਨੂੰ ਵਿੰਨ੍ਹਦਾ ਹੋਇਆ ਉਸ ਦੇ ਸਿਰ ਵਿਚ ਧੱਸ ਗਿਆ। ਹਾਥੀ ਬੜੇ ਰੋਹ ਵਿਚ ਆਇਆ ਅਤੇ ਚੀਕਾਂ ਮਾਰਦਾ

ਪਿੱਛਾਂਹ ਵੱਲ ਭੱਜ ਪਿਆ। ਮਹਾਵਤ ਵੀ ਆਪਣੇ ਆਪ ਨੂੰ ਕਾਬੂ ਨਾ ਰੱਖ ਸਕਿਆ ਤੇ ਹਾਥੀ ਤੋਂ ਡਿੱਗ ਕੇ ਪਾਰ ਬੋਲ ਗਿਆ। ਹਾਥੀ ਆਪਣੀ ਫ਼ੌਜ ਨੂੰ ਦਰੜਨ ਲੱਗ ਗਿਆ ਤੇ ਪਹਾੜੀਏ ਭੇਡਾਂ ਬੱਕਰੀਆਂ ਵਾਂਗ ਜਾਨ ਬਚਾਉਣ ਲਈ ਚਾਰ–ਚੁਫੇਰੇ ਭੱਜ ਉੱਠੇ। ਓਧਰ ਰਾਜਾ ਕੇਸਰੀ ਚੰਦ ਜਿਹੜਾ ਹਾਥੀ ਵਾਂਗ ਹੀ ਮਸਤ ਹੋਇਆ ਘੋੜਾ ਨਚਾ ਰਿਹਾ ਸੀ, ਭਾਈ ਉਦੈ ਸਿੰਘ ਦੇ ਕਾਬੂ ਆ ਗਿਆ। ਭਾਈ ਉਦੈ ਸਿੰਘ ਨੇ ਅਜਿਹਾ ਵਾਰ ਕੀਤਾ ਕਿ ਉਸ ਦਾ ਸਿਰ ਲੱਥ ਕੇ ਧਰਤੀ 'ਤੇ ਡਿੱਗ ਪਿਆ। ਭਾਈ ਉਦੈ ਸਿੰਘ ਨੇ ਰਾਜਾ ਕੇਸਰੀ ਚੰਦ ਦੇ ਸਿਰ ਨੂੰ ਚੁਕਿਆ ਤੇ ਗੁਰੂ ਗੋਬਿੰਦ ਸਿੰਘ ਦੇ ਚਰਨਾਂ 'ਤੇ ਆ ਰੱਖਿਆ। ਭਾਈ ਮੋਹਕਮ ਸਿੰਘ ਨੇ ਮਸਤ ਹਾਥੀ ਦੀ ਸੁੰਢ ਹੀ ਵੱਢ ਦਿੱਤੀ ਤੇ ਸ਼ੇਰ ਸਿੰਘ ਨੇ ਹਾਥੀ ਦੀ ਲੱਤ ਹੀ ਲਾਹ ਦਿੱਤੀ ਤੇ ਉਹ ਧਰਤੀ 'ਤੇ ਢਹਿ ਪਿਆ। ਰਾਜਾ ਅਜਮੇਰ ਚੰਦ ਅਤੇ ਹੰਡੂਰੀਆ ਹਿੰਮਤ ਸਿੰਘ ਵੀ ਤੀਰ ਲੱਗਣ ਨਾਲ ਸਖਤ ਜ਼ਖਮੀ ਹੋ ਗਏ। ਇਸ ਲੜਾਈ ਵਿਚ ਭਾਈ ਮਨੀ ਸਿੰਘ ਵੀ ਸਖਤ ਜ਼ਖਮੀ ਹੋ ਗਏ। ਸਿੱਖ ਉਨ੍ਹਾਂ ਨੂੰ ਚੁੱਕ ਕੇ ਕਿਲ੍ਹੇ ਵਿਚ ਲੈ ਆਏ। ਜਦ ਪਹਾੜੀ ਫ਼ੌਜੀਆਂ ਨੇ ਵੇਖਿਆ ਕਿ ਉਨ੍ਹਾਂ ਦੇ ਕਈ ਰਾਜੇ ਮਾਰੇ ਗਏ ਹਨ ਅਤੇ ਕਈ ਜ਼ਖਮੀ ਹੋ ਗਏ ਹਨ ਤਾਂ ਉਹ ਵੀ ਜਿੱਧਰ ਮੂੰਹ ਹੋਇਆ, ਓਧਰ ਨੂੰ ਹੀ ਭੱਜ ਗਏ। ਸਿੱਖਾਂ ਨੇ ਉਨ੍ਹਾਂ ਦਾ ਪਿੱਛਾ ਨਾ ਕੀਤਾ। ਇਸ ਲੜਾਈ ਦੇ ਪਿੱਛੋਂ ਜਦ ਮਨੀ ਸਿੰਘ ਰਾਜ਼ੀ ਹੋ ਗਏ ਤਾਂ ਫਿਰ ਉਹ ਅੰਮ੍ਰਿਤਸਰ ਆ ਗਏ। ਭਾਈ ਮਨੀ ਸਿੰਘ ਅਤੇ ਉਸ ਦੇ ਪਰਿਵਾਰ ਦੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ "ਫ਼ਰਜ਼ੰਦਹ ਖ਼ਾਨੇਜਾਦ" ਦਾ ਖਿਤਾਬ ਬਖਸ਼ਿਆ।



ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਨੂੰ ਦਿੱਲੀ ਪਹੁੰਚਾਉਣਾ

ਮੁਗ਼ਲਈ ਫ਼ੌਜਾਂ ਅਤੇ ਪਹਾੜੀ ਰਾਜਿਆਂ ਦੀ ਸੈਨਾ ਨੇ ਅਨੰਦਪੁਰ ਦੇ ਕਿਲ੍ਹੇ ਨੂੰ ਛੇ-ਸੱਤ ਮਹੀਨੇ ਘੇਰਾ ਪਾਈ ਰਖਿਆ। ਪਰ ਗੁਰੂ ਜੀ ਨੇ ਕਿਲ੍ਹਾ ਖਾਲੀ ਨਾ ਕੀਤਾ।

ਪਰ ਜਦ ਰਾਸ਼ਨ ਮੁੱਕਦਾ ਵੇਖਿਆ ਤਾਂ ਗੁਰੂ ਜੀ ਨੂੰ ਮਜਬੂਰਨ ਕਿਲ੍ਹਾ ਖਾਲੀ ਕਰਨਾ ਪਿਆ।

ਗੁਰੂ ਜੀ ਨੇ ਕਿਲ੍ਹਾ ਖਾਲੀ ਕਰਨ ਤੋਂ ਪਹਿਲਾਂ ਇਹ ਯੋਜਨਾ ਬਣਾਈ ਕਿ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਨੂੰ ਸਿੰਘ ਸੈਨਾ ਤੋਂ ਵੱਖ ਤੌਰ 'ਤੇ ਭੇਜ ਦਿੱਤਾ ਜਾਵੇ ਤਾਂਕਿ ਜੇ ਮੁਗ਼ਲ ਪਿੱਛਾ ਵੀ ਕਰਨ ਤਾਂ ਉਨ੍ਹਾਂ ਨੂੰ ਰੋਕ ਲਿਆ ਜਾਵੇ। ਇਸ ਤਰ੍ਹਾਂ ਛੋਟੇ ਸਾਹਿਬਜ਼ਾਦੇ ਅਤੇ ਦੋਵੇਂ ਮਾਤਾਵਾਂ ਸੁਰੱਖਿਅਤ ਨਿਕਲ ਜਾਣਗੀਆਂ। ਉਨ੍ਹਾਂ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਇਕ ਘੋੜੇ 'ਤੇ ਚੜ੍ਹਾਇਆ ਅਤੇ ਉਨ੍ਹਾਂ ਨਾਲ ਕੁਝ ਸੂਰਮੇ ਸਿੰਘ ਦਿੱਤੇ। ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਨਾਲ ਉਨ੍ਹਾਂ ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਨੂੰ ਭੇਜਿਆ। ਦਰਿਆ ਵਿਚ ਉਸ ਸਮੇਂ ਹੜ੍ਹ ਆਇਆ ਹੋਇਆ ਸੀ ਅਤੇ ਸਿਆਲ ਕਰਕੇ ਪਾਣੀ ਵੀ ਬਹੁਤ ਠੰਡਾ ਸੀ। ਪਰ ਮਾਤਾਵਾਂ ਅਤੇ ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਦੇ ਘੋੜੇ ਠੀਕ ਢੰਗ ਨਾਲ ਦਰਿਆ ਪਾਰ ਕਰ ਗਏ। ਬਾਹਰ ਨਿਕਲਦਿਆਂ ਹੀ ਉਨ੍ਹਾਂ ਘੋੜਿਆਂ ਨੂੰ ਛੇੜਿਆ ਅਤੇ ਕੁਝ ਸਮੇਂ ਵਿਚ ਹੀ ਰੋਪੜ ਪਹੁੰਚ ਗਏ। ਪਰ ਮਾਤਾ ਗੁਜਰੀ ਦਾ ਘੋੜਾ ਆਪਣੇ ਸਹਾਇਕ ਸਿੰਘਾਂ ਤੋਂ ਵੀ ਵੱਖ ਹੋ ਗਿਆ ਅਤੇ ਕਿਸੇ ਹੋਰ ਅਣਜਾਣ ਥਾਂ ਜਾ ਨਿਕਲਿਆ।

ਰੋਪੜ ਵਿਚ ਇਕ ਸਿੱਖ ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਸ਼ਰਧਾਲੂ ਸੀ। ਉਹ ਸਿੱਧੇ ਉਸ ਦੇ ਘਰ ਗਏ ਤੇ ਉਸ ਨੂੰ ਸਾਰੀ ਗੱਲ ਤੋਂ ਜਾਣੂ ਕਰਵਾਇਆ। ਉਸ ਸਿੱਖ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਉਸ ਨੇ ਇਕ ਗੱਡਬੈਲ 'ਤੇ ਸੁੰਦਰ ਕੱਪੜੇ ਪਵਾ ਦਿੱਤੇ ਤੇ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਨੂੰ ਵਿਚ ਬਿਠਾ ਦਿੱਤਾ। ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਨੇ ਮੁਸਲਮਾਨੀ ਭੇਸ ਧਾਰਨ ਕਰ ਲਿਆ ਤੇ ਉਹ ਗੱਡਬੈਲ ਦੇ ਪਿੱਛੇ ਪਿੱਛੇ ਚੱਲ ਪਏ।

ਉਸ ਸਿੱਖ ਦਾ ਇਕ ਰਿਸ਼ਤੇਦਾਰ ਦਿੱਲੀ ਵਿਖੇ ਰਹਿੰਦਾ ਸੀ। ਉਥੇ ਉਸ ਦੀ ਵੱਡੀ ਹਵੇਲੀ ਸੀ ਜਿਸ ਨੂੰ ਭਾਈ ਜਵਾਹਰ ਸਿੰਘ ਦੀ ਹਵੇਲੀ ਕਹਿੰਦੇ ਸਨ। ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਉਨ੍ਹਾਂ ਨੇ ਭਾਈ ਜਵਾਹਰ ਸਿੰਘ ਦੀ ਹਵੇਲੀ ਦਾ ਪੂਰਾ ਪਤਾ ਦੇ ਦਿੱਤਾ।

ਉਸ ਸਮੇਂ ਮੁਗ਼ਲ ਫ਼ੌਜ ਕਿਉਂਕਿ ਗੁਰੂ ਗੋਬਿੰਦ ਸਿੰਘ ਦੇ ਪਿੱਛੇ ਲੱਗੀ ਹੋਈ ਸੀ, ਇਸ ਲਈ ਉਨ੍ਹਾਂ ਨੂੰ ਦਿੱਲੀ ਜਾਂਦਿਆਂ ਰਾਹ ਵਿਚ ਕਿਸੇ ਨਾ ਰੋਕਿਆ ਤੇ ਉਹ ਠੀਕ-ਠਾਕ ਜਵਾਹਰ ਸਿੰਘ ਦੀ ਹਵੇਲੀ ਪਹੁੰਚ ਗਏ। ਭਾਈ ਜਵਾਹਰ ਸਿੰਘ ਵੀ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਉਸ ਦੋਹਾਂ ਮਾਤਾਵਾਂ ਨੂੰ ਮੱਥਾ ਟੇਕਿਆ ਤੇ ਘਰ ਦੀਆਂ ਔਰਤਾਂ ਨੂੰ ਉਨ੍ਹਾਂ ਦੇ ਸੇਵਾ ਵਿਚ ਲਾ ਦਿੱਤਾ। ਭਾਈ ਮਨੀ ਸਿੰਘ ਅਤੇ ਭਾਈ ਦੀਪ ਸਿੰਘ ਦੀ ਰਹਾਇਸ਼ ਵਾਸਤੇ ਉਸ ਨੇ ਇਕ ਕਮਰਾ ਦੇ ਦਿੱਤਾ।

ਇਕ ਦਿਨ ਬਾਬਾ ਦੀਪ ਸਿੰਘ ਨੇ ਮਾਤਾ ਸੁੰਦਰੀ ਪਾਸ ਬੇਨਤੀ ਕੀਤੀ, "ਮਾਤਾ ਜੀ! ਗੁਰੂ ਜੀ ਬਾਰੇ ਹਾਲੇ ਕੁਝ ਪਤਾ ਨਹੀਂ ਲੱਗਾ। ਸਾਨੂੰ ਵੀ ਚਿੰਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਪਤਾ ਕਰਦਾ ਹਾਂ ਅਤੇ ਨਾਲ ਹੀ ਆਪਣੇ ਮਾਂ-ਬਾਪ ਦਾ ਪਤਾ ਲਿਆਉਂਦਾ ਹਾਂ।" ਮਾਤਾ ਸੁੰਦਰੀ ਜੀ ਨੇ ਬਾਬਾ ਦੀਪ ਸਿੰਘ ਨੂੰ ਆਗਿਆ

ਦੇ ਦਿੱਤੀ ਤੇ ਉਹ ਚਲਾ ਗਿਆ।

ਪਰ ਭਾਈ ਮਨੀ ਸਿੰਘ ਦੋਹਾਂ ਮਾਤਾਵਾਂ ਦੀ ਸੇਵਾ ਵਿਚ ਹੀ ਰਿਹਾ। ਉਹ ਸ਼ਹਿਰ ਵਿਚ ਭੇਸ ਬਦਲ ਕੇ ਜਾਂਦਾ ਤੇ ਕੁਝ ਇਤਬਾਰੀ ਸਿੰਘਾਂ ਨੂੰ ਮਿਲਦਾ ਪਰ ਗੁਰੂ ਜੀ ਬਾਰੇ ਉਸ ਨੂੰ ਕੋਈ ਉੱਘ-ਸੁੱਘ ਨਾ ਮਿਲੀ। ਕਈ ਮਹੀਨਿਆਂ ਬਾਅਦ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਲੱਖੀ ਜੰਗਲ ਵਿਚ ਠਹਿਰੇ ਹੋਏ ਹਨ। ਭਾਈ ਮਨੀ ਸਿੰਘ ਨੂੰ ਕੁਝ ਆਸ ਬੱਝੀ ਤਾਂ ਉਹ ਘੋੜਾ ਲੈ ਕੇ ਲੱਖੀ ਜੰਗਲ ਵੱਲ ਚਲੇ ਗਿਆ। ਉਥੇ ਜਾ ਕੇ ਉਸ ਨੂੰ ਪੱਤਾ ਲੱਗਾ ਕਿ ਗੁਰੂ ਜੀ ਭਾਈ ਡੱਲੇ ਪਾਸ ਸਾਬ੍ਹੋ ਕੀ ਤਲਵੰਡੀ ਰਹਿ ਰਹੇ ਹਨ।

ਜਦ ਉਸ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹ ਉਨ੍ਹਾਂ ਦੇ ਚਰਨਾਂ ਉੱਤੇ ਢਹਿ ਪਿਆ। ਗੁਰੂ ਜੀ ਨੇ ਪੁੱਛਿਆ, "ਭਾਈ ਮਨੀ ਸਿੰਘ! ਸੁੰਦਰੀ ਅਤੇ ਸਾਹਿਬਾਂ ਦਾ ਕੀ ਹਾਲ ਹੈ?" ਭਾਈ ਮਨੀ ਸਿੰਘ ਨੇ ਦੱਸਿਆ ਕਿ ਉਹ ਬਿਲਕੁਲ ਠੀਕ-ਠਾਕ ਹਨ ਅਤੇ ਦਿੱਲੀ ਵਿਖੇ ਰਹਿ ਰਹੀਆਂ ਹਨ। ਪਰ ਜਦ ਭਾਈ ਮਨੀ ਸਿੰਘ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਬਾਰੇ ਸੁਣਿਆ ਤਾਂ ਉਹ ਆਪਣੇ ਆਪ 'ਤੇ ਕਾਬੂ ਨਾ ਪਾ ਸਕਿਆ ਤੇ ਉੱਚੀ-ਉੱਚੀ ਰੋਣ ਲੱਗ ਗਿਆ। ਗੁਰੂ ਜੀ ਨੇ ਉਸ ਨੂੰ ਦਿਲਾਸਾ ਦਿੱਤਾ ਅਤੇ ਸਮਝਾਇਆ, "ਸਾਡਾ ਇਸ ਵਿਚ ਕੀ ਹੈ? ਸਭ ਕੁਝ ਉਸ ਵਾਹਿਗੁਰੂ ਦਾ ਹੈ। ਉਹ ਆਪੇ ਹੀ ਦਿੰਦਾ ਹੈ ਤੇ ਆਪੇ ਹੀ ਲੈ ਜਾਂਦਾ ਹੈ। ਤੂੰ ਹੁਣ ਇਸ ਤਰ੍ਹਾਂ ਕਰ, ਦਿੱਲੀ ਨੂੰ ਵਾਪਿਸ ਮੁੜ ਜਾ ਅਤੇ ਆਪਣੀਆਂ ਦੋਹਾਂ ਮਾਤਾਵਾਂ ਨੂੰ ਇਥੇ ਲੈ ਆ।" ਭਾਈ ਮਨੀ ਸਿੰਘ ਗੁਰੂ ਜੀ ਦਾ ਹੁਕਮ ਸੁਣ, ਦਿੱਲੀ ਪਹੁੰਚ ਗਿਆ। ਪਰ ਉਹ ਮਾਤਾਵਾਂ ਨੂੰ ਸਾਹਿਬਜ਼ਾਦਿਆਂ ਬਾਰੇ ਕੁਝ ਨਾ ਦੱਸ ਸਕਿਆ। ਉਸ ਕਿਹਾ, "ਮਾਤਾ ਜੀ! ਗੁਰੂ ਜੀ ਮਹਾਰਾਜ ਨੇ ਤੁਹਾਨੂੰ ਤਲਵੰਡੀ ਸਾਬ੍ਹੋ ਵਿਖੇ ਆਉਣ ਨੂੰ ਕਿਹਾ ਹੈ।" ਕੁਝ ਦਿਨ ਬਾਅਦ ਉਹ ਮਾਤਾਵਾਂ ਨੂੰ ਲੈ ਕੇ ਗੁਰੂ ਜੀ ਪਾਸ ਪਹੁੰਚ ਗਿਆ।



ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੁਨਰ ਸੰਪਾਦਨ

ਜਦ ਗੁਰੂ ਗੋਬਿੰਦ ਸਿੰਘ ਜੀ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਵਿਚ ਠਹਿਰੇ ਹੋਏ ਸਨ ਤਾਂ ਉਸ ਸਮੇਂ ਵਾਤਾਵਰਣ ਸ਼ਾਂਤ ਹੋ ਗਿਆ ਸੀ। ਬਾਦਸ਼ਾਹ ਔਰੰਗਜ਼ੇਬ ਨੇ ਆਪਣੇ ਉੱਚ ਅਧਿਕਾਰੀਆਂ ਨੂੰ ਸੁਨੇਹੇ ਭੇਜ ਦਿੱਤੇ ਸਨ ਕਿ ਉਹ ਗੁਰੂ ਜੀ ਨੂੰ ਤੰਗ ਨਾ ਕਰਨ। ਇਸ ਸ਼ਾਂਤਮਈ ਮਾਹੌਲ ਦਾ ਲਾਭ ਲੈਣ ਲਈ ਗੁਰੂ ਜੀ ਨੇ ਇਹ ਫੈਸਲਾ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਜਿਸ ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ ਕੀਤਾ ਹੈ, ਉਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵੀ ਸ਼ਾਮਲ ਕੀਤੀ ਜਾਵੇ। ਇਹ ਇਕ ਵੱਡਾ ਕਾਰਜ ਸੀ ਤੇ ਸਾਰੇ ਹੀ ਸ੍ਰੀ ਗ੍ਰੰਥ ਸਾਹਿਬ ਦਾ ਪੁਨਰ ਸੰਪਾਦਨ ਹੋਣਾ ਸੀ।

ਭਾਈ ਮਨੀ ਸਿੰਘ ਅਨੰਦਪੁਰ ਸਾਹਿਬ ਵਿਖੇ ਸ੍ਰੀ ਗ੍ਰੰਥ ਸਾਹਿਬ ਦੇ ਉਤਾਰੇ ਕਰਦਾ ਰਿਹਾ ਸੀ, ਇਸ ਲਈ ਇਸ ਕਾਰਜ ਵਾਸਤੇ ਉਨ੍ਹਾਂ ਭਾਈ ਮਨੀ ਸਿੰਘ ਨੂੰ ਹੀ ਲਿਖਾਰੀ ਬਣਾਉਣ ਦੀ ਤਜਵੀਜ਼ ਬਣਾਈ। ਭਾਈ ਮਨੀ ਸਿੰਘ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਕਈ ਉਤਾਰੇ ਮਾਝੇ, ਮਾਲਵੇ ਅਤੇ ਦੁਆਬੇ ਦੀਆਂ ਉੱਘੀਆਂ ਸੰਸਥਾਵਾਂ ਨੂੰ ਦੇ ਚੁੱਕਾ ਸੀ। ਇਸ ਲਈ ਉਸ ਕੁਝ ਉਤਾਰੇ ਇਕੱਠੇ ਕਰ ਲਏ। ਗੁਰੂ ਸਾਹਿਬ ਨੂੰ ਬੇਨਤੀ ਕਰ ਕੇ ਉਸ ਬਾਬਾ ਦੀਪ ਸਿੰਘ ਜੀ ਨੂੰ ਵੀ ਸੁਨੇਹਾ ਭੇਜ ਕੇ ਪਿੰਡ ਪਹੂਵਿੰਡ ਤੋਂ ਦਮਦਮਾ ਸਾਹਿਬ ਬੁਲਾ ਲਿਆ।

ਬਾਬਾ ਦੀਪ ਸਿੰਘ ਜੀ ਨੂੰ ਜਦ ਇਹ ਪਤਾ ਲੱਗਾ ਕਿ ਗੁਰੂ ਸਾਹਿਬ ਠੀਕ-ਠਾਕ ਦਮਦਮਾ ਸਾਹਿਬ ਵਿਖੇ ਵਿਚਰ ਰਹੇ ਹਨ, ਤਾਂ ਉਹ ਬਹੁਤ ਪ੍ਰਸੰਨ ਹੋਏ ਅਤੇ ਛੇਤੀ ਹੀ ਦਰਸ਼ਨਾਂ ਲਈ ਪਹੁੰਚ ਗਏ। ਸਾਹਿਬਜ਼ਾਦਿਆਂ ਬਾਰੇ ਸੁਣ ਕੇ ਉਹ ਵੀ ਬਹੁਤ ਦੁਖੀ ਹੋਏ, ਪਰ ਗੁਰੂ ਸਾਹਿਬ ਦੀ ਚੜ੍ਹਦੀ ਕਲਾ ਨੇ ਸਾਰਿਆਂ ਨੂੰ ਢਾਰਸ ਦਿੱਤਾ।

ਗੁਰੂ ਸਾਹਿਬ ਨੇ ਇਕ ਤੰਬੂ ਲਵਾਇਆ ਤੇ ਉਹ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਬਾਣੀ ਲਿਖਵਾਈ ਜਾਂਦੇ ਸਨ। ਇਸ ਤਰ੍ਹਾਂ (ਗੁਰੂ) ਗ੍ਰੰਥ ਸਾਹਿਬ ਦੇ ਦੋ ਸਰੂਪ ਨਾਲੋਂ ਨਾਲ ਤਿਆਰ ਹੋ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਇਕ ਦਿਨ ਵਿਚ ਜੋ ਵੀ ਲਿਖਵਾਉਂਦੇ ਸਨ, ਉਸ ਗੁਰਬਾਣੀ ਦੇ ਸ਼ਾਮ ਦੇ ਦੀਵਾਨ ਵਿਚ ਸਾਰੀਆਂ ਸੰਗਤਾਂ ਨੂੰ ਅਰਥ ਕਰ ਕੇ ਦੱਸਦੇ ਸਨ। ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਤਾਂ ਅਰਥ ਲਿਖੀ ਵੀ ਜਾਂਦੇ ਸਨ। ਜੇ ਕਿਸੇ ਗੱਲ ਦਾ ਬਾਬਾ ਦੀਪ ਸਿੰਘ ਜਾਂ ਭਾਈ ਮਨੀ ਸਿੰਘ ਨੂੰ ਸ਼ੰਕਾ ਵੀ ਹੁੰਦੀ ਸੀ ਤਾਂ ਉਹ ਗੁਰੂ ਜੀ ਪਾਸੋਂ ਪੁੱਛ ਲੈਂਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਦੀ ਬਾਣੀ ਰਾਗਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਲਈ। ਇਹ ਜਿਹੜੀ ਬੀੜ ਤਿਆਰ ਹੋਈ, ਇਸ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਨੂੰ ਜਾਣ ਲੱਗੇ ਤਾਂ ਉਹ ਦਮਦਮੇ ਸਾਹਿਬ ਵਾਲੀ ਬੀੜ ਆਪਣੇ ਨਾਲ ਲੈ ਗਏ। ਦੂਸਰੀ ਬੀੜ ਜਿਹੜੀ ਬਾਬਾ ਦੀਪ ਸਿੰਘ ਨੇ ਤਿਆਰ ਕੀਤੀ ਉਹ ਦਮਦਮੇ ਸਾਹਿਬ ਵਿਚ ਹੀ ਰਹੀ ਅਤੇ ਬਾਬਾ ਦੀਪ ਸਿੰਘ ਨੇ ਇਸ ਦੇ ਚਾਰ ਉਤਾਰੇ ਹੋਰ ਕੀਤੇ। ਬਾਬਾ ਦੀਪ ਸਿੰਘ ਦੇ ਤਿਆਰ ਕੀਤੇ ਗਏ ਇਹ ਉਤਾਰੇ ਚਾਰ ਤਖਤਾਂ 'ਤੇ ਮੌਜੂਦ ਹਨ। ਜਦ ਬੀੜ ਤਿਆਰ ਹੋ ਗਈ ਤਾਂ ਗੁਰੂ ਜੀ ਨੇ ਭਾਈ ਮਨੀ ਸਿੰਘ ਦੀ ਜ਼ਿੰਮੇਵਾਰੀ ਲਾ ਦਿੱਤੀ ਕਿ ਉਹ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਮਝਾਇਆ ਕਰਨ। ਭਾਈ ਮਨੀ ਸਿੰਘ ਕਾਫੀ ਸਮਾਂ ਅਰਥ ਸਮਝਾਉਂਦੇ ਰਹੇ।

ਜਦ ਗੁਰੂ ਜੀ ਬਹਾਦਰ ਸ਼ਾਹ ਨੂੰ ਮਿਲਣ ਵਾਸਤੇ ਦਿੱਲੀ ਚਲੇ ਗਏ ਤਾਂ ਉਨ੍ਹਾਂ ਭਾਈ ਮਨੀ ਸਿੰਘ ਅਤੇ ਚਾਰ ਹੋਰ ਸਿੱਖਾਂ ਨੂੰ ਅੰਮ੍ਰਿਤਸਰ ਜਾਣ ਦਾ ਆਦੇਸ਼ ਕੀਤਾ। ਅੰਮ੍ਰਿਤਸਰ ਆ ਕੇ ਭਾਈ ਮਨੀ ਸਿੰਘ ਦੀਵਾਨ

ਲਾਉਂਦੇ ਅਤੇ ਬਾਣੀ ਦੇ ਅਰਥ ਸਮਝਾਉਂਦੇ। ਇਸ ਤਰ੍ਹਾਂ ਭਾਈ ਮਨੀ ਸਿੰਘ ਦੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਸੰਪਰਦਾਈ ਟਕਸਾਲ ਦਾ ਆਰੰਭ ਹੋਇਆ। ਭਾਈ ਮਨੀ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਡਿਊਟੀ ਦੇ ਨਾਲ ਗੁਰਬਾਣੀ ਦੇ ਅਰਥ ਵੀ ਕਰਦੇ ਰਹੇ।

ਆਪ ਵੱਲੋਂ ਅਰਥ ਪੜ੍ਹਨ ਵਾਲੇ ਵਿਦਵਾਨ ਸਿੱਖਾਂ ਇਸ ਸੰਪਰਦਾਈ ਅਰਥਾਂ ਦੀ ਟਕਸਾਲ ਨੂੰ ਜਾਰੀ ਰੱਖਿਆ। ਬਾਅਦ ਵਿਚ ਇਸ ਦੀਆਂ ਕਈ ਹੋਰ ਸ਼ਾਖਾਵਾਂ ਵੀ ਬਣ ਗਈਆਂ। ਇਸ ਦੀਆਂ ਦੋ ਪ੍ਰਮੁੱਖ ਸ਼ਾਖਾਵਾਂ ਬਣੀਆਂ। ਇਕ ਸ਼ਾਖ ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ ਕਾਇਮ ਕੀਤੀ ਅਤੇ ਦੂਸਰੀ ਸ਼ਾਖ ਸੰਤ ਅਮੀਰ ਸਿੰਘ ਗਲੀ ਸੱਤੋਵਾਲੀ ਨੇ ਚਲਾਈ। ਜਿਥੇ ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਦੇ ਮੁੱਖ ਚੇਲੇ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਬਹੁਤ ਵੱਡੇ ਵਿਦਵਾਨ ਹੋਏ ਹਨ, ਉਸ ਤਰ੍ਹਾਂ ਸੰਤ ਅਮੀਰ ਸਿੰਘ ਜੀ ਦੇ ਚੇਲੇ ਸੰਤ ਕਿਰਪਾਲ ਸਿੰਘ ਵੱਡੇ ਗਿਆਨੀ ਹੋਏ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਸ ਜਿਲਦਾਂ ਵਿਚ ਟੀਕਾ ਲਿਖਿਆ ਹੈ ਅਤੇ ਹੋਰ ਪ੍ਰਮੁੱਖ ਬਾਣੀਆਂ ਦੇ ਟੀਕੇ ਵੀ ਕੀਤੇ ਹਨ। ਭਾਈ ਮਨੀ ਸਿੰਘ ਨੇ ਦਸਮ ਗ੍ਰੰਥ ਦੀ ਬਾਣੀ ਨੂੰ ਇਕੱਤਰ ਕਰ ਕੇ ਇਕ ਗ੍ਰੰਥ ਦੇ ਰੂਪ ਵਿਚ ਸੰਕਲਨ ਕਰਕੇ ਉਸ ਨੂੰ ਦਸਮ ਗ੍ਰੰਥ ਦਾ ਨਾਮ ਦਿੱਤਾ। ਇਸ ਤੱਥ ਦਾ ਪਤਾ ਸਾਨੂੰ ਭਾਈ ਮਨੀ ਸਿੰਘ ਵੱਲੋਂ ਮਾਤਾ ਸੁੰਦਰੀ ਜੀ ਨੂੰ ਲਿਖੀ ਚਿੱਠੀ ਤੋਂ ਲੱਗ ਜਾਂਦਾ ਹੈ। ਇਹ ਬੀੜ ਭਾਈ ਮਨੀ ਸਿੰਘ ਦੇ ਆਦੇਸ਼ ਅਨੁਸਾਰ ਭਾਈ ਸ਼ੀਹਾ ਨੇ ਦਿੱਲੀ ਵਿਚ 1711 ਈ: ਲਿਖਣੀ ਆਰੰਭ ਕੀਤੀ ਸੀ ਤੇ ਇਸ ਦੀ ਸਮਾਪਤੀ ਸਾਲ 1712 ਈ: ਨੂੰ ਹੋਈ। ਇਹ ਬੀੜ ਅਫਗਾਨਿਸਤਾਨ ਦੇ ਪ੍ਰਸਿੱਧ ਸ਼ਹਿਰ ਕਾਬਲ ਵਿਚ ਭਾਈ ਗੁਰਦਾਸ ਜੀ ਦੇ ਗੁਰਦੁਆਰੇ ਵਿਖੇ ਸੁਰੱਖਿਅਤ ਪਈ ਹੈ।



ਦੀਵਾਨ ਲਖਪਤ ਰਾਇ

ਅੰਮ੍ਰਿਤਸਰ ਸ਼ਹਿਰ 'ਤੇ ਸਖਤੀ ਕਰਨ ਅਤੇ ਸਰੋਵਰ ਦੀ ਰਾਖੀ ਲਈ ਦੀਵਾਨ ਲਖਪਤ ਰਾਇ ਨੂੰ ਅੰਮ੍ਰਿਤਸਰ ਦਾ ਹਾਕਮ ਥਾਪਿਆ ਗਿਆ। ਉਹ ਬੜਾ ਜ਼ਾਲਮ ਅਤੇ ਨਿਰਦਈ ਸੀ।

ਅਹੁਦਾ ਸੰਭਾਲਦਿਆਂ ਹੀ ਉਸ ਸ਼ਹਿਰ ਵਿਚ ਇਹ ਹੁਕਮ ਕਰ ਦਿੱਤਾ ਕਿ ਕੋਈ ਵੀ ਵਿਅਕਤੀ ਸਿੱਖਾਂ ਨੂੰ ਪਨਾਹ ਨਾ ਦੇਵੇ। ਉਸ ਫ਼ੌਜਦਾਰ ਨੂੰ ਹੁਕਮ ਦਿੱਤਾ ਕਿ ਜਿਹੜਾ ਵੀ ਸਿੱਖ ਇਸ਼ਨਾਨ ਕਰਨ ਆਵੇ ਉਸ ਨੂੰ ਮੌਕੇ 'ਤੇ ਹੀ ਮਾਰ ਦਿੱਤਾ ਜਾਵੇ।

ਪਰ ਫਿਰ ਵੀ ਸਿੱਖ ਇਸ਼ਨਾਨ ਕਰਨ ਆਉਂਦੇ ਰਹਿੰਦੇ ਸਨ। ਇਕ ਵਾਰ ਇਕ ਸਿੱਖਾਂ ਦਾ ਜਥਾ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਆਇਆ। ਉਸ ਜਥੇ ਨੂੰ ਪਤਾ ਲੱਗਾ ਸੀ ਕਿ ਲਖਪਤ ਰਾਇ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਹੈ ਤੇ ਦਰਬਾਰ ਸਾਹਿਬ ਨੂੰ ਤਾਲੇ ਲਾ ਦਿੱਤੇ ਹਨ ਅਤੇ ਸਿੱਖ ਮਰਯਾਦਾ ਨੂੰ ਭੰਗ ਕਰ ਦਿੱਤਾ ਗਿਆ ਹੈ।

ਜਥੇਦਾਰ ਕੁਝ ਸਾਥੀਆਂ ਨੂੰ ਲੈ ਕੇ ਭਾਈ ਮਨੀ ਸਿੰਘ ਦੇ ਡੇਰੇ ਪੁੱਜ ਗਿਆ। ਭਾਈ ਮਨੀ ਸਿੰਘ ਦੇ ਡੇਰੇ ਪਹੁੰਚ ਕੇ ਉਸ ਨੂੰ ਪਤਾ ਲੱਗਾ ਕਿ ਦੀਵਾਨ ਲਖਪਤ ਰਾਇ ਲੋਕਾਂ ਉਤੇ ਬਹੁਤ ਜ਼ੁਲਮ ਕਰ ਰਿਹਾ ਸੀ। ਰਾਤ ਨੂੰ ਸ਼ਰਾਬ ਦਾ ਦੌਰ ਚਲਦਾ ਸੀ, ਮੁਜਰਾ ਹੁੰਦਾ ਸੀ ਅਤੇ ਸ਼ਹਿਰ ਵਿਚ ਕੁਝ ਕੁੜੀਆਂ ਵੀ ਜ਼ਬਰੀ ਚੁੱਕ ਕੇ ਲਿਆਂਦੀਆਂ ਜਾਂਦੀਆਂ ਸਨ। ਭਾਈ ਮਨੀ ਸਿੰਘ ਨੇ ਦੱਸਿਆ, "ਸਾਡੇ ਡੇਰੇ ਪੜ੍ਹਦੇ ਇਕ ਵਿਦਿਆਰਥੀ ਦੀ ਭੈਣ ਨੂੰ ਵੀ ਅੱਜ ਚੁੱਕ ਕੇ ਲੈ ਗਏ ਹਨ, ਪਰ ਉਸ ਦਾ ਹੁਣ ਤਕ ਕੋਈ ਪਤਾ ਨਹੀਂ ਲੱਗਾ। ਕੱਲ੍ਹ ਦੋ ਸਿੰਘ ਇਸ਼ਨਾਨ ਕਰਨ ਆਏ ਸਨ ਤਾਂ ਉਨ੍ਹਾਂ ਨੂੰ ਕਤਲ ਕਰ ਕੇ ਲਾਸ਼ਾਂ ਨੂੰ ਦਰੱਖਤਾਂ ਨਾਲ ਟੰਗਿਆ ਹੈ। ਸ਼ਹਿਰ ਵਿਚ ਲੋਕ ਬਹੁਤ ਸਹਿਮੇ ਹੋਏ ਹਨ ਅਤੇ ਕਈ ਤਾਂ ਸ਼ਹਿਰ ਛੱਡ ਕੇ ਬਾਹਰ ਜਾ ਰਹੇ ਹਨ। ਜੇ ਇਸ ਤਰ੍ਹਾਂ ਚਲਦਾ ਰਿਹਾ ਤਾਂ ਸ਼ਹਿਰ ਉਜੜ ਜਾਵੇਗਾ।" ਜਥੇਦਾਰ ਨੇ ਕਿਹਾ, "ਸਾਡੇ ਜਥੇ ਵਿਚ ਦੋ ਸੌ ਸਿੰਘ ਹਨ, ਕਿਸੇ ਢੰਗ ਨਾਲ ਅਸੀਂ ਲਖਪਤ ਰਾਇ ਨੂੰ ਤਾਂ ਸੋਧ ਸਕਦੇ ਹਾਂ।" ਪਰ ਭਾਈ ਮਨੀ ਸਿੰਘ ਨੇ ਮਨ੍ਹਾ ਕਰਦਿਆਂ ਕਿਹਾ, "ਇਹ ਤਾਂ ਸਿੱਧਾ ਆਤਮਘਾਤ ਹੋਵੇਗਾ, ਦਸ ਹਜ਼ਾਰ ਦੀ ਹਥਿਆਰ ਬੰਧ ਫ਼ੌਜ ਨਾਲ ਦੋ ਸੌ ਬੰਦਿਆਂ ਦਾ ਕੀ ਮੁਕਾਬਲਾ?" ਪਰ ਉਹ ਸਿੰਘ ਕਹਿਣ ਲੱਗਾ, "ਅਸੀਂ ਬੰਦੇ ਨਹੀਂ ਸਿੰਘ ਹਾਂ, ਇਕ ਸਿੰਘ ਹੀ ਸਵਾ ਲੱਖ ਨਾਲ ਮੁਕਾਬਲਾ ਕਰ ਸਕਦਾ ਹੈ। ਭਾਈ ਮਨੀ ਸਿੰਘ ਨੇ ਉਸ ਸਿੰਘ ਦੀ ਗੱਲ ਮੰਨ ਲਈ ਤੇ ਆਪਣੇ ਦੋ ਪੁੱਤਰਾਂ ਤੇ ਤਿੰਨ ਸਿੰਘਾਂ ਨੂੰ ਉਨ੍ਹਾਂ ਦੀ ਅਗਵਾਈ ਕਰਨ ਅਤੇ ਪੈਂਤੜਾ ਦੱਸਣ ਲਈ ਭੇਜ ਦਿੱਤਾ ਤਾਂਕਿ ਵਾਰ ਕਰ ਕੇ ਭੱਜਣ ਵਾਸਤੇ ਕੋਈ ਸੁਰੱਖਿਅਤ ਰਾਹ ਲੱਭ ਸਕਣ।

ਉਸ ਨੇ ਜਥੇਦਾਰ ਨੂੰ ਸਮਝਾ ਦਿੱਤਾ ਕਿ ਰਾਤ ਦੇ ਨੌਂ ਵਜੇ ਹਮਲਾ ਕਰਨਾ ਉਚਿਤ ਹੋਵੇਗਾ। ਰਾਤ ਦੇ ਅੱਠ ਵਜੇ ਉਹ ਸ਼ਰਾਬ ਪੀਣੀ ਸ਼ੁਰੂ ਕਰ ਦਿੰਦੇ ਹਨ ਤੇ ਕੰਜਰੀਆਂ ਨਚਾਉਣ ਲੱਗ ਜਾਂਦੇ ਹਨ। ਉਸ ਸਮੇਂ ਉਸ ਪਾਸ ਖਾਸ ਖਾਸ ਬੰਦੇ ਹੀ ਹੁੰਦੇ ਹਨ। ਬਾਕੀ ਫ਼ੌਜ ਸ਼ਹਿਰ ਵਿਚ ਅਤੇ ਦਰਬਾਰ ਦੇ ਦੁਆਲੇ ਪਹਿਰਾ ਦੇ ਰਹੀ ਹੁੰਦੀ ਹੈ। ਤੁਸੀਂ ਘੋੜਿਆਂ ਨੂੰ ਕਿਸੇ ਗੁਪਤ ਥਾਂ 'ਤੇ ਬੰਨ੍ਹ ਜਾਣਾ ਤੇ ਫਿਰ ਭੱਜ ਕੇ ਘੋੜਿਆਂ 'ਤੇ ਚੜ੍ਹ ਪੱਤਰਾ ਵਾਚ ਜਾਣਾ।

ਉਸ ਸਿੰਘ ਨੂੰ ਭਾਈ ਮਨੀ ਸਿੰਘ ਦੀ ਗੱਲ ਪਸੰਦ ਆਈ। ਭਾਈ ਮਨੀ ਸਿੰਘ ਦੇ ਪੰਜ ਸੂਰਮੇ ਵੀ ਉਨ੍ਹਾਂ ਨਾਲ ਰਲ ਗਏ। ਜਿਸ ਲੜਕੀ ਨੂੰ ਉਸ ਦਿਨ ਲਖਪਤ ਰਾਇ ਦੇ ਬੰਦੇ ਚੁੱਕ ਕੇ ਲਿਆਏ ਸਨ ਉਸ ਦੇ ਭਰਾ ਧਰਮਪਾਲ ਨੇ ਵੀ ਉਨ੍ਹਾਂ ਦੇ ਨਾਲ ਜਾਣ ਦੀ ਜ਼ਿਦ ਕੀਤੀ। ਭਾਈ ਮਨੀ ਸਿੰਘ ਨੇ ਉਸ ਨੂੰ ਬਾਕੀ ਸਿੰਘਾਂ

ਦੇ ਨਾਲ ਭੇਜ ਦਿੱਤਾ। ਸਿੰਘ ਰੁੱਖਾਂ ਦੇ ਝੁੰਡ ਵਿਚ ਆਪਣੇ ਘੋੜੇ ਬੰਨ੍ਹ ਆਏ ਤੇ ਹਥਿਆਰ ਲੈ ਕੇ ਭਾਈ ਗੁਰਬਖਸ਼ ਸਿੰਘ ਅਤੇ ਭਾਈ ਚਿੱਤਰ ਸਿੰਘ ਦੇ ਪਿੱਛੇ ਲੱਗ ਤੁਰੇ। ਭਾਈ ਮਨੀ ਸਿੰਘ ਦੇ ਪੁੱਤਰਾਂ ਨੂੰ ਲਖਪਤ ਰਾਇ ਦੇ ਤੰਬੂ ਦਾ ਪਤਾ ਸੀ। ਜਦ ਉਹ ਰਾਤ ਦੇ ਹਨੇਰੇ ਵਿਚ ਤੰਬੂ ਪਾਸ ਪਹੁੰਚੇ ਤਾਂ ਉਨ੍ਹਾਂ ਸਾਜ਼ਾਂ ਦੇ ਵੱਜਣ ਦੀ ਆਵਾਜ਼ ਸੁਣੀ। ਨਾਲ ਨਾਲ ਕੁਝ ਗਾਉਣ ਦੀ ਆਵਾਜ਼ ਵੀ ਆਈ। ਉਹ ਸਮਝ ਗਏ ਕਿ ਇਹੋ ਦੀਵਾਨ ਲਖਪਤ ਰਾਇ ਦਾ ਤੰਬੂ ਹੈ। ਸਿੰਘਾਂ ਨੇ ਮਿੰਟਾਂ ਵਿਚ ਬਾਹਰ ਖੜ੍ਹੇ ਪਹਿਰੇਦਾਰਾਂ ਨੂੰ ਦਬੋਚ ਲਿਆ। ਜਦ ਉਹ ਅੰਦਰ ਗਏ ਤਾਂ ਉਨ੍ਹਾਂ ਵੇਖਿਆ ਲਖਪਤ ਰਾਇ ਪਲੰਘ 'ਤੇ ਬੈਠਾ ਸ਼ਰਾਬ ਪੀ ਰਿਹਾ ਸੀ। ਅੰਦਰ ਸ਼ਮਾਂਦਾਨ ਜਗ ਰਹੇ ਸਨ। ਚਿੱਤਰ ਸਿੰਘ ਨੇ ਇਸ਼ਾਰਾ ਕੀਤਾ ਕਿ ਓਹੋ ਹੀ ਲਖਪਤ ਰਾਇ ਸੀ। ਜਦ ਲਖਪਤ ਰਾਇ ਨੇ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਜਥੇਦਾਰ ਨੇ ਕ੍ਰਿਪਾਨ ਉਸ ਦੀ ਛਾਤੀ 'ਤੇ ਰੱਖਦੇ ਹੋਏ ਕਿਹਾ, "ਲਖੂ! ਜੇ ਰੌਲਾ ਪਾਇਆ ਤਾਂ ਇਹ ਤਲਵਾਰ ਤੇਰੀ ਛਾਤੀ ਵਿਚੋਂ ਲੰਘ ਜਾਵੇਗੀ। ਅਸੀਂ ਤੈਨੂੰ ਮਾਰਨ ਨਹੀਂ ਆਏ, ਬਲਕਿ ਉਹ ਕੁੜੀਆਂ ਲੈਣ ਆਏ ਹਾਂ ਜਿਨ੍ਹਾਂ ਨੂੰ ਤੂੰ ਚੁੱਕ ਕੇ ਲਿਆਇਆ ਏਂ।"

ਲਖਪਤ ਰਾਇ ਨੇ ਉਸੇ ਵੇਲੇ ਕੁੜੀਆਂ ਉਨ੍ਹਾਂ ਦੇ ਹਵਾਲੇ ਕਰਨ ਦਾ ਇਸ਼ਾਰਾ ਕੀਤਾ। ਵਿਦਿਆਰਥੀ ਧਰਮਪਾਲ ਨੇ ਆਪਣੀ ਭੈਣ ਨੂੰ ਪਛਾਣ ਲਿਆ ਤੇ ਉਹ ਕੁੜੀ ਭੱਜ ਕੇ ਉਸ ਪਾਸ ਆ ਗਈ। ਦੂਸਰੀਆਂ ਕੁੜੀਆਂ ਵੀ ਆ ਗਈਆਂ। ਜਥੇਦਾਰ ਨੇ ਉਸ ਵਿਦਿਆਰਥੀ ਨੂੰ ਇਸ਼ਾਰਾ ਕੀਤਾ ਕਿ ਉਹ ਕੁੜੀਆਂ ਲੈ ਕੇ ਚਲਾ ਜਾਵੇ। ਉਨ੍ਹਾਂ ਦੀ ਹਿਫਾਜ਼ਤ ਵਾਸਤੇ ਉਸ ਕੁਝ ਸਿੰਘ ਵੀ ਨਾਲ ਦਿੱਤੇ।

ਫਿਰ ਉਹ ਸਿੰਘ ਕੜਕਿਆ, "ਗੁਰੂ ਦੇ ਘਰ ਵਿਚ ਤੂੰ ਕੰਜਰੀਆਂ ਨਚਾ ਰਿਹਾ ਹੈਂ? ਹਿੰਦੂ ਹੋ ਕੇ ਵੀ ਤੈਨੂੰ ਸ਼ਰਮ ਨਾ ਆਈ! ਗੁਰੂ ਤੇਗ ਬਹਾਦਰ ਨੇ ਤਾਂ ਹਿੰਦੂਆਂ ਦੀ ਰੱਖਿਆ ਬਦਲੇ ਆਪਣਾ ਬਲੀਦਾਨ ਦੇ ਦਿੱਤਾ ਸੀ ਅੱਜ ਤੂੰ ਸਿੰਘਾਂ ਨੂੰ ਚੁਣ ਚੁਣ ਮਾਰ ਰਿਹਾ ਏਂ? ਆਪਣੇ ਆਪ ਦੱਸ ਤੇਰਾ ਹੁਣ ਕੀ ਇਲਾਜ ਕੀਤਾ ਜਾਵੇ?"



ਵੈਸਾਖੀ ਮਨਾਉਣ ਦੀ ਯੋਜਨਾ

ਫਿਰ ਜਥੇਦਾਰ ਕਹਿਣ ਲੱਗਾ, "ਲਖੂ! ਤੈਨੂੰ ਅਸੀਂ ਏਡੀ ਛੇਤੀ ਨਹੀਂ ਮਾਰਨਾ ਹੈ, ਆਪਣੇ ਵੱਡੇ ਜਥੇਦਾਰ ਦੇ ਸਾਹਮਣੇ ਪੇਸ਼ ਕਰਨਾ ਹੈ।" ਜਥੇਦਾਰ ਨੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਉਹ ਲਖਪਤ ਰਾਇ ਨੂੰ ਫੜ ਕੇ ਤੰਬੂ ਤੋਂ ਬਾਹਰ ਲੈ ਜਾਣ। ਫਿਰ ਉਸ ਆਪਣੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਉਹ ਦੋਹਾਂ ਤੰਬੂਆਂ ਦੇ ਅਫਸਰਾਂ ਤੇ ਸਾਜ਼ਿੰਦਿਆਂ ਨੂੰ ਕਤਲ ਕਰ ਦੇਣ। ਸਿੰਘਾਂ ਨੇ ਕੁਝ ਮਿੰਟਾਂ ਵਿਚ ਹੀ ਦੋਵੇਂ ਤੰਬੂ ਸਾਫ ਕਰ ਦਿੱਤੇ। ਇਸ ਤੋਂ ਪਹਿਲਾਂ ਕਿ ਕੋਈ ਚੀਕ ਮਾਰਦਾ ਉਸ ਦਾ ਸਿਰ ਧੜ ਨਾਲੋਂ ਵੱਖ ਹੁੰਦਾ ਸੀ। ਫਿਰ ਜਦ ਸਿੰਘ ਤੰਬੂ ਤੋਂ ਬਾਹਰ ਨਿਕਲੇ ਤਾਂ ਬਾਹਰ ਘੁੱਪ ਹਨੇਰਾ ਸੀ। ਲਖਪਤ ਰਾਇ ਨੂੰ ਜਦ ਦੋਵੇਂ ਸਿੰਘ ਉਸਦੀ ਪੱਗ ਨਾਲ ਬੰਨ੍ਹਣ ਲੱਗੇ ਤਾਂ ਉਹ ਹੱਥ ਛੁਡਾ ਕੇ ਭੱਜ ਗਿਆ। ਉਹ ਏਡੀ ਜ਼ੋਰ ਦੀ ਭੱਜਿਆ ਕਿ ਉਸ ਨੂੰ ਪਤਾ ਵੀ ਨਾ ਲੱਗਾ ਕਿ ਅਗਲੇ ਪਾਸੇ ਸਰੋਵਰ ਸੀ। ਦੁਖਭੰਜਨੀ ਬੇਰੀ ਦੇ ਕੋਲ ਜਾ ਕੇ ਉਹ ਸਰੋਵਰ ਵਿਚ ਡਿੱਗ ਪਿਆ। ਫ਼ੌਜੀਆਂ ਨੇ ਸਮਝਿਆ ਕਿ ਕੋਈ ਸਿੱਖ ਇਸ਼ਨਾਨ ਕਰਨ ਵਾਸਤੇ ਆਇਆ ਹੈ। ਇਸ ਲਈ ਉਹ ਖੜਾਕ ਆਉਣ ਵਾਲੇ ਪਾਸੇ ਭੱਜ ਉੱਠੇ। ਸਰੋਵਰ ਵਿੱਚੋਂ ਜਦ ਉਨ੍ਹਾਂ ਇਹ ਆਵਾਜ਼ ਸੁਣੀ, "ਬਚਾਓ, ਬਚਾਓ" ਤਾਂ ਉਨ੍ਹਾਂ ਵੀ ਸਰੋਵਰ ਵਿਚ ਛਾਲਾਂ ਮਾਰ ਦਿੱਤੀਆਂ ਤੇ ਇਕ ਡੁੱਬਦੇ ਆਦਮੀ ਨੂੰ ਬਾਹਰ ਕੱਢ ਲਿਆਏ। ਇਕ ਫ਼ੌਜੀ ਕੜਕ ਕੇ ਬੋਲਿਆ, "ਕੌਣ ਏਂ ਤੂੰ, ਸਿੱਖ ਤਾਂ ਲੱਗਦਾ ਨਹੀਂ।"

ਲਖਪਤ ਰਾਇ ਦੇ ਢਿੱਡ ਵਿਚ ਕਾਫੀ ਪਾਣੀ ਚਲੇ ਗਿਆ ਸੀ। ਇਸ ਲਈ ਉਸ ਪਾਸੋਂ ਗੱਲ ਨਹੀਂ ਸੀ ਹੋ ਰਹੀ। ਉਹ ਉਸ ਨੂੰ ਚੁੱਕ ਕੇ ਲਖਪਤ ਰਾਇ ਦੇ ਤੰਬੂ ਵੱਲ ਲੈ ਗਏ ਤਾਂ ਕਿ ਲਖਪਤ ਰਾਇ ਨੂੰ ਆਪਣੀ ਬਹਾਦਰੀ ਬਾਰੇ ਦੱਸ ਸਕਣ ਤੇ ਉਸ ਆਦਮੀ ਦਾ ਚਿਹਰਾ ਵੀ ਵੇਖ ਸਕਣ।

ਪਰ ਜਦ ਉਹ ਤੰਬੂਆਂ ਦੇ ਬਾਹਰ ਜਾ ਕੇ ਠਹਿਰੇ ਤਾਂ ਅੰਦਰੋਂ ਗਾਉਣ ਵਜਾਉਣ ਦੀ ਆਵਾਜ਼ ਨਹੀਂ ਸੀ ਆ ਰਹੀ। ਲਖਪਤ ਰਾਇ ਤੋਂ ਡਰਦੇ ਉਹ ਤੰਬੂ ਅੰਦਰ ਵੀ ਨਹੀਂ ਸੀ ਜਾ ਸਕਦੇ। ਇਸ ਲਈ ਜਦ ਉਨ੍ਹਾਂ ਬਾਹਰ ਪਏ ਪਹਿਰੇਦਾਰਾਂ ਨੂੰ ਟੋਹਿਆ ਤਾਂ ਉਹ ਵੇਖ ਕੇ ਹੈਰਾਨ ਰਹਿ ਗਏ ਕਿ ਉਹ ਲਹੂ ਵਿਚ ਗੜੁੱਚ ਮਰੇ ਪਏ ਸਨ। ਹੁਣ ਉਨ੍ਹਾਂ ਝਟ ਤੰਬੂ ਅੰਦਰ ਝਾਤ ਮਾਰੀ ਅਤੇ ਮੋਮਬੱਤੀਆਂ ਦੀ ਲਾਈਟ ਵਿਚ ਵੇਖ ਕੇ ਹੈਰਾਨ ਰਹਿ ਗਏ ਕਿ ਤੰਬੂ ਅੰਦਰਲੇ ਸਾਰੇ ਵਿਅਕਤੀ ਮਰੇ ਪਏ ਹਨ। ਇਕ ਫ਼ੌਜੀ ਕਹਿਣ ਲੱਗਾ, "ਵੇਖੋ, ਦੀਵਾਨ ਜੀ ਇਨ੍ਹਾਂ ਦੇ ਵਿਚ ਹੀ ਹਨ?"

ਪਰ ਓਨੇ ਚਿਰ ਨੂੰ ਬਾਹਰ ਪਿਆ ਦੀਵਾਨ ਬੋਲ ਪਿਆ ਅਤੇ ਕਹਿਣ ਲੱਗਾ, "ਮੈਂ ਇਥੇ ਹਾਂ, ਮੇਰੀ ਮਦਦ ਕਰੋ! ਮੈਨੂੰ ਤੁਰੰਤ ਕੋਤਵਾਲ ਅਬਦੁਲ ਰਜ਼ਾਕ ਦੇ ਘਰ ਲੈ ਚਲੋ ਅਤੇ ਕਿਸੇ ਹਕੀਮ ਨੂੰ ਵੀ ਬੁਲਾ ਕੇ ਲਿਆਓ! ਬਾਕੀ, ਸਿੱਖਾਂ ਦਾ ਪਿੱਛਾ ਕਰੋ ਉਹ ਪੈਦਲ ਹੀ ਸਨ ਤੇ ਇਥੇ ਕਿਤੇ ਨੇੜੇ ਹੋਣੇ ਹਨ।"

ਫ਼ੌਜੀ ਉਸ ਨੂੰ ਅਬਦੁਲ ਰਜ਼ਾਕ ਦੇ ਘਰ ਲੈ ਗਏ, ਉਸ ਦੇ ਪੇਟ ਵਿਚੋਂ ਵਾਧੂ ਪਾਣੀ ਕੱਢਿਆ ਗਿਆ ਅਤੇ ਹਕੀਮ ਨੇ ਉਸ ਨੂੰ ਦਵਾਈ ਦਿੱਤੀ। ਪਰ ਲਖਪਤ ਰਾਇ ਨੂੰ ਹੁਣ ਚੈਨ ਕਿੱਥੇ ਸੀ? ਉਹ ਬਹੁਤ ਡਰਿਆ ਅਤੇ ਸਹਿਮਿਆ ਹੋਇਆ ਸੀ। ਉਹ ਇਹੋ ਸ਼ੁਕਰ ਕਰ ਰਿਹਾ ਸੀ ਕਿ ਉਹ ਬਚ ਗਿਆ ਸੀ, ਸਿੰਘ ਤਾਂ ਉਸ ਦੇ ਸਾਰੇ ਸਾਥੀਆਂ ਨੂੰ ਮਾਰ ਗਏ ਸਨ।

ਫ਼ੌਜ ਨੇ ਸਿੰਘਾਂ ਦੀ ਬੜੀ ਤਲਾਸ਼ ਕੀਤੀ ਪਰ ਉਨ੍ਹਾਂ ਦਾ ਖੁਰਾ-ਖੋਜ ਹੀ ਨਾ ਮਿਲ ਸਕਿਆ। ਲਖਪਤ ਰਾਇ ਏਨਾ ਡਰ ਗਿਆ ਸੀ ਕਿ ਉਹ ਅੰਮ੍ਰਿਤਸਰ ਛੱਡ ਕੇ ਲਾਹੌਰ ਚਲੇ ਗਿਆ। ਜਦ ਕੁਝ ਮਹੀਨੇ ਬੀਤ ਗਏ ਤੇ ਦੀਵਾਨ ਲਖਪਤ ਰਾਇ ਦੇ ਜਾਣ ਨਾਲ ਅੰਮ੍ਰਿਤਸਰ ਵਿਚ ਕੁਝ ਸ਼ਾਂਤੀ ਹੋਈ ਤਾਂ ਭਾਈ ਮਨੀ ਸਿੰਘ

ਦੇ ਵਿਦਿਆਰਥੀਆਂ ਨੇ ਬੇਨਤੀ ਕੀਤੀ ਕਿ ਪਹਿਲਾਂ ਵਾਂਗ ਦੀਵਾਲੀ, ਵੈਸਾਖੀ ਦਾ ਮੇਲਾ ਲੱਗਣਾ ਚਾਹੀਦਾ ਹੈ। ਇਸ ਬਹਾਨੇ ਸਿੰਘਾਂ ਦੇ ਦਰਸ਼ਨ ਹੋ ਜਾਣਗੇ। ਇਸ ਕਾਰਜ ਹਿਤ ਭਾਈ ਮਨੀ ਸਿੰਘ, ਭਾਈ ਸੁਰਤ ਸਿੰਘ ਸੂਰੀ ਤੇ ਭਾਈ ਸੁਬੇਗ ਸਿੰਘ ਜ਼ਕਰੀਆ ਖਾਂ ਨੂੰ ਮਿਲੇ। ਉਨ੍ਹਾਂ ਪੰਜ ਹਜ਼ਾਰ ਰੁਪਏ ਦੇਣੇ ਕਰਕੇ ਲਾਹੌਰ ਦੇ ਸੂਬੇ ਜ਼ਕਰੀਆ ਖਾਂ ਪਾਸੋਂ ਵੈਸਾਖੀ ਦਾ ਮੇਲਾ ਲਾਉਣ ਦੀ ਮਨਜ਼ੂਰੀ ਲੈ ਲਈ।

ਅਸਲ ਵਿਚ ਜ਼ਕਰੀਆ ਖਾਂ ਅਜਿਹਾ ਮੌਕਾ ਚਾਹੁੰਦਾ ਸੀ ਜਿਥੇ ਉਹ ਇਕੱਠੇ ਹੋਏ ਸਿੱਖਾਂ ਦਾ ਸਫਾਇਆ ਕਰ ਸਕੇ। ਦੀਵਾਨ ਲਖਪਤ ਰਾਇ ਦੀ ਕਹਾਣੀ ਉਸ ਦੇ ਸਾਹਮਣੇ ਸੀ। ਜੇ ਸਿੱਖਾਂ ਦਾ ਇਕ ਜਥਾ ਦਸ ਹਜ਼ਾਰ ਫ਼ੌਜ ਦੀ ਪ੍ਰਵਾਹ ਨਾ ਕਰਦਾ ਹੋਇਆ ਲਖਪਤ ਰਾਇ ਨੂੰ ਸੋਧ ਸਕਦਾ ਸੀ ਤਾਂ ਉਸ ਨੂੰ ਵੀ ਮਾਰਨ ਵਿਚ ਉਨ੍ਹਾਂ ਨੂੰ ਮੁਸ਼ਕਲ ਨਹੀਂ ਸੀ। ਉਸ ਨੇ ਸਿੱਖਾਂ ਨੂੰ ਮਾਰਨ ਵਾਸਤੇ ਜੰਗਲਾਂ ਪਹਾੜਾਂ ਅਤੇ ਛੰਭਾਂ ਵਿਚ ਆਪਣੇ ਫ਼ੌਜੀ ਭੇਜੇ ਸਨ ਪਰ ਸਿੱਖਾਂ ਨਾਲੋਂ ਉਸ ਦੀ ਫ਼ੌਜ ਦਾ ਜ਼ਿਆਦਾ ਨੁਕਸਾਨ ਹੋਇਆ ਸੀ। ਪਰ ਜਦ ਸਿੱਖਾਂ ਦੇ ਜਥੇ ਦਰਬਾਰ ਸਾਹਿਬ ਵਿਖੇ ਇਕੱਠੇ ਹੋਣਗੇ ਤਾਂ ਉਨ੍ਹਾਂ ਨੂੰ ਘੇਰ ਕੇ ਮਾਰਨਾ ਬਹੁਤ ਆਸਾਨ ਸੀ। ਉਸ ਨੇ ਇਸ ਗੱਲ ਬਾਰੇ ਵੀ ਵਿਚਾਰ ਕਰ ਲਿਆ ਕਿ ਸਿੱਖ ਮਾਰੇ ਜਾਂ ਫੜੇ ਜਾਣਗੇ ਤਾਂ ਮੇਲਾ ਨਹੀਂ ਲੱਗੇਗਾ ਤਾਂ ਭਾਈ ਮਨੀ ਸਿੰਘ ਰਕਮ ਵੀ ਨਹੀਂ ਦੇ ਸਕੇਗਾ ਜਿਸ ਕਰਕੇ ਉਸ ਨੂੰ ਮਾਰਨਾ ਵੀ ਆਸਾਨ ਹੋਵੇਗਾ।



ਗ੍ਰਿਫਤਾਰੀ

ਵੈਸਾਖੀ ਦਾ ਮੇਲਾ ਲੱਗਣ ਵਿਚ ਹਾਲੇ ਪੰਜ ਮਹੀਨੇ ਰਹਿੰਦੇ ਸਨ, ਇਸ ਲਈ ਜ਼ਕਰੀਆ ਖਾਂ ਨੇ ਪੂਰੀ ਤਿਆਰੀ ਸ਼ੁਰੂ ਕਰ ਦਿੱਤੀ। ਜ਼ਕਰੀਆ ਖਾਂ ਉਪਰੋਂ ਉਪਰੋਂ ਸਿੱਖਾਂ ਨਾਲ ਬੜੀ ਨਰਮੀ ਨਾਲ ਪੇਸ਼ ਆਉਣ ਲੱਗਾ। ਉਸ ਦਰਬਾਰ ਸਾਹਿਬ ਦੇ ਤਾਲੇ ਵੀ ਖੋਲ੍ਹ ਦਿੱਤੇ ਅਤੇ ਭਾਈ ਮਨੀ ਸਿੰਘ ਨੂੰ ਰਹਿਤ ਮਰਯਾਦਾ ਚਲਾਉਣ ਦੀ ਆਗਿਆ ਵੀ ਦੇ ਦਿੱਤੀ। ਸਰੋਵਰ ਦੇ ਬਾਹਰ ਫ਼ੌਜ ਦਾ ਪਹਿਰਾ ਲੱਗਾ ਹੋਣ ਕਰਕੇ ਕੋਈ ਵੀ ਸਿੱਖ ਇਸ਼ਨਾਨ ਕਰਨ ਨਹੀਂ ਸੀ ਆਉਂਦਾ, ਪਰ ਜੇ ਕੋਈ ਭੁੱਲਾ ਭਟਕਾ ਸ਼ਹਿਰ ਨਿਵਾਸੀ ਆ ਵੀ ਜਾਂਦਾ ਸੀ ਤਾਂ ਉਸ ਨੂੰ ਡਾਂਟ ਡਪਟ ਕੇ ਛੱਡ ਦਿੱਤਾ ਜਾਂਦਾ ਸੀ। ਕੋਮਲ ਹਿਰਦੇ ਦੇ ਮਾਲਕ ਭਾਈ ਮਨੀ ਸਿੰਘ ਇਹ ਸਮਝ ਗਏ ਕਿ ਜ਼ਕਰੀਆ ਖਾਂ ਨੇ ਠੀਕ ਹੀ ਆਪਣਾ ਰਵੱਈਆ ਬਦਲ ਲਿਆ ਸੀ। ਜਿਹੜਾ ਆਪ ਚੰਗਾ ਹੋਵੇ ਉਹ ਦੂਸਰਿਆਂ ਨੂੰ ਵੀ ਚੰਗਾ ਹੀ ਸਮਝਦਾ ਹੈ।

ਜਦ ਵੈਸਾਖੀ ਦਾ ਤਿਉਹਾਰ ਨੇੜੇ ਆਇਆ ਤਾਂ ਭਾਈ ਮਨੀ ਸਿੰਘ ਨੇ ਸਭ ਸਿੱਖ ਜਥਿਆਂ ਨੂੰ ਸੁਨੇਹੇ ਭੇਜ ਦਿੱਤੇ ਤੇ ਨਾਲ ਇਹ ਵੀ ਕਹਿ ਦਿੱਤਾ ਕਿ ਜ਼ਕਰੀਆ ਖਾਂ ਦਾ ਰਵੱਈਆ ਹੁਣ ਬਹੁਤ ਬਦਲਿਆ ਹੋਇਆ ਹੈ। ਪਰ ਜਦ ਵੈਸਾਖੀ ਦਾ ਸਮਾਂ ਨੇੜੇ ਆਇਆ ਤਾਂ ਲਾਹੌਰ ਦੇ ਸਿੰਘਾਂ ਨੇ ਭਾਈ ਮਨੀ ਸਿੰਘ ਨੂੰ ਆ ਕੇ ਦੱਸਿਆ ਕਿ ਇਸ ਵਾਰ ਮੁਗਲਾਂ ਬਹੁਤ ਵੱਡੀ ਤਿਆਰੀ ਕੀਤੀ ਹੈ ਅਤੇ ਉਹ ਧੋਖੇ ਨਾਲ ਸਿੱਖਾਂ ਨੂੰ ਮਾਰਨਾ ਚਾਹੁੰਦੇ ਹਨ।

ਭਾਈ ਮਨੀ ਸਿੰਘ ਨੇ ਫਿਰ ਸਿੰਘਾਂ ਨੂੰ ਸੁਨੇਹੇ ਭੇਜ ਦਿੱਤੇ ਕਿ ਉਹ ਮੇਲੇ 'ਤੇ ਨਾ ਆਉਣ, ਕਿਉਂਕਿ ਇਸ ਵਾਰ ਜ਼ਕਰੀਆ ਖਾਂ ਬੜੀ ਚਾਲ ਨਾਲ ਸਿੱਖਾਂ ਨੂੰ ਖਤਮ ਕਰਨ ਵਾਲਾ ਹੈ।

ਵੈਸਾਖੀ 'ਤੇ ਕੋਈ ਸਿੱਖ ਵੀ ਨਾ ਆਇਆ। ਜਦ ਜ਼ਕਰੀਆ ਖਾਂ ਨੂੰ ਪਤਾ ਲੱਗਾ ਕਿ ਉਸ ਦੀ ਸਾਰੀ ਯੋਜਨਾ ਫੇਲ੍ਹ ਹੋ ਗਈ ਹੈ ਤਾਂ ਉਹ ਬਹੁਤ ਕ੍ਰੋਧ ਵਿਚ ਆਇਆ। ਉਸ ਆਪਣੇ ਕੁਝ ਸਿਪਾਹੀ ਭਾਈ ਮਨੀ ਸਿੰਘ ਪਾਸੋਂ ਪੰਜ ਹਜ਼ਾਰ ਰੁਪਏ ਉਗਰਾਹੁਣ ਜਾਂ ਜੇ ਉਹ ਰਕਮ ਨਾ ਦੇਵੇ ਤਾਂ ਗ੍ਰਿਫਤਾਰ ਕਰ ਕੇ ਲਿਆਉਣ ਦੀ ਹਦਾਇਤ ਕਰ ਕੇ ਭੇਜ ਦਿੱਤੇ। ਅੰਮ੍ਰਿਤਸਰ ਦੇ ਕੋਤਵਾਲ ਨੂੰ ਵੀ ਸਖਤੀ ਨਾਲ ਹਦਾਇਤ ਕਰ ਦਿੱਤੀ ਕਿ ਉਹ ਹਰਿਮੰਦਰ ਸਾਹਿਬ ਨੂੰ ਫਿਰ ਤਾਲੇ ਲਾ ਦੇਵੇ ਤੇ ਦਰਬਾਰ ਸਾਹਿਬ ਇਰਦ-ਗਿਰਦ ਪਹਿਰਾ ਹੋਰ ਸਖਤ ਕਰ ਦੇਵੇ।

ਪੰਜ ਸਵਾਰ ਅੰਮ੍ਰਿਤਸਰ ਦੇ ਕੋਤਵਾਲ ਅਤੇ ਪੁਲਿਸ ਸਮੇਤ ਭਾਈ ਮਨੀ ਸਿੰਘ ਨੂੰ ਮਿਲਣ ਵਾਸਤੇ ਆ ਗਏ।

"ਕਿਵੇਂ ਆਉਣਾ ਹੋਇਆ? ਭਾਈ ਮਨੀ ਸਿੰਘ ਨੇ ਫ਼ੌਜੀ ਸਵਾਰਾਂ ਅਤੇ ਕੋਤਵਾਲ ਨੂੰ ਕਿਹਾ।"

ਲਾਹੌਰ ਤੋਂ ਆਇਆ ਵੱਡਾ ਅਫਸਰ ਕਹਿਣ ਲੱਗਾ, "ਸਾਨੂੰ ਨਵਾਬ ਸਾਹਿਬ ਨੇ ਭੇਜਿਆ ਹੈ। ਤੁਸੀਂ ਵੈਸਾਖੀ ਦਾ ਮੇਲਾ ਲਾਉਣ ਵਾਸਤੇ ਉਨ੍ਹਾਂ ਨੂੰ ਪੰਜ ਹਜ਼ਾਰ ਰੁਪਏ ਦੇਣੇ ਕੀਤੇ ਸੀ। ਇਸ ਲਈ ਅਸੀਂ ਪੰਜ ਹਜ਼ਾਰ ਦੀ ਰਕਮ ਉਗਰਾਹੁਣ ਵਾਸਤੇ ਆਏ ਹਾਂ।"

ਉਸ ਦੀ ਗੱਲ ਸੁਣ ਕੇ ਭਾਈ ਮਨੀ ਸਿੰਘ ਨੂੰ ਬੜਾ ਦੁੱਖ ਹੋਇਆ। ਪਰ ਉਸ ਸ਼ਾਂਤ ਚਿੱਤ ਬੋਲੇ, "ਜਦ ਮੇਲਾ ਹੀ ਨਹੀਂ ਲੱਗਣ ਦਿੱਤਾ ਗਿਆ ਤਾਂ ਪੈਸੇ ਕਾਹਦੇ? ਇਥੇ ਤਾਂ ਇੱਕ ਯਾਤਰੂ ਵੀ ਨਹੀਂ ਆਇਆ, ਨਾ ਹੀ ਕੋਈ ਚੜ੍ਹਾਵਾ ਚੜ੍ਹਿਆ ਹੈ। ਅਸੀਂ ਤਾਂ ਸਾਧੂ ਬੰਦੇ ਹਾਂ। ਸਾਡੇ ਪਾਸ ਰਕਮ ਕਿੱਥੋਂ? ਜੇ ਮੇਲਾ ਲੱਗਦਾ, ਚੜ੍ਹਾਵਾ ਚੜ੍ਹਦਾ ਤਾਂ ਅਸੀਂ ਬੜੀ ਖੁਸ਼ੀ ਨਾਲ ਰਕਮ ਅਦਾ ਕਰਦੇ!"

ਪਰ ਅਫਸਰ ਕਹਿਣ ਲੱਗਾ, "ਸਾਨੂੰ ਇਸ ਵਿਚੋ ਬਹਿਸ ਕਰਨ ਦੀ ਲੋੜ ਨਹੀਂ। ਸਾਨੂੰ ਹੁਕਮ ਹੋਇਆ ਹੈ ਕਿ ਪੰਜ ਹਜਾਰ ਰੁਪਏ ਲੈ ਕੇ ਆਵੋ, ਨਹੀਂ ਤਾਂ ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰ ਕੇ ਲਿਆਵੋ।" ਜਦ ਭਾਈ ਮਨੀ ਸਿੰਘ ਦੇ ਭਰਾ ਜਗਤ ਸਿੰਘ ਅਤੇ ਪੁੱਤਰ ਗੁਰਬਖਸ਼ ਸਿੰਘ ਅਤੇ ਚਿੱਤਰ ਸਿੰਘ ਅਤੇ ਹੋਰ ਸਾਥੀਆਂ ਨੇ ਇਹ ਸੁਣਿਆ ਤਾਂ ਉਹ ਇਕ ਦਮ ਤੈਸ਼ ਵਿਚ ਆ ਗਏ ਅਤੇ ਕਹਿਣ ਲੱਗੇ, "ਇਹ ਕੈਸਾ ਇਨਸਾਫ ਹੈ? ਮੇਲਾ ਲੱਗਣ ਨਹੀਂ ਦਿੱਤਾ, ਪੰਜ ਹਜਾਰ ਮੰਗਣ ਆ ਗਏ ਹੋ! ਜੇ ਸਾਡੇ ਪਾਸ ਪੰਜ ਹਸਾਰ ਨਹੀਂ ਤਾਂ ਸਾਡੇ ਬਜ਼ੁਰਗ ਨੂੰ ਕੈਦੀ ਬਣਾਉਣ ਲੱਗੇ ਹੋ!"

ਭਾਈ ਮਨੀ ਸਿੰਘ ਦੇ ਸਾਥੀਆਂ ਦੀ ਇਹ ਗੱਲ ਸੁਣ ਕੇ ਅਫਸਰ ਬੜਾ ਕ੍ਰੋਧਵਾਨ ਹੋ ਗਿਆ ਅਤੇ ਕਹਿਣ ਲੱਗਾ, "ਤੁਸੀਂ ਹਕੂਮਤ ਨਾਲ ਗ਼ੱਦਾਰੀ ਕੀਤੀ ਹੈ, ਇਸ ਜੁਰਮ ਵਿਚ ਤੁਹਾਨੂੰ ਸਾਰਿਆਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ।" ਫਿਰ ਉਸ ਕੋਤਵਾਲ ਨੂੰ ਕਿਹਾ ਕਿ ਭਾਈ ਮਨੀ ਸਿੰਘ ਅਤੇ ਉਸ ਦੇ ਸਾਰੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇ।" ਜਦ ਸ਼ਹਿਰ ਦੇ ਲੋਕਾਂ ਨੂੰ ਇਹ ਪਤਾ ਲੱਗਾ ਤਾਂ ਉਹ ਭਾਈ ਮਨੀ ਸਿੰਘ ਪਾਸ ਆਏ ਅਤੇ ਕਹਿਣ ਲੱਗੇ, "ਪੰਜ ਹਜ਼ਾਰ ਰੁਪਏ ਦੀ ਕੀ ਗੱਲ ਹੈ? ਅਸੀਂ ਸਾਰੇ ਸ਼ਹਿਰ ਵਾਸੀ ਇਕੱਠੇ ਕਰ ਕੇ ਦੇ ਦਿੰਦੇ ਹਾਂ। ਇਸ ਸੰਤ ਮਹਾਰਾਜ ਨੂੰ ਇਸ ਉਮਰ ਵਿਚ ਕਿਉਂ ਕੈਦ ਕਰਦੇ ਹੋ?"

ਪਰ ਭਾਈ ਮਨੀ ਸਿੰਘ ਕਹਿਣ ਲੱਗੇ, "ਅਸੀਂ ਕਿਸੇ ਪਾਸੋਂ ਪੈਸੇ ਇਕੱਠੇ ਕਰਕੇ ਇਨ੍ਹਾਂ ਨੂੰ ਨਹੀਂ ਦੇਣੇ। ਅਸੀਂ ਝੂਠ ਅੱਗੇ ਝੂਠੇ ਨਹੀਂ ਬਣ ਜਾਣਾ। ਸਾਡਾ ਸਰਕਾਰ ਨਾਲ ਸਮਝੌਤਾ ਹੋਇਆ ਹੈ ਕਿ ਛੇ ਦਿਨ ਮੇਲਾ ਲੱਗਣ ਦਿੱਤਾ ਜਾਵੇਗਾ ਤਾਂ ਅਸੀਂ ਪੰਜ ਹਜਾਰ ਰੁਪਏ ਤਾਰ ਦੇਵਾਂਗੇ ਪਰ ਇਨ੍ਹਾਂ ਨੇ ਏਸੇ ਮੇਲੇ ਦੇ ਬਹਾਨੇ ਸਾਰੇ ਸਿੱਖਾਂ ਨੂੰ ਫੜਨ ਜਾਂ ਮਾਰਨ ਦਾ ਫੈਸਲਾ ਕਰ ਲਿਆ ਸੀ। ਸਾਨੂੰ ਆਪਣੀ ਜਾਨ ਦੀ ਪ੍ਰਵਾਹ ਨਹੀਂ, ਪਰ ਸਾਨੂੰ ਇਹ ਖੁਸ਼ੀ ਜਰੂਰ ਹੋਈ ਹੈ ਕਿ ਅਸੀਂ ਪਿਆਰੇ ਸਿੰਘਾਂ ਦੀਆਂ ਜਾਨਾਂ ਬਚਾ ਸਕੇ ਹਾਂ।"



ਜ਼ਕਰੀਆ ਖਾਂ ਦੀ ਕਚਹਿਰੀ ਵਿਚ

ਕਚਹਿਰੀ ਵਿਚ ਬੜੇ ਭਾਰੇ ਸਰੀਰ ਦਾ ਉਚਾ ਲੰਮਾ ਜਵਾਨ ਜ਼ਕਰੀਆ ਖਾਂ ਉੱਚੇ ਸਥਾਨ 'ਤੇ ਤਖਤ ਨੁਮਾ ਕੁਰਸੀ 'ਤੇ ਬੈਠਾ ਸੀ। ਉਸ ਦੇ ਲਾਗੇ ਇਕ ਪਾਸੇ ਦੀਵਾਨ ਲਖਪਤ ਰਾਇ ਤੇ ਦੂਸਰੇ ਪਾਸੇ ਕਾਜ਼ੀ ਅਤੇ ਕੋਤਵਾਲ ਬੈਠੇ ਸਨ। ਜਦ ਭਾਈ ਮਨੀ ਸਿੰਘ ਨੂੰ ਕਟਿਹਰੇ ਵਿਚ ਖੜ੍ਹਾ ਕੀਤਾ ਤਾਂ ਉਸ ਸਮੇਂ ਇਕ ਸੂਫੀ ਫਕੀਰ ਜਿਹੜਾ ਸਾਈਂ ਮੀਆਂ ਮੀਰ ਦੇ ਸ਼ਾਗਿਰਦਾਂ ਵਿਚੋਂ ਸੀ, ਵੀ ਕਚਹਿਰੀ ਵਿਚ ਆ ਗਿਆ। ਜ਼ਕਰੀਆ ਖਾਂ ਉਸ ਫਕੀਰ ਨੂੰ ਜਾਣਦਾ ਸੀ ਇਸ ਲਈ ਉਸ ਦੇ ਆਦਰ ਲਈ ਉਹ ਉੱਠ ਕੇ ਖਲੋ ਗਿਆ ਤੇ ਕੋਤਵਾਲ ਨੂੰ ਇਸ਼ਾਰਾ ਕਰ ਕੇ ਸਾਈਂ ਜੀ ਵਾਸਤੇ ਕੁਰਸੀ ਮੰਗਵਾਈ। ਪਰ ਸਾਈਂ ਜੀ ਨੇ ਕੁਰਸੀ 'ਤੇ ਬੈਠਣ ਤੋਂ ਨਾਂਹ ਕਰ ਦਿੱਤੀ ਤੇ ਕਹਿਣ ਲੱਗਾ, "ਮੈਂ ਵੀ ਦੂਸਰੇ ਲੋਕਾਂ ਵਾਂਗ ਮਹਾਤਮਾ ਮਨੀ ਸਿੰਘ ਦੇ ਦਰਸ਼ਨ ਹੀ ਕਰਨ ਆਇਆ ਹਾਂ, ਇਸ ਲਈ ਅੱਲਾ ਦੇ ਪੀਰ ਦੇ ਖਲੋਤਿਆਂ ਮੈਂ ਕਿਵੇਂ ਬੈਠ ਸਕਦਾ ਹਾਂ?"

ਇਹ ਗੱਲ ਸੁਣ ਕੇ ਜ਼ਕਰੀਆ ਖਾਂ ਨੂੰ ਗੁੱਸਾ ਤਾਂ ਆਇਆ ਪਰ ਉਹ ਸ਼ਾਂਤ ਰਿਹਾ। ਪਰ ਲਖਪਤ ਰਾਇ ਪਾਸੋਂ ਰਿਹਾ ਨਾ ਗਿਆ ਤੇ ਉਹ ਕਹਿਣ ਲੱਗਾ, "ਇਸ ਫਕੀਰ ਨੂੰ ਕਚਹਿਰੀ ਵਿੱਚੋਂ ਬਾਹਰ ਕੱਢ ਦੇਵੋ।" ਜਦ ਕੋਤਵਾਲ ਉੱਠਣ ਲੱਗਾ ਤਾਂ ਜ਼ਕਰੀਆ ਖਾਂ ਨੇ ਉਸ ਨੂੰ ਰੋਕ ਦਿੱਤਾ। ਸਾਈਂ ਫਕੀਰ ਫਿਰ ਬੋਲ ਪਿਆ, "ਇਸ ਕਾਫਰ ਨੂੰ ਕੀ ਪਤਾ ਕਿ ਅਲਾਹ ਅਤੇ ਅਲਾਹ ਦੇ ਬੰਦੇ ਕੀ ਹੁੰਦੇ ਸਨ! ਇਹ ਬੁੱਤਾਂ ਅੱਗੇ ਹੀ ਮੱਥੇ ਰਗੜਨ ਵਾਲਾ ਹੈ।"

ਲਖਪਤ ਰਾਇ ਇਹ ਸੁਣ ਕੇ ਦਿਲ ਵਿਚ ਬੜਾ ਕਲਪਿਆ। ਪਰ ਉਹ ਕੁਝ ਬੋਲ ਨਾ ਸਕਿਆ। ਫਿਰ ਜ਼ਕਰੀਆ ਖਾਂ ਨੇ ਕਿਹਾ, "ਕਾਰਵਾਈ ਸ਼ੁਰੂ ਕਰੋ।" ਲਖਪਤ ਰਾਇ ਉੱਠ ਕੇ ਖਲੋ ਗਿਆ ਅਤੇ ਭਾਈ ਮਨੀ ਸਿੰਘ ਨੂੰ ਸੰਬੋਧਿਤ ਹੁੰਦਾ ਹੋਇਆ ਬੋਲਿਆ, "ਤੁਸੀਂ ਮੇਲਾ ਲਾਉਣ ਦਾ ਪੰਜ ਹਜ਼ਾਰ ਰੁਪਏ ਮਸੂਲ ਦੇਣਾ ਮੰਨਿਆ ਸੀ। ਪਰ ਤੁਸੀਂ ਵਾਅਦਾ ਪੂਰਾ ਨਹੀਂ ਕੀਤਾ।"

ਭਾਈ ਮਨੀ ਸਿੰਘ ਹੁਰੀਂ ਬੜੇ ਰੋਅਬ ਨਾਲ ਬੋਲੇ, "ਵੇਖ ਲਖਪਤ ਰਾਇ ਵਾਅਦਾ ਮੈਂ ਪੂਰਾ ਨਹੀਂ ਕੀਤਾ ਕਿ ਤੇਰੀ ਹਕੂਮਤ ਨੇ ਜਾਂ ਤੂੰ ਜਿਹੜਾ ਅੰਮ੍ਰਿਤਸਰ ਦਾ ਹਾਕਮ ਬਣਿਆ ਸੀ? ਤੁਸੀਂ ਮੇਲੇ ਦੀ ਗੱਲ ਕਰਦੇ ਹੋ? ਮੇਲਾ ਤਾਂ ਤੁਸੀਂ ਲੱਗਣ ਹੀ ਨਹੀਂ ਦਿੱਤਾ, ਇਸ ਦੇ ਉਲਟ ਤੁਸੀਂ ਚਾਲ ਨਾਲ ਇਕੱਠੇ ਹੋਏ ਸਿੱਖਾਂ ਨੂੰ ਮਾਰਨਾ ਚਾਹੁੰਦੇ ਸੀ। ਇਹ ਕੈਸੀ ਹਕੂਮਤ ਹੈ ਜਿਹੜੀ ਆਪਣੀ ਪਰਜਾ ਦੀ ਰਖਵਾਲੀ ਦੀ ਥਾਂ ਉਸ ਨੂੰ ਕਤਲ ਕਰਦੀ ਹੈ!"

"ਕਿਹੜੀ ਪਰਜਾ ਦੀ ਗੱਲ ਕਰਦੇ ਹੋ?" ਲਖਪਤ ਰਾਇ ਬੋਲਿਆ, "ਕੀ ਸਿੱਖ ਸਾਡੀ ਪਰਜਾ ਹਨ? ਉਹ ਤਾਂ ਸਾਡੇ ਵੈਰੀ ਹਨ, ਅਤੇ ਵੈਰੀ ਨੂੰ ਮਾਰਨਾ ਕੋਈ ਪਾਪ ਨਹੀਂ ਹੁੰਦਾ।"

"ਸਿੱਖ ਕਿਸੇ ਨਿਰਦੋਸ਼ ਨੂੰ ਨਹੀਂ ਮਾਰਦੇ; ਉਹ ਗਰੀਬਾਂ ਅਤੇ ਮਜ਼ਲੂਮਾਂ ਦੀ ਰੱਖਿਆ ਕਰਦੇ ਹਨ"। ਭਾਈ ਮਨੀ ਸਿੰਘ ਨੇ ਉੱਤਰ ਦਿੱਤਾ। "ਪਰ ਮੈਨੂੰ ਉਹ ਸੁੱਤੇ ਪਏ ਨੂੰ ਮਾਰਨ ਆ ਗਏ, ਮੈਂ ਉਨ੍ਹਾਂ ਦਾ ਕੀ ਵਿਗਾੜਿਆ ਸੀ?" ਲਖਪਤ ਰਾਇ ਬੋਲਿਆ। "ਤੂੰ ਕੁਝ ਵਿਗਾੜਿਆ ਹੀ ਨਹੀਂ ਸੀ?" ਭਾਈ ਮਨੀ ਸਿੰਘ ਨੇ ਉਸ ਨੂੰ ਆਖਿਆ, "ਤੂੰ ਤੇ ਅੰਮ੍ਰਿਤਸਰ ਦੇ ਸਿੱਖਾਂ ਨੂੰ ਲੱਭ-ਲੱਭ ਕੇ ਮਾਰਿਆ, ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਸ਼ਰਾਬ ਪੀਂਦਾ ਸੀ, ਕੰਜਰੀਆਂ ਨਚਾਉਂਦਾ ਸੀ ਅਤੇ ਸ਼ਹਿਰ ਵਿਚ ਜਿਹੜੀ ਵੀ ਸੋਹਣੀ ਕੁੜੀ ਵੇਖਦਾ ਸੀ ਚੁਕਵਾ ਕੇ ਲੈ ਆਉਂਦਾ ਸੀ। ਕੀ ਤੂੰ ਉਨ੍ਹਾਂ ਕੁੜੀਆਂ ਬਾਰੇ ਕਦੀ ਪੁੱਛਿਆ ਸੀ ਕਿ ਉਹ ਕਿਹੜੇ ਫਿਰਕੇ ਨਾਲ ਸਬੰਧਤ ਸਨ। ਜਦ ਸਿੱਖਾਂ ਨੇ ਹਮਲਾ ਕੀਤਾ, ਕਿੰਨੀਆਂ ਕੁੜੀਆਂ ਤੇਰੇ ਕਬਜ਼ੇ ਵਿਚ

ਨਿਕਲੀਆਂ ਸਨ।"

ਇਹ ਗੱਲਾਂ ਸੁਣ ਕੇ ਲਖਪਤ ਰਾਇ ਲਾਲ ਪੀਲਾ ਹੋ ਗਿਆ ਅਤੇ ਕੜਕ ਕੇ ਬੋਲਿਆ, "ਬਕਵਾਸ ਬੰਦ ਕਰ!" ਸਾਈਂ ਫਕੀਰ ਕਹਿਣ ਲੱਗਾ, "ਸੱਚ ਹਮੇਸ਼ਾ ਕੌੜਾ ਹੁੰਦਾ ਹੈ, ਇਕ ਪਾਕਦਾਮਨ ਇਨਸਾਨ ਵਾਸਤੇ ਅਜੇਹੇ ਲਫ਼ਜ ਬੋਲਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ?"

ਫਿਰ ਭਾਈ ਮਨੀ ਸਿੰਘ ਨੇ ਉੱਚੀ ਕੁਰਸੀ 'ਤੇ ਬੈਠੇ ਨਵਾਬ ਜ਼ਕਰੀਆ ਵੱਲ ਬੜੀ ਗਹੁ ਨਾਲ ਵੇਖਿਆ। ਜ਼ਕਰੀਆ ਖਾਂ ਭਾਈ ਮਨੀ ਸਿੰਘ ਦੀ ਅਜਿਹੀ ਤੱਕਣੀ ਨੂੰ ਸਹਿਣ ਨਾ ਕਰ ਸਕਿਆ ਅਤੇ ਬੋਲਿਆ, "ਮੇਰੇ ਵੱਲ ਕੀ ਵੇਖ ਰਹੇ ਹੋ?" ਭਾਈ ਮਨੀ ਸਿੰਘ ਕਹਿਣ ਲੱਗੇ, "ਮੈਂ ਇਹ ਵੇਖ ਰਿਹਾ ਹਾਂ ਕਿ ਇਨਸਾਫ ਦੀ ਕੁਰਸੀ ਉੱਤੇ ਬੈਠਾ ਵਿਅਕਤੀ ਇਨਸਾਨ ਹੈ ਕਿ ਸ਼ੈਤਾਨ। ਇਸ ਕੁਰਸੀ 'ਤੇ ਬੈਠਣ ਵਾਲਾ ਕਦੀ ਇਨਸਾਫ ਨਹੀਂ ਕਰਦਾ।"

"ਬਕਵਾਸ ਬੰਦ ਕਰ!" ਲਖਪਤ ਰਾਇ ਫਿਰ ਕੜਕਿਆ। ਭਾਈ ਮਨੀ ਸਿੰਘ ਵੀ ਓਨੇ ਹੀ ਜ਼ੋਰ ਦੀ ਬੋਲਿਆ, "ਓਏ ਲੱਖੂ! ਮੈਂ ਤੈਥੋਂ ਡਰਦਾ ਨਹੀਂ। ਤੁਸੀਂ ਕੀ ਕਰ ਸਕਦੇ ਹੋ? ਵੱਧ ਤੋਂ ਵੱਧ ਮੈਨੂੰ ਕਤਲ ਹੀ ਕਰ ਦੇਵੋਗੇ। ਇਹ ਕੋਈ ਨਵੀਂ ਗੱਲ ਨਹੀਂ। ਏਥੇ ਜਿਹੜਾ ਵੀ ਆਇਆ, ਕਤਲ ਹੋਇਆ।"

ਮੁਕੱਦਮੇ ਦਾ ਫੈਸਲਾ ਪਹਿਲਾਂ ਹੀ ਲਿਖ ਕੇ ਰੱਖਿਆ ਹੋਇਆ ਸੀ। ਜ਼ਕਰੀਆ ਖਾਂ ਕਹਿਣ ਲੱਗਾ, "ਮੇਲੇ ਲਾਉਣ ਲਈ ਭਾਈ ਮਨੀ ਸਿੰਘ ਮਹੰਤ ਗੁਰਦੁਆਰਾ ਗੁਰੂ ਕਾ ਚੱਕ ਨੇ ਪੰਜ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਪਰ ਰਕਮ ਸਮੇਂ ਸਿਰ ਨਹੀਂ ਅਦਾ ਕੀਤੀ। ਇਸ ਲਈ ਸੂਬੇਦਾਰ ਲਾਹੌਰ ਦਾ ਹੁਕਮ ਹੈ ਕਿ ਜਾਂ ਪੰਜ ਹਜ਼ਾਰ ਰੁਪਏ ਅਦਾ ਕਰੇ, ਜਾਂ ਇਸਲਾਮ ਦੀਨ ਵਿਚ ਆ ਜਾਵੇ। ਜੇ ਇਹ ਦੋਵੇਂ ਗੱਲਾਂ ਪ੍ਰਵਾਨ ਨਾ ਹੋਣ ਤਾਂ ਕਤਲ ਕੀਤਾ ਜਾਵੇ।"

ਇਹ ਫੈਸਲਾ ਸੁਣ ਕੇ ਅਦਾਲਤ ਵਿਚ ਸਨਾਟਾ ਛਾ ਗਿਆ। ਸਾਈਂ ਪੀਰ ਕਹਿਣ ਲੱਗਾ, "ਲਾਅਨਤ ਹੈ ਇਸ ਫੈਸਲੇ 'ਤੇ!"



ਸ਼ਹਾਦਤ

ਜ਼ਕਰੀਆ ਖਾਂ ਦਾ ਫੈਸਲਾ ਸੁਣ ਕੇ ਭਾਈ ਮਨੀ ਸਿੰਘ ਹੱਸ ਪਏ ਅਤੇ ਕਹਿਣ ਲੱਗੇ, "ਖਾਨ! ਇਸ ਤੋਂ ਕੋਈ ਵੱਡੀ ਸਜ਼ਾ ਨਹੀਂ? ਸਿੰਘ ਤਾਂ ਹੁਣ ਤਕ ਹੱਸ ਹੱਸ ਸ਼ਹੀਦੀਆਂ ਪਾਉਂਦੇ ਆਏ ਹਨ। ਬਾਬਾ ਬੰਦਾ ਬਹਾਦਰ ਅਤੇ ਉਸ ਦੇ ਸਿੰਘ ਇਕ ਦੂਜੇ ਤੋਂ ਪਹਿਲਾਂ ਸ਼ਹੀਦੀਆਂ ਪਾਉਣ ਲਈ ਤਿਆਰ ਸਨ। ਤੁਸੀਂ ਹੁਣ ਸਿੱਖਾਂ ਨੂੰ ਚੁਣ-ਚੁਣ ਕੇ ਮਾਰਿਆ ਹੈ, ਉਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਹਨ, ਪਰ ਕੀ ਸਿੰਘ ਮੁੱਕ ਗਏ ਹਨ? ਉਹ ਹਾਲੇ ਵੀ ਜੀਉਂਦੇ ਹਨ ਤੇ ਕਿਸੇ ਸਮੇਂ ਤੁਹਾਡਾ ਖਾਤਮਾ ਕਰ ਕੇ ਏਥੇ ਲੋਕ ਰਾਜ ਭਾਵ ਸਿੱਖ ਰਾਜ ਕਾਇਮ ਕਰਨਗੇ। ਤੁਸੀਂ ਸਿੱਖ ਰਾਜ ਵੇਖ ਨਹੀਂ ਸਕੋਗੇ, ਪਰ ਤੁਹਾਡੇ ਪੁੱਤ, ਜ਼ਰੂਰ ਵੇਖਣਗੇ। ਮੈਂ ਵੀ ਨਹੀਂ ਵੇਖ ਸਕਾਂਗਾ, ਪਰ ਮੈਨੂੰ ਭਵਿੱਖ ਦਿੱਸਦਾ ਹੈ।"


ਜ਼ਕਰੀਆ ਖਾਂ, ਭਾਈ ਮਨੀ ਸਿੰਘ ਦੀ ਗੱਲ ਸੁਣ ਕੇ ਬੌਖਲਾ ਗਿਆ। ਉਹ ਹੋਰ ਸਮਾਂ ਕਚਹਿਰੀ ਵਿਚ ਨਹੀਂ ਸੀ ਬੈਠਣਾ ਚਾਹੁੰਦਾ। ਉਹ ਗੁੱਸੇ ਵਿਚ ਬੋਲਿਆ, "ਇਸ ਦੀ ਬੋਟੀ ਬੋਟੀ ਕਰ ਕੇ ਕਤਲ ਕੀਤਾ ਜਾਵੇ!" ਇਹ ਕਹਿ ਕੇ ਉਹ ਉੱਠ ਕੇ ਚਲੇ ਗਿਆ। ਫਿਰ ਕਾਜ਼ੀ ਦੀ ਵਾਰੀ ਆਈ। ਉਹ ਭਾਈ ਜੀ ਪਾਸ ਆ ਕੇ ਕਹਿਣ ਲੱਗੇ, "ਤੁਹਾਨੂੰ ਬੰਦ ਬੰਦ ਕਟਵਾ ਕੇ ਮਰਨ ਦੀ ਕੀ ਲੋੜ ਹੈ? ਤੁਹਾਡੇ ਵਾਸਤੇ ਹੋਰ ਦੋ ਰਾਹ ਵੀ ਤਾਂ ਹਨ। ਪੰਜ ਹਜ਼ਾਰ ਰੁਪਏ ਅਦਾ ਕਰ ਦੇਵੋ ਜਾਂ ਸੱਚਾ ਮਜ਼ਹਬ ਇਸਲਾਮ ਪ੍ਰਵਾਨ ਕਰ ਲਵੋ, ਤੁਹਾਡੀ ਜਾਨ ਬਚ ਸਕਦੀ ਹੈ।"

ਭਾਈ ਮਨੀ ਸਿੰਘ ਕਹਿਣ ਲੱਗੇ, "ਮੈਂ ਪੰਜ ਹਜ਼ਾਰ ਰੁਪਏ ਕਾਹਦੇ ਅਦਾ ਕਰਨੇ ਹਨ? ਕੀ ਤੁਸੀਂ ਸਿੱਖਾਂ ਨੂੰ ਕਤਲ ਕਰਨ ਦੀ ਇਹ ਸਾਰੀ ਚਾਲ ਨਹੀਂ ਘੜੀ ਸੀ? ਸ਼ੁਕਰ ਹੈ ਮੈਨੂੰ ਸਮੇਂ ਸਿਰ ਪੱਤਾ ਲੱਗ ਗਿਆ। ਤੁਹਾਡੇ ਇਸ ਕਪਟ ਅਤੇ ਫਰੇਬ ਦੀ ਮੈਂ ਕੀਮਤ ਅਦਾ ਕਰਾਂ? ਇਹ ਕਦੀ ਨਹੀਂ ਹੋ ਸਕਦਾ। ਦੂਸਰਾ, ਤੁਸੀਂ ਕਹਿੰਦੇ ਹੋ ਮੈਂ ਮੁਸਲਮਾਨ ਬਣ ਜਾਵਾਂ। ਮੈਂ ਕਿਵੇਂ ਮੁਸਲਮਾਨ ਬਣ ਸਕਦਾ ਹਾਂ? ਮੇਰੇ ਪਾਸ ਆਪਣਾ ਤਾਂ ਕੁਝ ਵੀ ਨਹੀਂ। ਮੇਰਾ ਸਰੀਰ, ਮੇਰੀ ਰੂਹ ਸਭ ਮੇਰੇ ਗੁਰੂ ਦੀ ਹੈ, ਇਹ ਮੈਂ ਤੇਰਾਂ ਸਾਲ ਦੀ ਉਮਰ ਵਿਚ ਹੀ ਗੁਰੂ ਨੂੰ ਸੌਂਪ ਚੁੱਕਾ ਹਾਂ। ਕਿਸੇ ਦੀ ਵਸਤੂ ਨੂੰ ਮੈਂ ਹੋਰ ਕਿਸੇ ਨੂੰ ਕਿਵੇਂ ਦੇ ਸਕਦਾ ਹਾਂ? ਇਸ ਲਈ ਮੈਨੂੰ ਬਾਰ-ਬਾਰ ਕਹਿਣ ਦੀ ਲੋੜ ਨਹੀਂ। ਨਾ ਮੈਂ ਮਸੂਲ ਅਦਾ ਕਰਨਾ ਹੈ, ਨਾ ਮੈਂ ਇਸਲਾਮ ਵਿਚ ਆਉਣਾ ਹੈ। ਮੈਨੂੰ ਤਾਂ ਸ਼ਹੀਦੀ ਚਾਹੀਦੀ ਹੈ, ਭਾਵੇਂ ਬੰਦ ਬੰਦ ਕੱਟੋ ਭਾਵੇਂ ਕੋਈ ਹੋਰ ਢੰਗ ਵਰਤੋ।"

ਹਾੜ ਸੁਦੀ ਪੰਚਮੀ ਸੰਮਤ 1791 ਨੂੰ ਭਾਈ ਮਨੀ ਸਿੰਘ ਨੂੰ ਨੌਲੱਖੇ ਚੌਕ ਵਿਚ ਲੈ ਗਏ। ਉਥੇ ਪਹਿਲਾਂ ਹੀ ਹਜ਼ਾਰਾਂ ਇਸਤਰੀ ਪੁਰਸ਼ ਭਾਈ ਮਨੀ ਸਿੰਘ ਦੇ ਦਰਸ਼ਨ ਕਰਨ ਲਈ ਇਕੱਠੇ ਹੋਏ ਸਨ। ਸਿਪਾਹੀ ਭੀੜ ਨੂੰ ਧੱਕ-ਧੱਕ ਕੇ ਦੂਰ-ਦੂਰ ਕਰ ਰਹੇ ਸਨ। ਸਾਰੀ ਖਲਕਤ ਦੇ ਚਿਹਰੇ ਮੁਰਝਾਏ ਹੋਏ ਸਨ। ਸਾਰਿਆਂ ਦੀਆਂ ਅੱਖਾਂ ਵਿਚ ਹੰਝੂ ਸਨ, ਪਰ ਉਹ ਹੰਝੂ ਬਾਹਰ ਨਹੀਂ ਸੀ ਆ ਰਹੇ। ਉਨ੍ਹਾਂ ਦੇ ਹੰਝੂ ਵੀ ਸਹਿਮ ਕੇ ਸੁਕੜ ਗਏ ਸਨ।

ਭਾਈ ਮਨੀ ਸਿੰਘ ਜੀ ਨੂੰ ਮੈਦਾਨ ਦੇ ਵਿਚਕਾਰ ਬਿਠਾ ਦਿੱਤਾ ਗਿਆ। ਬੈਠਣ ਲੱਗਿਆਂ ਭਾਈ ਮਨੀ ਸਿੰਘ ਨੇ ਕਿਹਾ, "ਮੇਰੇ ਸੰਗਲ ਖੋਲ੍ਹ ਦੇਵੋ, ਮੈਂ ਭੱਜਣ ਵਾਲਾ ਨਹੀਂ, ਮੈਂ ਆਪ ਮਰਨ ਵਾਸਤੇ ਆਇਆ ਹਾਂ। ਮੈਂ ਆਪਣੇ ਦੇਸ਼, ਆਪਣੀ ਕੌਮ ਵਾਸਤੇ ਖੁਸ਼ੀ-ਖੁਸ਼ੀ ਮਰਨ ਨੂੰ ਤਿਆਰ ਹਾਂ। ਮੈਂ ਮੌਤ ਤੋਂ ਡਰਦਾ ਨਹੀਂ, ਕਿਉਂਕਿ ਮੌਤ ਤੋਂ ਬਾਅਦ ਹੀ 'ਪੂਰਨ ਪਰਮਾਨੰਦ' ਦੀ ਪ੍ਰਾਪਤੀ ਹੋਣੀ ਹੈ। ਮੈਂ ਭਾਗਾਂ ਵਾਲਾ ਹਾਂ ਕਿ ਮੈਂ ਆਪਣੇ ਧਰਮ ਅਤੇ ਕੌਮ ਵਾਸਤੇ ਸ਼ਹੀਦ ਹੋ ਰਿਹਾ ਹਾਂ।"

ਜਦ ਸੰਗਲ ਖੋਲ੍ਹ ਦਿੱਤੇ ਤਾਂ ਫਿਰ ਕਾਜ਼ੀ ਪਾਸ ਆਇਆ ਅਤੇ ਕਹਿਣ ਲੱਗਾ, "ਹੇ ਫਕੀਰ! ਹਾਲੇ ਵੀ ਵੇਲਾ ਹੈ, ਇਸਲਾਮ ਕਬੂਲ ਕਰ ਲੈ। ਮੁਫਤ ਵਿਚ ਆਪਣੀ ਜਾਨ ਨਾ ਗਵਾ।" ਭਾਈ ਮਨੀ ਸਿੰਘ ਕਹਿਣ ਲੱਗੇ, "ਮੈਨੂੰ ਜਾਪਦਾ ਏ ਕਿ ਕਾਜ਼ੀ, ਤੂੰ ਅੰਨ੍ਹਾਂ ਏਂ, ਤੂੰ ਇਕ ਸੱਚਾ ਮੁਸਲਮਾਨ ਵੀ ਨਹੀਂ ਏਂ। ਤੇਰੀਆਂ ਅੱਖਾਂ ਵਿਚ ਕੇਵਲ ਲਾਲਚ ਈਰਖਾ ਅਤੇ ਹਉਮੈ ਦਾ ਵਾਸਾ ਹੈ। ਅਸੀਂ ਤਾਂ ਆਪਣੀ ਮਰਜ਼ੀ ਨਾਲ



ਪ੍ਰਸੰਨਤਾ ਨਾਲ ਪਰਮਾਤਮਾ ਦੇ ਘਰ ਜਾ ਰਹੇ ਹਾਂ, ਪਰ ਤੂੰ ਵਿਚ ਆ ਕੇ ਰੁਕਾਵਟ ਪਾਉਂਦਾ ਏਂ। ਇਨ੍ਹਾਂ ਜਲਾਦਾਂ ਤੋਂ ਦੂਰ ਹੋ ਜਾ।"

ਕਾਜ਼ੀ ਇਹ ਗੱਲ ਸੁਣ ਕੇ ਪਿਛਾਂਹ ਹਟ ਗਿਆ। ਫਿਰ ਜਲਾਦ ਨੇੜੇ ਆ ਗਏ। ਭਾਈ ਮਨੀ ਸਿੰਘ ਉਨ੍ਹਾਂ ਨੂੰ ਕਹਿਣ ਲੱਗੇ, "ਜਿਵੇਂ ਤੁਹਾਨੂੰ ਹੁਕਮ ਹੋਇਆ ਹੈ, ਬੰਦ ਬੰਦ ਹੀ ਕੱਟਣਾ ਹੈ।"

ਫਿਰ ਉਹ ਅੰਤਰ ਧਿਆਨ ਹੋ ਗਏ ਅਤੇ ਆਪਣੀ ਸੁਰਤ ਉਨ੍ਹਾਂ ਪ੍ਰਭੂ ਨਾਲ ਜੋੜ ਲਈ। ਜਲਾਦ ਨੇ ਪਹਿਲਾਂ ਉਂਗਲੀਆਂ ਦੇ ਪੋਟਿਆਂ ਤੋਂ ਕੱਟਣਾ ਆਰੰਭ ਕੀਤਾ ਪਰ ਭਾਈ ਮਨੀ ਸਿੰਘ ਨੇ ਸੀਅ ਤਕ ਨਾ ਕੀਤੀ। ਉਨ੍ਹਾਂ ਦੀ ਸੁਰਤ ਪ੍ਰਭੂ ਨਾਲ ਲੱਗੀ ਹੋਈ ਸੀ। ਇਸ ਲਈ ਉਹ ਕਿਸੇ ਪ੍ਰਕਾਰ ਦੇ ਦੁੱਖ ਜਾਂ ਦਰਦ ਤੋਂ ਉਚੇਚੇ ਸ਼ਾਂਤ ਚਿਤ ਟਿਕਾਉ ਵਿਚ ਸਨ। ਜਦ ਹੱਥ ਪੈਰ ਕੱਟੇ ਗਏ ਤਾਂ ਜਲਾਦਾਂ ਨੇ ਉਨ੍ਹਾਂ ਦਾ ਸੀਸ ਲਾਹ ਦਿੱਤਾ। ਭਾਈ ਮਨੀ ਸਿੰਘ ਦੇ ਪੰਜ ਭੂਤਕ ਸਰੀਰ ਵਿਚੋਂ ਪਵਿੱਤਰ ਆਤਮਾ ਨਿਕਲ ਕੇ ਪਰਮ ਆਤਮਾ ਵਿਚ ਸਮਾ ਗਈ।

ਭਾਈ ਮਨੀ ਸਿੰਘ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਭਰਾ ਜਗਤ ਸਿੰਘ ਅਤੇ ਦੋਵਾਂ ਪੁੱਤਰਾਂ ਗੁਰਬਖਸ਼ ਸਿੰਘ ਅਤੇ ਚਿੱਤਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਦੂਸਰੇ ਸਿੰਘ ਜਿਹੜੇ ਉਨ੍ਹਾਂ ਨਾਲ ਗ੍ਰਿਫਤਾਰ ਕਰ ਕੇ ਲਿਆਂਦੇ ਗਏ ਸਨ ਉਨ੍ਹਾਂ ਵਿੱਚੋਂ ਭਾਈ ਗੁਲਜਾਰਾ ਸਿੰਘ ਦੀ ਪੁੱਠੀ ਖੱਲ ਲਾਹੀ ਗਈ ਅਤੇ ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਚਰਖੜੀ 'ਤੇ ਚਾੜ੍ਹਿਆ। ਜਿਹੜੇ ਹੋਰ ਸਿੰਘਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਉਹ ਸਨ— ਮੋਹਕਮ ਸਿੰਘ, ਚੈਨ ਸਿੰਘ, ਕੀਰਤ ਸਿੰਘ, ਆਲਮ ਸਿੰਘ, ਆਉਲੀਆ ਸਿੰਘ, ਸੰਗਤ ਸਿੰਘ ਅਤੇ ਕਾਨ੍ਹ ਸਿੰਘ।

ਕਈ ਲੋਕਾਂ ਦਾ ਵਿਚਾਰ ਹੈ ਕਿ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ ਵਾਰ ਅੰਗ ਛੇਦ ਕੀਤੀ ਸੀ ਇਸ ਲਈ ਸੰਗਤ ਨੇ ਉਨ੍ਹਾਂ ਨੂੰ ਸਰਾਪ ਦਿੱਤਾ ਸੀ ਕਿ ਉਹ ਅੰਗ-ਅੰਗ ਕਟਵਾ ਕੇ ਸ਼ਹੀਦ ਹੋਣਗੇ। ਪਰ ਇਸ ਤੱਥ ਵਿਚ ਕੋਈ ਸਚਾਈ ਨਹੀਂ ਹੈ। ਇਹ ਗੱਲ ਠੀਕ ਹੈ ਕਿ ਭਾਈ ਮਨੀ ਸਿੰਘ ਨੇ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦਾ ਇਕੱਠਾ ਸੰਪਾਦਨ ਵੀ ਕੀਤਾ ਹੈ। ਇਸ ਗ੍ਰੰਥ ਵਿਚ ਹਰ ਗੁਰੂ ਸਾਹਿਬ ਦੀ ਬਾਣੀ ਇਕੱਠੀ ਕਰ ਲਈ ਗਈ ਹੈ ਅਤੇ ਇਕ ਥਾਂ ਲਿਖ ਦਿੱਤੀ ਗਈ ਹੈ ਅਤੇ ਉਸ ਨੂੰ ਗੁਰੂ ਕ੍ਰਮ ਅਨੁਸਾਰ ਰੱਖਿਆ ਗਿਆ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਦੀ ਸਾਰੀ ਬਾਣੀ ਦਿੱਤੀ ਗਈ ਹੈ ਅਤੇ ਬਾਅਦ ਭਗਤਾਂ ਦੀ ਬਾਣੀ ਦਿੱਤੀ ਗਈ ਹੈ। ਹਰ ਭਗਤ ਦੀ ਪੂਰੀ ਬਾਣੀ ਇਕ ਥਾਂ ਇਕੱਠੀ ਕਰ ਦਿੱਤੀ ਗਈ ਹੈ। ਜਿਥੇ ਆਦਿ ਗ੍ਰੰਥ ਵਿਚ ਮਹਲਾ 1, ਮਹਲਾ 2 ਆਉਂਦਾ ਹੈ ਉਥੇ ਇਸ ਗ੍ਰੰਥ ਵਿਚ ਪਾਤਸ਼ਾਹੀ 1, 2, 3, 4, 5, 9 ਅਤੇ 10 ਲਿਖਿਆ ਗਿਆ ਹੈ। ਇਸ ਬੀੜ ਵਿਚ ਕੁਝ ਵਾਧੂ ਬਾਣੀਆਂ ਵੀ ਦਰਜ ਹਨ। ਇਸ ਬੀੜ ਦੇ ਇਤਿਹਾਸ ਬਾਰੇ ਲਿਖਦੇ ਹਨ ਕਿ ਇਹ ਬੀੜ ਪਹਿਲਾਂ ਭਾਈ ਮਗਨ ਸਿੰਘ ਗ੍ਰੰਥੀ, ਤਖਤ ਸ੍ਰੀ ਹਜ਼ੂਰ ਸਾਹਿਬ ਪਾਸ ਹੁੰਦੀ ਸੀ। ਪਰ ਉਨ੍ਹਾਂ ਪਾਸੋਂ ਰਾਜਾ ਗੁਲਾਬ ਸਿੰਘ ਸੇਠੀ ਲਾਹੌਰ ਵਾਲੇ ਛਾਪਣ ਹਿਤ ਲੈ ਆਏ। ਇਸ ਦਾ ਛਪਿਆ ਉਤਾਰਾ ਤਾਂ ਕੋਈ ਨਹੀਂ ਮਿਲਦਾ ਪਰ ਉਹ ਖਰੜਾ ਉਨ੍ਹਾਂ ਦੇ ਵਾਰਸਾਂ ਪਾਸ ਦਿੱਲੀ ਵਿਖੇ ਮੌਜੂਦ ਹੈ।